20-SEP-PAGE-1.qxd 9/19/2024 10:51 PM Page 1

ਸ਼ੁੱਕਰਵਾਰ, 20 ਸਤੰਬਰ, 2024
5 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 110

# ਨਵਾਂ ਜ਼ਮਾਨਾ

DAILY NAWAN ZAMANA • FRIDAY, 20 SEPTEMBER, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV
ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬਿੱਟੂ ਖਿਲਾਫ ਕਰਨਾਟਕ 'ਚ ਐੱਫ ਆਈ ਆਰ ਦਰਜ



**ਬੇਂਗਲੁਰੂ** : ਰਾਹੁਲ ਗਾਂਧੀ ਵੱਲੋਂ ਭਾਰਤ ਵਿਚ ਸਿੱਖਾਂ ਦੀ ਸਥਿਤੀ ਬਾਰੇ ਅਮਰੀਕਾ ਵਿਚ ਦਿੱਤੇ ਬਿਆਨ 'ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਉਨ੍ਹਾ ਵਿਰੁੱਧ ਕੀਤੀ ਗਈ ਟਿੱਪਣੀ ਨੂੰ ਲੈ ਕੇ ਕਰਨਾਟਕ ਪ੍ਰਦੇਸ਼ ਕਾਂਗਰਸ ਕਮੇਟੀ ਦੇ ਇੱਕ ਅਧਿਕਾਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਧਾਰਾ 353 (2), 192 ਅਤੇ 196 ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਹੈ। ਇਸ ਤੋਂ ਪਹਿਲਾਂ ਬੁੱਧਵਾਰ ਕਾਂਗਰਸ ਪਾਰਟੀ ਨੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਸਮੇਤ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਦੇ ਚਾਰ ਆਗੂਆਂ ਵਿਰੁੱਧ ਦਿੱਲੀ 'ਚ ਪੁਲਸ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਐੱਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ ਸੀ।

## ਮਾਲ ਗੱਡੀ ਦੇ 25 ਡੱਬੇ ਲੀਹੋਂ ਲੱਥੇ



**ਮਥੁਰਾ** : ਇੱਥੇ ਬੁੱਧਵਾਰ ਰਾਤ ਕੋਲੇ ਨਾਲ ਭਰੀ ਮਾਲ ਗੱਡੀ ਦੇ 25 ਡੱਬੇ ਲੀਹ ਤੋਂ ਉਤਰ ਗਏ। ਇਸ ਕਾਰਨ ਤਿੰਨ ਰੇਲ ਲਾਈਨਾਂ ਬੰਦ ਹੋ ਗਈਆਂ। ਡੀ ਆਰ ਐੱਮ ਆਗਰਾ ਡਵੀਜ਼ਨ ਤੇਜ ਪ੍ਰਕਾਸ਼ ਅਗਰਵਾਲ ਨੇ ਕਿਹਾ ਕਿ ਗੱਡੀ ਦੇ ਲੀਹ ਤੋਂ ਉਤਰਨ ਸੰਬੰਧੀ ਰਾਤ 8.12 ਵਜੇ ਦੇ ਕਰੀਬ ਸੂਚਨਾ ਮਿਲੀ। ਗੱਡੀ ਦੇ ਪਟੜੀ ਤੋਂ ਉਤਰਨ ਨੂੰ ਲੈ ਕੇ ਕਾਂਗਰਸ ਨੇ ਰੇਲ ਮੰਤਰੀ ਨੂੰ ਘੇਰਦੇ ਹੋਏ ਆਪਣੇ 'ਐਕਸ' ਹੈਂਡਲ 'ਤੇ ਲਿਖਿਆ—'ਰੇਲ ਮੰਤਰੀ ਜੀ, ਇਕ ਹੋਰ 'ਛੋਟੀ ਘਟਨਾ' ਹੋ ਗਈ ਹੈ। ਯੂ ਪੀ ਦੇ ਮਥੁਰਾ 'ਚ ਮਾਲ ਗੱਡੀ ਦੇ ਕਈ ਡੱਬੇ ਪਟੜੀ ਤੋਂ ਉੱਤਰ ਗਏ ਹਨ ਅਤੇ ਇਹ ਖਬਰ ਤੁਹਾਡੇ ਤੱਕ ਜ਼ਰੂਰ ਪਹੁੰਚੀ ਹੋਵੇਗੀ, ਤਾਂ ਕੀ ਹੋਇਆ, ਪੈਂਦੀ ਸੱਟੇ ਰੀਲ ਬਣਾ ਲਓ।

## ਭਾਜਪਾ ਵੱਲੋਂ ਬੀਬੀਆਂ ਨੂੰ ਕਾਂਗਰਸ ਨਾਲੋਂ 100 ਰੁਪਏ ਵੱਧ ਦੇਣ ਦਾ ਵਾਅਦਾ

**ਰੋਹਤਕ** : ਭਾਜਪਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਵੀਰਵਾਰ ਸੰਕਲਪ ਪੱਤਰ ਜਾਰੀ ਕਰਦਿਆਂ ਔਰਤਾਂ ਨੂੰ 'ਲਾਡੋ ਲਕਸ਼ਮੀ ਯੋਜਨਾ' ਤਹਿਤ ਹਰ ਮਹੀਨੇ 2100 ਰੁਪਏ ਨਕਦ ਉਤਸ਼ਾਹ ਰਾਸ਼ੀ ਦੇਣ, ਸਾਰੀਆਂ 24 ਫਸਲਾਂ ਲਈ ਐੱਮ ਐੱਸ ਪੀ ਨੂੰ ਜਾਰੀ ਰੱਖਣ ਅਤੇ ਅਗਨੀਵੀਰਾਂ ਨੂੰ ਰੁਜ਼ਗਾਰ ਗਰੰਟੀ ਦੇਣ ਦੇ ਨਾਲ ਹੀ ਨੌਜਵਾਨਾਂ ਲਈ ਦੋ ਲੱਖ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। ਰਸੋਈ ਗੈਸ ਸਿਲੰਡਰ 500 ਰੁਪਏ ਵਿਚ ਦੇਣ ਤੇ ਪੇਂਡੂ ਖੇਤਰਾਂ ਦੀਆਂ ਵਿਦਿਆਰਥਣਾਂ ਨੂੰ ਸਕੂਟਰ ਦੇਣ ਦੀ ਗੱਲ ਵੀ ਕਹੀ ਗਈ ਹੈ। 'ਹਰਿਆਣਾ ਨੌਨ-ਸਟੌਪ' ਦੇ ਨਾਅਰੇ ਤਹਿਤ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ 5 ਅਕਤੂਬਰ ਨੂੰ ਹੋਣ ਵਾਲੀਆਂ ਅਸੰਬਲੀ ਚੋਣਾਂ ਲਈ ਪਾਰਟੀ ਦਾ 20-ਨੁਕਾਤੀ 'ਸੰਕਲਪ ਪੱਤਰ' ਜਾਰੀ ਕੀਤਾ। ਇਕ ਦਿਨ ਪਹਿਲਾਂ ਹੀ ਕਾਂਗਰਸ ਨੇ ਔਰਤਾਂ ਨੂੰ ਮਾਸਕ 2000 ਰੁਪਏ ਅਤੇ ਸਾਰਿਆਂ ਨੂੰ ਘਰ ਦੇਣ ਦੀ ਗੱਲ ਕਹੀ ਸੀ।

## ਭਾਜਪਾ ਨੂੰ ਝਟਕਾ, ਧਮੀਜਾ ਕਾਂਗਰਸ 'ਚ

**ਕਰਨਾਲ** : ਭਾਜਪਾ ਨੂੰ ਵੱਡਾ ਝਟਕਾ ਦਿੰਦਿਆਂ ਸੀਨੀਅਰ ਆਗੂ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਧਮੀਜਾ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਉਨ੍ਹਾ ਸੂਬੇ ਦੇ ਕਈ ਪ੍ਰਮੁੱਖ ਨੇਤਾਵਾਂ ਦੇ ਨਾਲ ਰੋਹਤਕ 'ਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਮੌਜੂਦਗੀ 'ਚ ਕਾਂਗਰਸ ਵਿਚ ਸ਼ਮੂਲੀਅਤ ਕੀਤੀ। ਲੋਹਗੜ੍ਹ ਟਰੱਸਟ ਦੇ ਚੇਅਰਮੈਨ ਧਮੀਜਾ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਡਰੀਮ ਪ੍ਰੋਜੈਕਟ ਲੋਹਗੜ੍ਹ ਖਾਲਸਾ ਰਾਜਧਾਨੀ ਦੇ ਨਜ਼ਰਅੰਦਾਜ਼ ਹੋਣ ਕਾਰਨ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਧਮੀਜਾ ਨੇ ਹੁੱਡਾ ਨਾਲ ਆਪਣੇ ਲੰਬੇ ਸਮੇਂ ਦੇ ਸੰਬੰਧਾਂ ਬਾਰੇ ਵੀ ਚਰਚਾ ਕੀਤੀ। ਧਮੀਜਾ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਡਿਪਟੀ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਅਤੇ ਉਨ੍ਹਾ ਹੁੱਡਾ ਵੱਲੋਂ ਕੁਰੂਕਸ਼ੇਤਰ ਯੂਨੀਵਰਸਿਟੀ 'ਚ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਅ 'ਤੇ ਚੇਅਰ ਸਥਾਪਤ ਕਰਨ ਦੀ ਸ਼ਲਾਘਾ ਕੀਤੀ ਸੀ।

# ਡੀ ਐੱਸ ਪੀ ਨੂੰ ਫੜਨ ਲਈ ਰੈੱਡ ਅਲਰਟ



**ਅੰਮ੍ਰਿਤਸਰ** : ਫਾਰਮਾ ਡਰੱਗ ਕੇਸ ਵਿਚ 45 ਲੱਖ ਰੁਪਏ ਦੇ ਰਿਸ਼ਵਤ ਖਾਣ ਦੇ ਦੋਸ਼ ਵਿਚ ਪੰਜਾਬ ਪੁਲਸ ਦੇ ਡੀ ਐੱਸ ਪੀ ਵਵਿੰਦਰ ਕੁਮਾਰ ਮਹਾਜਨ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਪਰ ਉਹ ਹੱਥ ਨਹੀਂ ਲੱਗਾ। ਦੋਸ਼ ਹੈ ਕਿ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) ਵਿਚ ਹੋਣ ਵੇਲੇ ਉਸ ਨੇ ਬੱਦੀ ਦੀ ਐਸਟਰ ਫਾਰਮਾ ਨੂੰ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟਾਂਸਿਸ (ਐੱਨ ਡੀ ਪੀ ਐੱਸ) ਐਕਟ ਦੇ ਕੇਸ ਵਿਚ ਫਸਣ ਤੋਂ ਬਚਾਉਣ ਲਈ ਰਿਸ਼ਵਤ ਲਈ ਸੀ।

ਏ ਐੱਨ ਟੀ ਐੱਫ ਦੀ ਟੀਮ ਨੇ ਉਸ ਨੂੰ ਫੜਨ ਲਈ ਬੁੱਧਵਾਰ ਉਸ ਦੇ ਅੰਮ੍ਰਿਤਸਰ ਮਜੀਠਾ ਰੋਡ ਸਥਿਤ ਘਰ ਵਿਚ ਛਾਪਾ ਮਾਰਿਆ ਸੀ, ਪਰ ਉਹ ਹੱਥ ਨਹੀਂ ਲੱਗਾ। ਇਸ ਵੇਲੇ ਉਹ 5 ਆਈ ਆਰ ਬੀ ਦੇ ਅੰਮ੍ਰਿਤਸਰ ਹੈੱਡਕੁਆਰਟਰ ਵਿਚ ਤਾਇਨਾਤ ਹੈ। ਏ ਐੱਨ ਟੀ ਐੱਫ ਦੇ ਅਧਿਕਾਰੀ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਤੋਂ ਪਤਾ ਲੱਗਾ ਕਿ ਉਹ ਛਾਪੇ ਤੋਂ 20 ਕੁ ਮਿੰਟ ਪਹਿਲਾਂ ਖਿਸਕ ਗਿਆ। ਉਸ ਦੀ ਗ੍ਰਿਫਤਾਰੀ ਨੂੰ ਲੈ ਕੇ ਅੰਮ੍ਰਿਤਸਰ ਬਾਰਡਰ ਰੇਂਜ ਵਿਚ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ।

ਉਸ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਤੇ ਐੱਨ ਡੀ ਪੀ ਐੱਸ ਐਕਟ ਤਹਿਤ ਮੰਗਲਵਾਰ ਮੁਹਾਲੀ ਦੇ ਸਪੈਸ਼ਲ ਟਾਸਕ ਫੋਰਸ ਪੁਲਸ ਥਾਣੇ ਵਿਚ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਪਤਾ ਲੱਗਾ ਹੈ ਕਿ ਪਿਛਲੇ ਹਫਤੇ ਡਰੱਗ ਇੰਸਪੈਕਟਰ ਸ਼ੀਸ਼ਾਨ ਮਿੱਤਲ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਤੋਂ ਪੁੱਛਗਿੱਛ ਵਿਚ ਡੀ ਐੱਸ ਪੀ ਦਾ ਰੋਲ ਸਾਹਮਣੇ ਆਇਆ। ਮਿੱਤਲ 'ਤੇ ਦੋਸ਼ ਹੈ ਕਿ ਉਹ ਨਸ਼ੀਲੇ ਪਦਾਰਥਾਂ ਤੇ ਦਵਾਈਆਂ ਦੀ ਸਮੱਗਲਿੰਗ ਅਤੇ ਮਨੀ ਲਾਂਡਰਿੰਗ ਵਿਚ ਮਦਦਗਾਰ ਵਜੋਂ ਵਿਚਰਦਾ ਰਿਹਾ। ਏ ਐੱਨ ਟੀ ਐੱਫ ਨੇ ਮਿੱਤਲ 'ਤੇ ਛਾਪੇ ਦੌਰਾਨ ਇਕ ਕਰੋੜ 49 ਲੱਖ ਰੁਪਏ ਨਕਦ, 260 ਗਰਾਮ ਸੋਨਾ ਤੇ 515 ਦਿਰਹਾਮ ਫੜੇ ਸਨ। ਉਸ ਵੱਲੋਂ ਗੈਰਕਾਨੂੰਨੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਦੀ ਵੀ ਪਛਾਣ ਕੀਤੀ ਗਈ ਹੈ। ਉਸ ਦਾ ਜ਼ੀਰਕਪੁਰ ਵਿਚ ਦੋ ਕਰੋੜ ਤੇ ਡੱਬਵਾਲੀ ਵਿਚ 40 ਲੱਖ ਦਾ ਪਲਾਟ ਦੱਸਿਆ ਜਾਂਦਾ ਹੈ।

ਏ ਐੱਨ ਟੀ ਐੱਫ ਦੇ ਬੁਲਾਰੇ ਮੁਤਾਬਕ ਕੇਸ ਵਿਚ ਡੀ ਐੱਸ ਪੀ ਮਹਾਜਨ ਤੋਂ ਇਲਾਵਾ ਲਖਨਊ ਦੇ ਅਖਿਲ ਜੈ ਸਿੰਘ ਦਾ ਨਾਂਅ ਵੀ ਸਾਹਮਣੇ ਆਇਆ ਹੈ। ਮਹਾਜਨ ਨਸ਼ਿਆਂ ਖਿਲਾਫ ਮੁਹਿੰਮ ਵਿਚ ਚਰਚਿਤ ਹੋਇਆ ਸੀ। ਉਸ ਨੇ 2020 ਵਿਚ ਸੁਲਤਾਨਵਿੰਡ ਪਿੰਡ ਵਿਚ 200 ਗਰਾਮ ਹੈਰੋਇਨ ਤੇ ਹੋਰ ਨਸ਼ਾ ਫੜਿਆ ਸੀ।

## ਕੰਗਨਾ ਦੀ ਫਿਲਮ ਬਾਰੇ 25 ਤੱਕ ਫੈਸਲਾ ਕਰਨ ਦੀ ਹਦਾਇਤ

**ਮੁੰਬਈ** : ਬੰਬੇ ਹਾਈ ਕੋਰਟ ਨੇ ਵੀਰਵਾਰ ਕਿਹਾ ਕਿ ਰਚਨਾਤਮਕ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਸੈਂਸਰ ਬੋਰਡ ਕਿਸੇ ਫਿਲਮ ਨੂੰ ਸਿਰਫ ਇਸ ਲਈ ਪ੍ਰਮਾਣਤ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਕਾਨੂੰਨ ਵਿਵਸਥਾ ਦੀ ਗੜਬੜ ਦਾ ਖਦਸ਼ਾ ਹੈ। ਜਸਟਿਸ ਬੀ ਪੀ ਕੋਲਾਬਾਵਾਲਾ ਅਤੇ ਫਿਰਦੌਸ ਪੂਨੀਵਾਲਾ ਦੀ ਡਵੀਜ਼ਨ ਬੈਂਚ ਨੇ ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਨੂੰ ਸਰਟੀਫਿਕੇਟ ਜਾਰੀ ਕਰਨ 'ਤੇ ਫੈਸਲਾ ਨਾ ਲੈਣ 'ਤੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ ਬੀ ਐੱਫ ਸੀ) 'ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਇਸ 'ਤੇ 25 ਸਤੰਬਰ ਤੱਕ ਫੈਸਲਾ ਲੈਣ ਦਾ ਆਦੇਸ਼ ਦਿੱਤਾ। ਕੋਰਟ ਨੇ ਪੁੱਛਿਆ ਕਿ ਸੀ ਬੀ ਐਫ ਸੀ ਸੋਚਦਾ ਹੈ ਕਿ ਕੀ ਇਸ ਦੇਸ਼ ਦੇ ਲੋਕ ਇੰਨੇ ਭੋਲੇ ਹਨ ਕਿ ਫਿਲਮ 'ਚ ਦਿਖਾਈ ਗਈ ਹਰ ਚੀਜ਼ 'ਤੇ ਵਿਸ਼ਵਾਸ ਕਰਨਗੇ। ਬੈਂਚ ਨੇ ਕਿਹਾ ਕਿ ਸੀ ਬੀ ਐਫ ਸੀ ਨੂੰ ਇੱਕ ਜਾਂ ਦੂਜੇ ਤਰੀਕੇ ਨਾਲ ਫੈਸਲਾ ਲੈਣਾ ਪਵੇਗਾ। ਤੁਹਾਡੇ 'ਚ ਇਹ ਕਹਿਣ ਦੀ ਹਿੰਮਤ ਹੋਣੀ ਚਾਹੀਦੀ ਹੈ ਕਿ ਇਹ ਫਿਲਮ ਰਿਲੀਜ਼ ਨਹੀਂ ਹੋ ਸਕਦੀ, ਘੱਟੋ-ਘੱਟ ਤਦ ਅਸੀਂ ਤੁਹਾਡੀ ਹਿੰਮਤ ਅਤੇ ਦਲੇਰੀ ਦੀ ਕਦਰ ਕਰਾਂਗੇ।

## ਜੰਮੂ-ਕਸ਼ਮੀਰ ਦੇ ਨੌਜਵਾਨ ਹੁਣ ਲਾਚਾਰ ਨਹੀਂ ਰਹੇ : ਮੋਦੀ

**ਸ੍ਰੀਨਗਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਕਿਹਾ ਕਿ ਜੰਮੂ-ਕਸ਼ਮੀਰ ਦੇ ਨੌਜਵਾਨਾਂ ਦਾ ਲੋਕਤੰਤਰ ਵਿਚ ਭਰੋਸਾ ਬਹਾਲ ਹੋਇਆ ਹੈ ਅਤੇ ਉਹ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦੀ ਵੋਟ ਤਬਦੀਲੀ ਲਿਆ ਸਕਦੀ ਹੈ। ਇਹ ਉਨ੍ਹਾਂ ਦੇ ਸ਼ਕਤੀਕਰਨ ਦੀ ਦਿਸ਼ਾ ਵਿਚ ਪਹਿਲਾ ਕਦਮ ਹੈ। ਇੱਥੇ ਸ਼ੇਰ-ਏ-ਕਸ਼ਮੀਰ ਸਟੇਡੀਅਮ ਵਿਚ ● ਬਾਕੀ ਸਫ਼ਾ 2 'ਤੇ

# ਭਾਰਤੀ ਗੋਲੇ ਯੂਕਰੇਨ ਕੋਲ ਪੁੱਜਣ ਤੋਂ ਰੂਸ ਨਾਰਾਜ਼

**ਨਵੀਂ ਦਿੱਲੀ** : ਭਾਰਤੀ ਹਥਿਆਰ ਨਿਰਮਾਤਾਵਾਂ ਵੱਲੋਂ ਵੇਚੇ ਗਏ ਤੋਪਾਂ ਦੇ ਗੋਲਿਆਂ ਨੂੰ ਉਨ੍ਹਾਂ ਦੇ ਯੂਰਪੀ ਗਾਹਕਾਂ ਨੇ ਰੂਸ ਖਿਲਾਫ ਜੰਗ ਵਿਚ ਵਰਤਣ ਵਾਸਤੇ ਯੂਕਰੇਨ ਨੂੰ ਭੇਜ ਦਿੱਤਾ ਅਤੇ ਰੂਸ ਵੱਲੋਂ ਇਸ ਦੇ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਭਾਰਤ ਨੇ ਇਸ ਕਾਰਵਾਈ ਨੂੰ ਰੋਕਣ ਲਈ ਕੋਈ ਦਖਲ ਨਹੀਂ ਦਿੱਤਾ। ਵਿਦੇਸ਼ੀ ਖਬਰ ਏਜੰਸੀ 'ਰਾਇਟਰਜ਼' ਨੇ ਆਪਣੀ ਖਾਸ ਰਿਪੋਰਟ ਵਿਚ ਦਾਅਵਾ ਕੀਤਾ ਕਿ ਇਹ ਖੁਲਾਸਾ ਭਾਰਤੀ ਤੇ ਯੂਰਪੀ ਅਧਿਕਾਰੀਆਂ ਤੇ ਰੱਖਿਆ ਸਨਅਤ ਨਾਲ ਜੁੜੇ ਸੂਤਰਾਂ ਵੱਲੋਂ ਕੀਤਾ ਗਿਆ ਹੈ ਅਤੇ ਏਜੰਸੀ ਦੇ ਆਪਣੇ ਵਿਸ਼ਲੇਸ਼ਣ ਵਿਚ ਵੀ ਇਹ ਗੱਲ ਉੱਭਰ ਕੇ ਆਈ ਹੈ। ਸੂਤਰਾਂ ਤੇ ਗਾਹਕਾਂ ਦੇ ਵੇਰਵਿਆਂ ਤੋਂ ਪਤਾ ਲੱਗਾ ਹੈ ਕਿ ਯੂਕਰੇਨ ਨੂੰ ਰੂਸ ਖਿਲਾਫ ਜੰਗ ਵਿਚ ਯੂਰਪੀ ਮੁਲਕਾਂ ਵੱਲੋਂ ਦਿੱਤੀ ਜਾ ਰਹੀ ਮਦਦ ਦੇ ਹਿੱਸੇ ਵਜੋਂ ਯੂਕਰੇਨ ਨੂੰ ਭਾਰਤੀ ਅਸਲੇ ਦੀ ਇਹ ਸਪਲਾਈ ਬੀਤੇ ਕਰੀਬ ਇਕ ਸਾਲ ਤੋਂ ਜਾਰੀ ਹੈ। ਗੌਰਤਲਬ ਹੈ ਕਿ ਭਾਰਤ ਦੇ ਹਥਿਆਰਾਂ ਦੀ ਬਰਾਮਦ ਸੰਬੰਧੀ ਨਿਯਮ ਸਾਫ ਤੌਰ 'ਤੇ ਵੇਚੇ ਗਏ ਹਥਿਆਰਾਂ ਨੂੰ ਇਨ੍ਹਾਂ ਦੇ ਐਲਾਨੀਆ ਗਾਹਕਾਂ ਤੋਂ ਇਲਾਵਾ ਕਿਸੇ ਹੋਰ ਵੱਲੋਂ ਵਰਤੇ ਜਾਣ ਦੀ ਮਨਾਹੀ ਕਰਦੇ ਹਨ ਅਤੇ ਗਾਹਕਾਂ ਵੱਲੋਂ ਅਜਿਹਾ ਕੀਤੇ ਜਾਣ 'ਤੇ ਉਨ੍ਹਾਂ ਨੂੰ ਭਵਿੱਖ ਵਿਚ ਹਥਿਆਰ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਹੈ।

ਤਿੰਨ ਭਾਰਤੀ ਅਧਿਕਾਰੀਆਂ ਮੁਤਾਬਕ ਮਾਸਕੋ ਨੇ ਘੱਟੋ-ਘੱਟ ਦੋ ਵਾਰ ਇਹ ਮਾਮਲਾ ਭਾਰਤ ਕੋਲ ਉਠਾਇਆ ਹੈ, ਜਿਨ੍ਹਾਂ ਵਿਚ ਬੀਤੇ ਜੁਲਾਈ 'ਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਹੋਈ ਮੀਟਿੰਗ ਵੀ ਸ਼ਾਮਲ ਹੈ। ਇਸ ਸੰਬੰਧੀ ਟਿੱਪਣੀ ਲਈ ਖਬਰ ਏਜੰਸੀ ਵੱਲੋਂ ਸੰਪਰਕ ਕੀਤੇ ਜਾਣ 'ਤੇ ਭਾਰਤੀ ਅਤੇ ਰੂਸੀ ਰੱਖਿਆ ਮੰਤਰਾਲਿਆਂ ਨੇ ਕੋਈ ਜਵਾਬ ਨਹੀਂ ਦਿੱਤਾ। ਬੀਤੇ ਜਨਵਰੀ ਮਹੀਨੇ ਵਿਚ ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਭਾਰਤ ਨੇ ਯੂਕਰੇਨ ਨੂੰ ਨਾ ਤਾਂ ਤੋਪਾਂ ਦੇ ਗੋਲੇ ਵੇਚੇ ਹਨ ਅਤੇ ਨਾ ਹੀ ਭੇਜੇ ਹਨ। ਭਾਰਤ ਸਰਕਾਰ ਤੇ ਰੱਖਿਆ ਸਨਅਤ ਨਾਲ ਸੰਬੰਧਤ ਦੋ-ਦੋ ਸੂਤਰਾਂ ਨੇ ਦੱਸਿਆ ਕਿ ਯੂਕਰੇਨ ਵਿਚ ਵਰਤੇ ਜਾ ਰਹੇ ਅਸਲੇ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਭਾਰਤ ਵੱਲੋਂ ਬਣਾਇਆ ਜਾਂਦਾ ਹੈ। ਇਕ ਅਧਿਕਾਰੀ ਨੇ ਕਿਹਾ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਯੂਕਰੇਨ ਵੱਲੋਂ ਦਰਾਮਦ ਕੀਤੇ ਗਏ ਅਸਲੇ ਵਿਚ ਭਾਰਤੀ ਅਸਲੇ ਦਾ ਹਿੱਸਾ ਮਹਿਜ਼ 1 ਫੀਸਦੀ ਵੀ ਨਹੀਂ ਬਣਦਾ।

# ਜੱਜ 'ਤੇ ਮਾਣਹਾਨੀ ਤੇ ਇੱਕ ਕਰੋੜ ਦੇ ਹਰਜਾਨੇ ਦਾ ਮੁਕੱਦਮਾ

**ਗੁਰੂਗ੍ਰਾਮ** : ਇੱਥੋਂ ਦੇ ਸਾਬਕਾ ਪੁਲਸ ਕਮਿਸ਼ਨਰ ਕ੍ਰਿਸ਼ਨ ਕੁਮਾਰ ਰਾਓ ਨੇ ਅਦਾਲਤ 'ਚ ਆਪਣੇ ਵਿਰੁੱਧ ਕੀਤੀ ਗਈ ਟਿੱਪਣੀ ਲਈ ਇੱਕ ਜੱਜ ਵਿਰੁੱਧ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ ਅਤੇ 1 ਕਰੋੜ ਰੁਪਏ ਹਰਜਾਨੇ ਦੀ ਮੰਗ ਕੀਤੀ ਹੈ। ਇਹ ਮੁਕੱਦਮਾ ਸੋਮਵਾਰ ਨੂੰ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਵਿਕਰਮਜੀਤ ਸਿੰਘ ਦੀ ਅਦਾਲਤ 'ਚ ਦਾਇਰ ਕੀਤਾ ਗਿਆ ਸੀ ਅਤੇ ਉਸੇ ਦਿਨ ਸੁਣਵਾਈ ਹੋਈ।

ਅਦਾਲਤ ਨੇ 21 ਨਵੰਬਰ ਨੂੰ ਇਸ ਮਾਮਲੇ ਦੀ ਮੁੜ ਸੁਣਵਾਈ ਦੀ ਤਰੀਕ ਤੈਅ ਕੀਤੀ ਹੈ। ਸੀਨੀਅਰ ਆਈ ਪੀ ਐਸ ਅਧਿਕਾਰੀ ਮੁਤਾਬਕ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਿਤ ਸਹਿਰਾਵਤ ਨੇ ਫਰਵਰੀ 2022 'ਚ ਦਿੱਤੇ ਆਦੇਸ਼ 'ਚ ਕਰੋੜਾਂ ਰੁਪਏ ਦੀ ਲੁੱਟ ਦੇ ਮਾਮਲੇ 'ਚ ਗੁਰੂਗ੍ਰਾਮ ਪੁਲਸ ਦੇ ਸਾਬਕਾ ਡਿਪਟੀ ਕਮਿਸ਼ਨਰ ਧੀਰਜ ਸੇਤੀਆ ਦੀ ਜ਼ਮਾਨਤ ਅਰਜ਼ੀ ਨੂੰ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਸੀ ਕਿ ਕਹਾਣੀ 'ਚ ਹੋਰ ਵੀ ਬਹੁਤ ਕੁਝ ਸੀ।

ਮਾਣਹਾਨੀ ਦੇ ਮੁਕੱਦਮੇ 'ਚ ਸੀਨੀਅਰ ਅਧਿਕਾਰੀ ਨੇ ਦਲੀਲ ਦਿੱਤੀ ਕਿ ਜੱਜ ਦੀਆਂ ਟਿੱਪਣੀਆਂ ਅਨੁਮਾਨਾਂ 'ਤੇ ਅਧਾਰਤ ਸਨ ਅਤੇ ਇਸ ਦਾ ਕੋਈ ਨਿਆਂਇਕ ਆਧਾਰ ਨਹੀਂ ਸੀ। ਉਨ੍ਹਾ ਕਿਹਾ ਕਿ ਘਟਨਾਵਾਂ ਬਾਰੇ ਉਸ ਦੀ ਅਣਗਹਿਲੀ ਸੰਬੰਧੀ ਟਿੱਪਣੀਆਂ ਨਿੱਜੀ ਸੁਭਾਅ ਦੀਆਂ ਸਨ ਅਤੇ ਜ਼ਮਾਨਤ ਦੀ ਅਰਜ਼ੀ ਦੇ ਫੈਸਲੇ ਨਾਲ ਸੰਬੰਧਤ ਨਹੀਂ ਸਨ। ਪਟੀਸ਼ਨ 'ਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਟਿੱਪਣੀਆਂ ਨੂੰ ਜੱਜ ਸੁਰੱਖਿਆ ਐਕਟ ਦੇ ਤਹਿਤ ਛੋਟ ਹਾਸਲ ਨਹੀਂ ਹੈ ਕਿਉਂਕਿ ਉਹ ਜੱਜ ਦੇ ਅਧਿਕਾਰਤ ਫਰਜ਼ਾਂ ਨਾਲ ਸੰਬੰਧਤ ਨਹੀਂ ਸਨ।

# ਮੰਡੀ ਗੋਬਿੰਦਗੜ੍ਹ 'ਚ ਬੀ ਐੱਮ ਡਬਲਿਊ ਦੇ ਪਾਰਟਸ ਬਣਨਗੇ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੂਬੇ ਵਿੱਚ ਨਿਵੇਸ਼ ਦੀ ਗਤੀ ਨੂੰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਮਾਡਰਨ ਆਟੋਮੋਟਿਵਜ਼ ਲਿਮਟਿਡ ਨੂੰ ਸੂਬੇ ਵਿੱਚ ਆਪਣੇ ਪ੍ਰਾਜੈਕਟ ਦਾ ਵਿਸਥਾਰ ਕਰਨ ਅਤੇ ਲਗਜ਼ਰੀ ਕਾਰਾਂ ਬਣਾਉਣ ਵਾਲੀ ਨਾਮੀ ਕੰਪਨੀ ਬੀ.ਐੱਮ.ਡਬਲਿਊ ਦੇ ਅਹਿਮ ਪਾਰਟਸ ਬਣਾਉਣ ਵਿੱਚ ਪੂਰਨ ਸਹਿਯੋਗ ਤੇ ਮਦਦ ਦਾ ਭਰੋਸਾ ਦਿੱਤਾ।

ਮਾਡਰਨ ਆਟੋਮੋਟਿਵ ਲਿਮਟਿਡ ਦੇ ਵਫ਼ਦ ਦੇ ਨੁਮਾਇੰਦਿਆਂ ਅਦਿੱਤਿਆ ਗੋਇਲ, ਸੁਹੇਲ ਗੋਇਲ ਅਤੇ ਮਨੀਸ਼ ਬੱਗਾ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਮਾਡਰਨ ਆਟੋਮੋਟਿਵ ਦੇਸ਼ ਦੀ ਪਹਿਲੀ ਕੰਪਨੀ ਹੈ, ਜਿਸ ਨੂੰ ਜਰਮਨ ਦੀ ਲਗਜ਼ਰੀ ਕਾਰ ਨਿਰਮਾਤਾ ਕੰਪਨੀ ਬੀ.ਐਮ.ਡਬਲਿਊ. ਏ.ਜੀ. ਮਿਊਨਿਖ ਵੱਲੋਂ ਪਿਨੀਓਨ ਸ਼ਾਫਟਾਂ ਡਲਿਵਰ ਕਰਨ ਲਈ ਪ੍ਰਵਾਨਗੀ ਪ੍ਰਾਪਤ ਹੋਈ ਹੈ। ਉਨ੍ਹਾ ਕਿਹਾ ਕਿ 150 ਕਰੋੜ ਰੁਪਏ ਦੀ ਕੀਮਤ ਵਾਲੇ 25 ਲੱਖ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਚਿੱਠੀ ਭਾਰਤ ਨੇ ਪਾਕਿ ਨੂੰ ਲਿਖੀ ਕਰੜੀ,
ਪਾਣੀ ਸਮਝੌਤੇ ਦੀ ਛੇੜੀ ਆ ਗੱਲ ਬੇਲੀ।
ਕੀਤਾ ਪਹਿਲਾ ਸਮਝੌਤਾ ਨਾ ਠੀਕ ਸੀਗਾ,
ਜਿਹੜਾ ਹਾਲੇ ਤੱਕ ਰਿਹਾ ਏ ਚੱਲ ਬੇਲੀ।
ਆਪਣੀ ਪੂਰੀ ਨਾ ਹੁੰਦੀ ਪਈ ਲੋੜ ਸਾਡੀ,
ਛੱਡੀਏ ਕਿਸ ਤਰ੍ਹਾਂ ਪਾਕਿ ਦੇ ਵੱਲ ਬੇਲੀ।
ਲਾ ਕੇ ਮੀਟਿੰਗ ਤੇ ਫੇਰ ਪੜਚੋਲ ਕਰੀਏ,
ਕੁਝ-ਕੁਝ ਔਕੜ ਦੇ ਕੱਢੀਏ ਹੱਲ ਬੇਲੀ।
ਸੁਖਾਲਾ ਮੰਨਣ ਨਾ ਕਦੀ ਹੈ ਪਾਕਿ ਲੱਗਾ,
ਸੋਚਣਾ ਕਹੂ, ਉਹ ਗੱਲ ਟਰਕਾਊ ਬੇਲੀ।
ਢੁੱਚਰ ਨਵੀਂ ਜਿਹੀ ਅੱਗਿਉਂ ਡਾਹੂ ਬੇਲੀ,
ਬਾਤ ਅਣਸੋਚੀ ਕੋਈ ਆ ਸੁਣਾਊ ਬੇਲੀ।

-ਤੀਸ ਮਾਰ ਖਾਂ

## ਮਾਨਾਂਵਾਲਾ ਟੋਲ ਪਲਾਜ਼ਾ ਕੀਤਾ ਫ੍ਰੀ

**ਅੰਮ੍ਰਿਤਸਰ** : ਕਿਸਾਨਾਂ ਨੇ ਇੱਕ ਵਾਰ ਫੇਰ ਤੋਂ ਮਾਨਾਂਵਾਲਾ ਟੋਲ ਪਲਾਜ਼ਾ ਵੀਰਵਾਰ ਸਵੇਰ ਤੋਂ ਲੋਕਾਂ ਲਈ ਫ੍ਰੀ ਕਰ ਦਿੱਤਾ। ਕਿਸਾਨਾਂ ਨੇ ਟੋਲ ਪਲਾਜ਼ਾ ਦੇ ਮੁਲਾਜ਼ਮਾਂ 'ਤੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਕਿਸਾਨ ਨਾਲ ਬਦਤਮੀਜ਼ੀ ਕੀਤੀ ਗਈ ਹੈ। ਏਨਾ ਹੀ ਨਹੀਂ, ਕਿਸਾਨ ਦਾ ਮੋਬਾਈਲ ਵੀ ਖੋਹ ਲਿਆ। ਕਿਸਾਨ ਪਰਾਲੀ ਦੀ ਟਰਾਲੀ ਨੂੰ ਲੈ ਕੇ ਟੋਲ ਪਲਾਜ਼ਾ 'ਚੋਂ ਲੰਘ ਰਿਹਾ ਸੀ ਕਿ ਟੋਲ ਪਲਾਜ਼ਾ ਵਾਲਿਆਂ ਨੇ ਟੋਲ ਕੱਟੇ ਬਿਨਾਂ ਨਾ ਜਾਣ ਦੀ ਗੱਲ ਆਖੀ, ਜਿਸ ਤੋਂ ਬਾਅਦ ਇਹ ਮਾਮਲਾ ਕਾਫੀ ਵਧ ਗਿਆ। ਕਿਸਾਨਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਤਾਂ ਸਰਕਾਰ ਕਹਿੰਦੀ ਹੈ ਕਿ ਪਰਾਲੀ ਨੂੰ ਅੱਗ ਨਹੀਂ ਲਾਉਣੀ, ਜਿਸ 'ਤੇ ਕਿਸਾਨ ਦੋ-ਦੋ ਹਜ਼ਾਰ ਰੁਪਏ ਦੇ ਕੇ ਪਰਾਲੀ ਚੁੱਕਵਾ ਕੇ ਫੈਕਟਰੀਆਂ 'ਚ ਭੇਜ ਰਹੇ ਹਨ ਤੇ ਦੂਜੇ ਪਾਸੇ ਟੋਲ ਪਲਾਜ਼ਾ ਵਾਲਿਆਂ ਵੱਲੋਂ ਟਰਾਲੀਆਂ ਨੂੰ ਰੋਕ ਕੇ ਟੋਲ ਮੰਗਿਆ ਜਾ ਰਿਹਾ ਹੈ। ਜੇ ਕੋਈ ਟੋਲ ਨਹੀਂ ਦਿੰਦਾ ਤਾਂ ਉਸ ਦੇ ਨਾਲ ਗੁੰਡਾਗਰਦੀ ਕੀਤੀ ਜਾਂਦੀ ਹੈ।




## ਬਲਾਕ ਪੱਧਰੀ ਐਥਲੈਟਿਕ ਖੇਡਾਂ 'ਚ ਸੋਹੀਆਂ ਸਕੂਲ ਨੇ ਮਾਰੀ ਬਾਜ਼ੀ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਖੇਡ ਵਿਭਾਗ ਪੰਜਾਬ ਵੱਲੋਂ ਜਗਰਾਉਂ ਬਲਾਕ ਦੇ ਐਥਲੈਟਿਕਸ ਮੁਕਾਬਲੇ ਖੇਡ ਸਟੇਡੀਅਮ ਕਮਾਲਪੁਰਾ ਵਿਖੇ ਕਰਵਾਏ ਗਏ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆ ਦੇ ਵਿਦਿਆਰਥੀਆਂ ਨੇ ਪੰਜ ਮੈਡਲ ਜਿੱਤ ਕੇ ਸ਼ਾਨਦਾਰ ਜਿੱਤ ਦਰਜ ਕਰਵਾਈ।ਟੀਮ ਇੰਚਾਰਜ ਤੇ ਗਾਈਡ ਅਧਿਆਪਕ ਜੀਵਨ ਜੋਤ ਸਿੰਘ (ਡੀ ਪੀ ਈ) ਤੇ ਕੁਲਵਿੰਦਰ ਸਿੰਘ (ਸਰੀਰਕ ਸਿੱਖਿਆ ਲੈਕਚਰਾਰ) ਨੇ ਦੱਸਿਆ ਕਿ ਸਾਡੇ ਸਕੂਲ ਦੀ 10+2 ਦੀ ਵਿਦਿਆਰਥਣ ਰੇਸ਼ਮਾ ਨੇ ਲੜਕੀਆਂ ਦੇ ਮੁਕਾਬਲਿਆਂ ਵਿੱਚ 100 ਮੀਟਰ ਦੌੜ 'ਚ ਸੋਨ ਤਮਗਾ ਤੇ 200 ਮੀਟਰ ਦੌੜ 'ਚ ਚਾਂਦੀ ਦਾ ਤਮਗਾ ਜਿੱਤਿਆ।ਦੂਜੇ ਦਿਨ ਲੜਕਿਆਂ ਦੇ ਐਥਲੈਟਿਕਸ ਮੁਕਾਬਲਿਆਂ ਵਿੱਚ 10+1 ਦੇ ਵਿਦਿਆਰਥੀ ਮਹਿਤਾਬ ਸਿੰਘ ਨੇ 100 ਮੀਟਰ ਦੌੜ ਤੇ 200 ਮੀਟਰ ਦੌੜ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਮਗੇ ਜਿੱਤੇ।ਇਸੇ ਹੀ ਲੜੀ ਵਿੱਚ 10+1 ਜਮਾਤ ਦੇ ਵਿਦਿਆਰਥੀ ਅਤਿਸ਼ ਜੈਨ ਨੇ 400 ਮੀਟਰ ਦੌੜ ਤੇ 110 ਮੀਟਰ ਲੱਤ ਅੜਿੱਕਾ ਦੌੜ ਵਿੱਚ ਸੋਨ ਤਮਗੇ ਜਿੱਤੇ।ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮੀਨੂ ਗੁਪਤਾ ਨੇ ਖੁਸ਼ੀ ਦਾ ਇਜ਼ਹਾਰ ਕਰਰਦ ਹੋਏ ਦੱਸਿਆ ਕਿ ਤਿੰਨ ਵਿਦਿਆਰਥੀਆਂ ਨੇ ਪੰਜ ਤਮਗੇ ਜਿੱਤ ਕੇ ਸੋਹੀਆਂ ਸਕੂਲ ਦੇ ਮਾਨ ਨੂੰ ਵਧਾਇਆ ਹੈ।ਉਨ੍ਹਾਂ ਨੇ ਸ੍ਰ. ਜੀਵਨ ਜੋਤ ਸਿੰਘ (ਡੀ ਪੀ ਈ), ਸ੍ਰ. ਕੁਲਵਿੰਦਰ ਸਿੰਘ (ਫਿਜੀਕਲ ਲੈਕ), ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

# ਬੱਸ ਟਿੱਪਰ 'ਚ ਵੱਜੀ, 16 ਜ਼ਖਮੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਪੈਂਦੇ ਕਸਬਾ ਖੁੱਡਾ ਦੇ ਅੱਡੇ 'ਤੇ ਪੰਜਾਬ ਰੋਡਵੇਜ਼ ਦੀ ਬੱਸ ਸੀਮਿੰਟ ਮਿਕਸਰ ਟਿੱਪਰ 'ਚ ਵੱਜਣ ਨਾਲ ਡਰਾਈਵਰ ਸਮੇਤ 16 ਲੋਕ ਜ਼ਖਮੀ ਹੋ ਗਏ। ਸੁਰੱਖਿਆ ਫੋਰਸ ਦੀ ਟੀਮ ਨੇ ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਟਾਂਡਾ ਅਤੇ ਸ਼ਹਿਰ ਦੇ ਨਿੱਜੀ ਹਸਪਤਾਲ ਤੇ ਸਰਕਾਰੀ ਹਸਪਤਾਲ ਦਸੂਹਾ ਪਹੁੰਚਾਇਆ। ਜ਼ਖ਼ਮੀ ਹੋਏ ਵਿਅਕਤੀਆਂ ਦੀ ਪਛਾਣ ਬੱਸ ਚਾਲਕ ਕੁਲਦੀਪ ਸਿੰਘ ਵਾਸੀ ਜਗਰਾਉਂ, ਯਾਤਰੀ ਨਿਰਮਲਾ ਦੇਵੀ ਵਾਸੀ ਪਠਾਨਕੋਟ, ਰਾਜ ਕੁਮਾਰ ਵਾਸੀ ਦਸਮੇਸ਼ ਨਗਰ ਟਾਂਡਾ, ਸੁਸ਼ਮਾ ਰਾਣੀ ਵਾਸੀ ਮੁਕੇਰੀਆਂ, ਸਰੋਜ ਵਾਸੀ ਮੀਰਥਲ, ਬਲਦੇਵ ਕੌਰ ਵਾਸੀ ਘੋੜਾ ਚੱਕ, ਸ਼ਰੂਤੀ ਵਾਸੀ ਪਠਾਨਕੋਟ, ਹਰਭਜਨ ਸਿੰਘ ਵਾਸੀ ਚੱਕ ਬਾਮੂ, ਕਮਲਜੀਤ ਕੌਰ, ਰਾਜੀਵ ਸ਼ਰਮਾ ਵਾਸੀ ਹਮੀਰਪੁਰ (ਹਿਮਾਚਲ), ਕਰਮ ਸਿੰਘ ਵਾਸੀ ਕੈਂਥਾਂ (ਦਸੂਹਾ), ਰਾਮ ਪਾਲ ਵਾਸੀ ਭੰਗਾਲਾ, ਮਿੰਦਰ ਕੌਰ ਵਾਸੀ ਕੈਂਥਾਂ, ਗੁਰਬਖਸ਼ ਸਿੰਘ ਵਾਸੀ ਭਾਨਾ, ਸ਼ਿਵ ਕੁਮਾਰ



ਵਾਸੀ ਗੁਰਦਾਸਪੁਰ, ਆਸ਼ਾ ਰਾਣੀ ਵਾਸੀ ਕਪੂਰਥਲਾ ਤੇ ਰੋਹਿਤ ਵਾਸੀ ਪਠਾਨਕੋਟ ਵਜੋਂ ਹੋਈ ਹੈ।

ਸੀਮਿੰਟ ਮਿਕਸਰ ਟਿੱਪਰ, ਜੋ ਲੋਡ ਸੀ ਤੇ ਦਸੂਹਾ ਤੋਂ ਜਲੰਧਰ ਵੱਲ ਨੂੰ ਜਾ ਰਿਹਾ ਸੀ। ਜਦੋਂ ਉਹ ਨੈਸ਼ਨਲ ਹਾਈਵੇ 'ਤੇ ਪੈਂਦੇ ਕਸਬਾ ਖੁੱਡਾ ਦੇ ਅੱਡੇ 'ਤੇ ਪਹੁੰਚਿਆ ਤਾਂ ਟਾਇਰ ਪੈਂਚਰ ਹੋ ਗਿਆ ਤੇ ਘਬਰਾਹਟ ਵਿਚ ਟਿੱਪਰ ਚਾਲਕ ਨੇ ਟਿੱਪਰ ਸੜਕ ਵਿਚਕਾਰ ਰੋਕ ਲਿਆ। ਪਿੱਛੇ ਆ ਰਹੀ ਪੰਜਾਬ ਰੋਡਵੇਜ਼ ਜਗਰਾਓਂ ਡਿਪੂ ਦੀ ਸਵਾਰੀਆਂ ਨਾਲ ਭਰੀ ਬੱਸ ਆ ਟਕਰਾਈ। ਬੱਸ ਵਿਚ ਕਰੀਬ 80 ਦੇ ਕਰੀਬ ਸਵਾਰੀਆਂ ਸਫ਼ਰ ਕਰ ਰਹੀਆਂ ਸਨ।

ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਸਰਕਾਰੀ ਹਸਪਤਾਲ ਟਾਂਡਾ ਪਹੁੰਚੇ ਤੇ ਜ਼ਖ਼ਮੀਆਂ ਦਾ ਹਾਲ ਜਾਣਿਆ। ਹਲਕਾ ਵਿਧਾਇਕ ਦਸੂਹਾ ਕਰਮਵੀਰ ਸਿੰਘ ਘੁੰਮਣ ਨੇ ਸਰਕਾਰੀ ਹਸਪਤਾਲ ਦਸੂਹਾ ਪਹੁੰਚ ਕੇ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਿਆ।ਟਾਂਡਾ ਪੁਲਸ ਨੇ ਬੱਸ ਤੇ ਟਿੱਪਰ ਨੂੰ ਰੋਡ ਤੋਂ ਹਟਾ ਕੇ ਰਸਤਾ ਕਲੀਅਰ ਕੀਤਾ ਤੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ।

# ਧੋਖਾਧੜੀ ਦੇ ਮਾਮਲੇ 'ਚ ਮਹਿਲਾ ਸਮੇਤ 2 ਟ੍ਰੈਵਲ ਏਜੰਟ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਵਿਦੇਸ਼ ਭੇਜਣ ਦੇ ਨਾਮ 'ਤੇ 2 ਵੱਖ-ਵੱਖ ਮਾਮਲਿਆਂ ਵਿੱਚ ਗੁਰਜੀਤ ਸਿੰਘ ਵਾਸੀ ਸ਼ੇਰਪੁਰ ਬਸਤੀ ਤੇ ਮਹਿਲਾ ਸਤਿੰਦਰ ਕੌਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਟ੍ਰੈਵਲ ਏਜੰਟ ਨੇ ਰਤਨ ਕੁਮਾਰ ਨਾਮ ਦੇ ਨੌਜਵਾਨ ਤੋਂ ਵਿਦੇਸ਼ ਅਮਰੀਕਾ ਭੇਜਣ ਲਈ ਲੱਖਾਂ ਰੁਪਏ ਲਏ। ਇਹ ਟ੍ਰੈਵਲ ਏਜੰਟ ਨੇ ਰਤਨ ਕੁਮਾਰ ਨੂੰ ਦੁਬਈ ਭੇਜ ਦਿੱਤਾ, ਜਿੱਥੋਂ ਉਹ ਅੱਗੇ ਅਮਰੀਕਾ ਨਾ ਜਾ ਸਕਿਆ, ਜਿਸ ਕਾਰਨ ਉਸ ਨੇ ਵਾਪਸ ਆ ਕੇ ਗੁਰਜੀਤ ਸਿੰਘ ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਪੁਲਸ ਵੱਲੋਂ ਇਸ ਖਿਲਾਫ਼ ਮਾਮਲਾ ਦਰਜ ਕਰ ਲਿਆ ਸੀ, ਪਰ ਇਹ ਉਸ ਦਿਨ ਤੋਂ ਭਗੌੜਾ ਸੀ। ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਰਿਮਾਂਡ 'ਤੇ ਲਿਆਂਦਾ ਗਿਆ ਹੈ। ਗੁਰਜੀਤ ਸਿੰਘ ਖਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ 'ਚ ਟ੍ਰੈਵਲ ਏਜੰਟ ਬਣ ਕੇ ਲੋਕਾਂ ਨਾਲ ਧੋਖਾਧੜੀ ਕਰਨ ਦੇ



ਮਾਮਲੇ ਦਰਜ ਹਨ। ਦੂਸਰੇ ਮਾਮਲੇ ਵਿੱਚ ਮਾਛੀਵਾੜਾ ਪੁਲਸ ਨੇ ਸਤਿੰਦਰ ਕੌਰ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਂਦਾ ਹੈ, ਜਿਸ ਖਿਲਾਫ਼ ਮਾਛੀਵਾੜਾ ਥਾਣਾ ਵਿੱਚ 14 ਵਿਅਕਤੀਆਂ ਨੇ ਕੈਨੇਡਾ ਭੇਜਣ ਦੇ ਨਾਮ 'ਤੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਦਰਜ ਕਰਵਾਇਆ ਸੀ। ਇਸ ਮਾਮਲੇ ਸਬੰਧੀ ਸਤਿੰਦਰ ਕੌਰ ਤੇ ਉਸ ਦੇ ਪਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਸੀ, ਜੋ ਫ਼ਰਾਰ ਚੱਲੇ ਆ ਰਹੇ ਸਨ। ਜਲੰਧਰ ਪੁਲਸ ਵੱਲੋਂ ਇੱਕ ਹੋਰ ਧੋਖਾਧੜੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੋਇਆ ਸੀ ਤੇ ਮਾਛੀਵਾੜਾ ਪੁਲਸ ਵੱਲੋਂ ਉਸ ਨੂੰ ਪ੍ਰੋਡਕਸ਼ਨ ਵਰੰਟ 'ਤੇ ਲਿਆਂਦਾ ਹੈ। ਦੋਵਾਂ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸ਼ੇਰੋਵਾਲੀਆ ਨੇ ਆਪ, ਭਾਜਪਾ ਤੇ ਬਿੱਟੂ ਨੂੰ ਲਿਆ ਨਿਸ਼ਾਨੇ 'ਤੇ

**ਸ਼ਾਹਕੋਟ (ਗਿਆਨ ਸੈਦਪੁਰੀ)**

ਸ਼ਾਹਕੋਟ ਦੇ ਵਿਧਾਇਕ ਤੇ ਕਾਂਗਰਸ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਵੀਰਵਾਰ ਡੀ ਐੱਸ ਪੀ ਦਫ਼ਤਰ ਸਾਹਮਣੇ ਕਾਂਗਰਸ ਪਾਰਟੀ ਵੱਲੋਂ ਦਿੱਤੇ ਧਰਨੇ ਨੂੰ ਸੰਬੋਧਨ ਕਰਦਿਆਂ ਜਿੱਥੇ ਮਾਨ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ, ਉੱਥੇ ਭਾਜਪਾ ਦੀ ਨਫ਼ਤਰੀ ਮੁਹਿੰਮ ਤੇ ਕਾਂਗਰਸ ਛੱਡ ਕੇ ਲਾਲਚੀ ਬਿਰਤੀ ਅਧੀਨ ਰਾਜ-ਸੱਤਾ ਦਾ ਸੁੱਖ ਮਾਨਣ ਲਈ ਭਾਜਪਾ ਦੀ ਗੋਦੀ 'ਚ ਜਾ ਬੈਠੇ ਰਵਨੀਤ ਬਿੱਟੂ ਦੇ ਐਲਾਨਾਂ, ਬਿਆਨਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਇੱਕ ਵਾਅਦਾ ਵੀ ਪੂਰਾ ਨਹੀਂ ਕੀਤਾ। ਉਨ੍ਹਾ ਕਾਂਗਰਸੀਆਂ ਦੇ ਜੁੜੇ ਵਿਸ਼ਾਲ ਇਕੱਠ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਲੋਕਾਂ ਦਾ ਰੋਹ ਸਪੱਸ਼ਟ ਕਰਦਾ ਹੈ ਕਿ ਉਹ ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਅੱਕੇ ਪਏ ਹਨ। ਸ਼ੇਰੋਵਾਲੀਆ ਨੇ ਆਪਣੇ ਵਰਕਰਾਂ ਨੂੰ ਕਿਹਾ ਕਿ ਜਲਦੀ ਹੀ ਪੰਚਾਇਤੀ ਚੋਣਾਂ ਆ ਰਹੀਆਂ ਹਨ, ਇਨ੍ਹਾਂ ਚੋਣਾਂ ਵਿੱਚ ਤੁਸੀ ਬੇਖੌਫ ਹੋ ਕੇ ਹਿੱਸਾ ਲੈਣਾ ਹੈ। ਕਿਸੇ ਕਿਸਮ ਦੀ ਧੱਕੇਸ਼ਾਹੀ ਨਹੀ ਚੱਲਣ ਦਿੱਤੀ ਜਾਵੇਗੀ।



ਧਰਨੇ ਨੂੰ ਸੰਬੋਧਨ ਕਰਦੇ ਹੋਏ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ

ਭਾਜਪਾ ਦੀ ਗੱਲ ਕਰਦਿਆਂ ਸ਼ੇਰੋਵਾਲੀਆ ਨੇ ਕਿਹਾ ਕਿ ਉਹ ਰਾਜਸੱਤਾ ਦੀ ਤਾਂਘ ਵਿੱਚ ਹਮੇਸ਼ਾ ਫ਼ਿਰਕਾਪ੍ਰਸਤੀ ਨੂੰ ਉਛਾਲਦੇ ਹਨ। ਫ਼ਿਰਕਿਆਂ ਦੇ ਆਪਸੀ ਰਿਸ਼ਤੇ ਖਰਾਬ ਕਰਨ ਲਈ ਨਫ਼ਰਤੀ ਜ਼ਹਿਰ ਭਰੀ ਜਾਂਦੀ ਹੈ। ਹਲਕੇ ਦੀ ਭਾਜਪਾ ਦੀ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਕੁਝ ਆਗੂ ਹੰਕਾਰ ਦੇ ਘੋੜੇ 'ਤੇ ਸਵਾਰ ਹੋ ਕੇ ਵਿਚਰ ਰਹੇ ਹਨ, ਉਨ੍ਹਾਂ ਨੂੰ ਮੂੰਹ ਦੀ ਖਾਣੀ ਪਵੇਗੀ।

ਕਾਂਗਰਸ ਨੂੰ ਛੱਡ ਕੇ ਗਏ ਰਵਨੀਤ ਸਿੰਘ ਬਿੱਟੂ ਦੀ ਵਿਗੜੀ ਬੋਲਬਾਣੀ ਦੇ ਹਵਾਲੇ ਨਾਲ ਉਹਨਾ ਕਿਹਾ ਕਿ ਬਿੱਟੂ ਨੂੰ ਆਪਣੇ ਦਾਦੇ ਦੀ ਕੁਰਬਾਨੀ ਵੀ ਭੁੱਲ ਗਈ, ਜੋ ਉਨ੍ਹਾ ਕਾਂਗਰਸ ਦੇ ਮੁੱਖ ਮੰਤਰੀ ਹੁੰਦਿਆਂ ਪੰਜਾਬੀਆਂ ਲਈ ਦਿੱਤੀ ਸੀ। ਇਸ ਮੌਕੇ ਹਲਕਾ ਵਿਧਾਇਕ ਨੇ ਡੀ ਐੱਸ ਪੀ ਸ਼ਾਹਕੋਟ ਉਂਕਾਰ ਸਿੰਘ ਬਰਾੜ ਨੂੰ ਮੰਗ ਪੱਤਰ ਵੀ ਸੌਂਪਿਆ।

ਧਰਨੇ ਨੂੰ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ, ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਗੁਲਜ਼ਾਰ ਸਿੰਘ ਥਿੰਦ, ਮਾਰਕਿਟ ਕਮੇਟੀ ਮਹਿਤਪੁਰ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਸੋਹਲ, ਕਾਂਗਰਸ ਬਲਾਕ ਮਹਿਤਪੁਰ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਟੂਰਨਾ, ਡਾ. ਭੀਮ ਰਾਓ ਅੰਬੇਡਕਰ ਸੁਸਾਇਟੀ ਕਾਕੜ ਕਲਾਂ (ਪੰਜਾਬ) ਦੇ ਪ੍ਰਧਾਨ ਜਗਤਾਰ ਸਿੰਘ ਕਾਲੀ, ਅਰੋੜਾ ਮਹਾਂ ਸਭਾ ਸ਼ਾਹਕੋਟ ਅਤੇ ਜ਼ਿਲ੍ਹਾ ਵਾਈਸ ਪ੍ਰਧਾਨ (ਕਾਂਗਰਸ) ਬੰਟੀ ਬਠੋਲਾ, ਕਾਮਰੇਡ ਸੰਦੀਪ ਅਰੋੜਾ, ਹਰਭਜਨ ਸਿੰਘ ਖਾਲਸਾ ਸਾਬਕਾ ਸਰਪੰਚ ਪਰਜੀਆਂ ਕਲਾਂ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ: ਸੁਸਾਇਟੀ ਢੰਡੋਵਾਲ, ਜੁਗਿੰਦਰ ਸਿੰਘ ਉੱਪਲ, ਜੋਗਿੰਦਰ ਸਿੰਘ 'ਨੇਤਾ' ਬਿੱਲੀ ਵੜੈਚ, ਸੁੱਖਾ ਢੇਸੀ, ਰਮਨਜੀਤ ਸਿੰਘ ਸਮਰਾ, ਨੰਬਰਦਾਰ ਰਘਬੀਰ ਸਿੰਘ ਖਹਿਰਾ ਮੁਸ਼ਤਰਕਾ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਜੀਤ ਸਿੰਘ ਨੋਨੀ ਪ੍ਰਧਾਨ ਨਗਰ ਪੰਚਾਇਤ ਲੋਹੀਆ ਖ਼ਾਸ, ਹਰਮੇਸ਼ ਮਹੇ ਪ੍ਰਧਾਨ ਨਗਰ ਪੰਚਾਇਤ ਮਹਿਤਪੁਰ, ਸੁਖਦੀਪ ਸਿੰਘ ਕੰਗ ਪੀ ਏ, ਅੰਮ੍ਰਿਤਪਾਲ ਸਿੰਘ ਧਨੋਆ ਸਾਬਕਾ ਸਰਪੰਚ ਨਵਾਂ ਕਿਲ੍ਹਾ, ਰੇਸ਼ਮ ਸਿੰਘ ਰੇੜਵਾਂ ਸਾਬਕਾ ਸਰਪੰਚ, ਸੁਰਜੀਤ ਸਿੰਘ ਸਾਬਕਾ ਸਰਪੰਚ ਸ਼ੇਖੇਵਾਲ, ਤਰਸੇਮ ਸਿੰਘ ਸਾਬਕਾ ਸਰਪੰਚ ਬਾਊਪੁਰ, ਜਸਵੀਰ ਸ਼ਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਸ਼ੀਤਲ ਸਿੰਘ ਸਾਬਕਾ ਸਰਪੰਚ ਮਲਸੀਆਂ, ਹਰਵਿੰਦਰ ਸਿੰਘ ਸਾਬਕਾ ਸਰਪੰਚ ਮਲਸੀਆਂ, ਹਰਵਿੰਦਰ ਸਿੰਘ ਡੀ ਸੀ ਸਾਬਕਾ ਸਰਪੰਚ ਰੂਪੇਵਾਲ, ਪਵਨ ਕੁਮਾਰ ਸਾਬਕਾ ਸਰਪੰਚ ਮਲਸੀਆਂ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ ਨੰਗਲ ਅੰਬੀਆਂ, ਬਿੱਟੂ ਖਹਿਰਾ ਸਾਬਕਾ ਸਰਪੰਚ ਮੂਲੇਵਾਲ ਖਹਿਰਾ, ਮਨਜਿੰਦਰ ਸਿੰਘ ਰਿੰਕੂ ਸਾਬਕਾ ਸਰਪੰਚ ਮੇਦਾ, ਰੋਮੀ ਗਿੱਲ ਸਾਬਕਾ ਐਮ ਸੀ, ਡਾ. ਅਰਵਿੰਦਰ ਸਿੰਘ ਰੂਪਰਾ, ਪਵਨ ਅੱਗਰਵਾਲ ਸਾਬਕਾ ਐਮ ਸੀ, ਜੱਸਾ ਨਾਹਰ, ਤਾਰੀ ਗਿੱਲ ਨੰਬਰਦਾਰ ਢੇਰੀਆਂ, ਗਗਨ ਜਿੰਦਲ, ਅਮਨਦੀਪ ਸੈਦਪੁਰੀ, ਧੀਰਾ ਲਾਲਕਾ, ਪਵਨ ਜੁਨੇਜਾ ਤੇ ਟਿੰਪੀ ਕੁਮਰਾ ਆਦਿ ਮੌਜੂਦ ਸਨ।

# ਪਿੰਡਾਂ ਦੇ ਲੋਕ ਚੰਗੇ ਕਿਰਦਾਰ ਵਾਲੇ ਲੋਕਾਂ ਨੂੰ ਸਰਪੰਚ ਚੁਣਨ : ਪੰਡੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਸਿੰਘ ਵਜੀਦਕੇ)**-ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਵਿਖੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਪੀ.ਐੱਮ.ਜੀ.ਏ.ਵਾਈ. ਯੋਜਨਾ ਤਹਿਤ ਦੇ ਨਵੇਂ ਘਰਾਂ ਦੀ ਉਸਾਰੀ ਲਈ 49 ਲਾਭਪਾਤਰੀਆਂ ਨੂੰ ਚੈੱਕ ਤਕਸੀਮ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਹੋ ਰਿਹਾ ਹੈ, ਇਸ ਤਰ੍ਹਾਂ ਲਾਭ ਪਾਤਰੀਆਂ ਨੂੰ ਬਗੈਰ ਕਿਸੇ ਭੇਦ ਭਾਵ ਤੋਂ ਚੈੱਕ ਤਕਸੀਮ ਕੀਤੇ ਗਏ ਹਨ। ਹਲਕੇ ਦੇ ਕੁੱਲ 224 ਲਾਭਪਾਤਰੀਆਂ ਨੂੰ ਇਸ ਸਕੀਮ ਦਾ ਲਾਭ ਮਿਲਿਆ ਹੈ।ਇਸ ਤੋਂ ਇਲਾਵਾ ਜਿੰਨ੍ਹਾਂ ਲਾਭਪਾਤਰੀ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲਿਆ, ਉਹ ਸਾਡੇ ਦਫ਼ਤਰ ਨਾਲ ਜਾਂ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ ਨਾਲ ਸਿੱਧੇ ਤੌਰ 'ਤੇ ਸੰਪਰਕ ਕਰ ਕੇ ਲਾਭ ਲੈ ਸਕਦੇ ਹਨ।ਉਨ੍ਹਾਂ ਕਿਹਾ ਮਹਿਲ ਕਲਾਂ ਹਲਕੇ ਦੇ ਪਿੰਡਾਂ ਦੇ ਵਿਕਾਸ 'ਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।

ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਚੰਗੇ ਕਿਰਦਾਰ ਵਾਲੇ ਲੋਕਾਂ ਨੂੰ ਅੱਗੇ ਲਿਆ ਕੇ ਪਿੰਡਾਂ ਦੇ ਸਰਪੰਚ ਚੁਣਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਕਿਸੇ ਚੀਜ਼ ਦੇ ਲਾਲਚ 'ਚ ਆ ਕੇ ਅਯੋਗ ਲੋਕਾਂ ਨੂੰ ਚੁਣਦੇ ਹਾਂ ਤਾਂ ਉਸ ਨਾਲ ਪਿੰਡਾਂ ਦੇ ਵਿਕਾਸ ਤੇ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣ 'ਚ ਦਿੱਕਤ ਆਉਂਦੀ ਹੈ।ਬੀ.ਡੀ.ਪੀ.ਓ. ਮਹਿਲ ਕਲਾਂ ਜਗਦੇਵ ਸਿੰਘ ਦੀ ਅਗਵਾਈ 'ਚ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਨਵੇਂ ਮਕਾਨਾਂ ਦੀ ਉਸਾਰੀ ਲਈ ਹਰੇਕ ਲਾਭ ਪਾਤਰੀ ਨੂੰ ਮਿਲਣ ਵਾਲੇ 1.5 ਲੱਖ ਰੁਪਏ ਦੀ ਰਾਸ਼ੀ 'ਚੋਂ ਅੱਜ ਪਹਿਲੀ ਕਿਸ਼ਤ ਵਜੋਂ 30-30 ਹਜ਼ਾਰ ਰੁਪਏ ਦੇ ਚੈੱਕ ਦਿੱਤੇ ਗਏ ਹਨ, ਬਕਾਇਆ ਰਾਸ਼ੀ ਢੁਕਵੇਂ ਸਮੇਂ 'ਤੇ ਜਾਰੀ ਕਰ ਦਿੱਤੀ ਜਾਵੇਗੀ।ਇਸ ਸਮੇਂ ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ, ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ, ਚੇਅਰਮੈਨ ਜਗਸੀਰ ਸਿੰਘ ਖ਼ਾਲਸਾ, ਗੁਰਦੀਪ ਸਿੰਘ ਸੋਢਾ, ਜਗਦੇਵ ਸਿੰਘ ਸੈਂਡੀ, ਬਿੰਦਰ ਸਿੰਘ ਖ਼ਾਲਸਾ, ਅਵਤਾਰ ਸਿੰਘ ਮਹਿਲ ਖ਼ੁਰਦ, ਪੰਡਤ ਸੋਮ ਨਾਥ ਨਿਹਾਲੂਵਾਲ, ਰਾਜਾ ਰਾਮ ਬੱਗੂ ਖਿਆਲੀ, ਯਾਦਵਿੰਦਰ ਸਿੰਘ ਯਾਦੂ ਆਦਿ ਹਾਜ਼ਰ ਸਨ।

**ਨਵੇਂ ਘਰਾਂ ਦੀ ਉਸਾਰੀ ਲਈ ਲਾਭਪਾਤਰੀਆਂ ਨੂੰ ਚੈੱਕ ਵੰਡੇ**



# ਬੋਧੀਆਂ ਵੱਲੋਂ ਪਟਨਾ 'ਚ ਬੋਧ ਗਯਾ ਟੈਂਪਲ ਐਕਟ 1949 ਨੂੰ ਰੱਦ ਕਰਵਾਉਣ ਲਈ ਅੰਦੋਲਨ ਸ਼ੁਰੂ

- ਇਹ ਕੋਈ ਬੋਧੀ ਸਮਾਗਮ ਨਹੀਂ, ਸਗੋਂ ਅੰਦੋਲਨ ਹੈ : ਆਕਾਸ਼ ਲਾਮਾ
- ਕ੍ਰਾਂਤੀਕਾਰੀ ਭਿਖਸ਼ੂ ਅੰਨਾਗਾਰਿਕ ਦੇ 160ਵੇਂ ਜਨਮ ਦਿਨ 'ਤੇ ਸ਼ਰਧਾ ਦੇ ਫੁੱਲ ਭੇਟ




**ਪਟਨਾ (ਨ ਜ਼ ਸ)**-ਪਟਨਾ ਦੇ ਪਾਟਲੀਪੁੱਤਰ ਗਾਂਧੀ ਮੈਦਾਨ ਵਿੱਚ ਆਲ ਇੰਡੀਆ ਬੁੱਧਿਸ਼ਟ ਫੋਰਮ ਦੀ ਅਗਵਾਈ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਬੋਧੀ ਭਿਖਸ਼ੂਆਂ, ਉਪਾਸ਼ਕਾਂ ਤੇ ਉਪਾਸ਼ਕਾਵਾਂ ਵੱਲੋਂ ਇੱਕ ਵਿਸ਼ਾਲ ਅੰਦੋਲਨ ਦੀ ਸ਼ੁਰੂਆਤ ਬੁੱਧ ਗਯਾ ਟੈਂਪਲ ਐਕਟ 1949 ਨੂੰ ਰੱਦ ਕਰਵਾਉਣ ਲਈ ਕੀਤੀ ਗਈ।ਇਹ ਵੀ ਮੰਗ ਕੀਤੀ ਗਈ ਕਿ ਬੁੱਧ ਗਯਾ ਮਹਾਂ ਵਿਹਾਰ ਨੂੰ ਨਿਰੋਲ ਬੋਧੀਆਂ ਦੇ ਹੱਥਾਂ ਵਿੱਚ ਸੌਂਪਿਆ ਜਾਵੇ।ਸ਼ਾਂਤੀ ਮਾਰਚ ਦੀ ਸ਼ੁਰੂਆਤ ਕ੍ਰਾਂਤੀਕਾਰੀ ਮਹਾਨ ਲੇਖਕ ਤੇ ਮਹਾਨ ਵਿਦਵਾਨ ਬੋਧੀ ਭਿਖਸ਼ੂ ਅੰਨਾਗਾਰਿਕ ਧੰਮਪਾਲ ਦੇ 160ਵੇਂ ਜਨਮ ਦਿਨ ਮੌਕੇ ਅੰਦੋਲਨ ਦਾ ਆਰੰਭ ਕੀਤਾ।ਮੰਚ 'ਤੇ ਤਥਾਗਤ ਬੁੱਧ, ਮਹਾਨ ਅਸ਼ੋਕ ਸਮਰਾਟ, ਅੰਨਾਗਾਰਿਕ ਧੰਮਪਾਲ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀਆਂ ਤਸਵੀਰਾਂ 'ਤੇ ਫੁੱਲ ਮਲਾਵਾਂ ਭੇਟ ਕਰਕੇ ਭੰਤੇ ਗਿਆਨ ਜੋਤੀ ਲਦਾਖ ਤੇ ਹੋਰ ਭਿਖਸ਼ੂਆਂ ਨੇ ਬੁੱਧ ਵੰਦਨਾ ਕੀਤੀ।ਭਾਰਤ ਦੇ ਕੋਨੇ-ਕੋਨੇ ਤੋਂ ਆਏ ਬੋਧੀ ਭਿਖਸ਼ੂਆਂ, ਭਿਖਸ਼ੂ ਸੰਘ ਤੇ ਅੰਦੋਲਨਕਾਰੀ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਆਕਾਸ਼ ਲਾਮਾ ਦਾਰਜੀਲਿੰਗ ਨੂੰ ਸਮਤਾ ਸੈਨਿਕ ਦਲ ਦੇ ਮਾਰਸ਼ਲਾਂ ਨੇ ਸਲਾਮੀ ਦੇ ਕੇ ਸਤਿਕਾਰਤ ਕੀਤਾ।

ਇਸ ਮੌਕੇ ਅਕਾਸ਼ ਲਾਮਾ ਨੇ ਕਿਹਾ ਕਿ ਇਹ ਕੋਈ ਬੋਧ ਸਮਾਗਮ ਨਹੀਂ ਹੈ, ਸਗੋਂ ਇੱਕ ਅੰਦੋਲਨ ਹੈ। ਜਦ ਤੱਕ ਬੋਧ ਗਯਾ ਟੈਂਪਲ ਐਕਟ 1949 ਨੂੰ ਸਰਕਾਰ ਰੱਦ ਨਹੀਂ ਕਰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।ਬੋਧੀ ਭਿਖਸ਼ੂ ਤੇ ਮਹਾਨ ਲੇਖਕ ਅੰਨਾਗਾਰਿਕ ਸ੍ਰੀ ਲੰਕਾ ਤੋਂ ਭਾਰਤ ਦੇ ਬੋਧ ਗਯਾ ਆਏ ਸਨ।ਉੱਥੇ ਉਨ੍ਹਾਂ ਨੂੰ ਗੈਰ ਬੋਧੀਆਂ (ਹਿੰਦੂ ਬ੍ਰਾਹਮਣਾਂ) ਦੇ ਤਸ਼ੱਦਦ, ਤਸੀਹੇ ਤੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ।ਅੰਤ ਜੱਦੋ-ਜਹਿਦ ਕਰਦੇ ਹੋਏ ਉਹ ਬੋਧ ਗਯਾ ਦੇ ਅੰਦਰ ਦਾਖਲ ਹੋਏ ਤਾਂ ਉੱਥੇ ਦੇ ਮਾੜੇ ਹਾਲਾਤ ਨੂੰ ਦੇਖ ਕੇ ਬਹੁਤ ਦੁਖੀ ਹੋਏ।ਉੱਥੇ ਗੈਰ ਬੋਧੀਆਂ ਨੇ ਕਬਜ਼ਾ ਕੀਤਾ ਹੋਇਆ ਸੀ।ਉੱਥੇ ਅੰਧ ਵਿਸ਼ਵਾਸ, ਵਹਿਮਾਂ ਭਰਮਾਂ, ਪਾਖੰਡਵਾਦ ਦਾ ਬੋਲਬਾਲਾ ਸੀ।ਉਨ੍ਹਾਂ ਇਥੋਂ ਗੈਰ ਬੋਧੀਆਂ ਤੋਂ ਬੋਧ ਗਯਾ ਦੇ ਮਹਾਂ ਬੁੱਧ ਵਿਹਾਰ ਨੂੰ ਆਜ਼ਾਦ ਕਰਾਉਣ ਲਈ ਬੀੜਾ ਚੁੱਕਿਆ।ਸ੍ਰੀ ਲਾਮਾ ਜੀ ਨੇ ਕਿਹਾ ਕਿ ਅਸੀਂ ਸਾਰੇ ਬੋਧੀ ਹਾਂ, ਕੋਈ ਸਭਾ, ਸੁਸਾਇਟੀ, ਪਾਰਟੀ ਨਹੀਂ।ਅੱਜ ਸਾਰੇ ਬੋਧੀਆਂ ਨੇ ਇੱਕਮੁੱਠਤਾ ਦਾ ਸਬੂਤ ਦੇ ਕੇ ਸਾਡਾ ਮਾਣ ਵਧਾਇਆ ਹੈ।ਹੁਣ ਅੰਦੋਲਨ ਰਾਹੀਂ ਜਿੱਤ ਪ੍ਰਾਪਤ ਕਰਕੇ ਹੀ ਰਹਾਂਗੇ।ਬੋਧ ਗਯਾ ਮੰਦਰ ਐਕਟ 1949 ਵਿੱਚ ਸਰਕਾਰ ਨੇ 4 ਬੋਧੀਆਂ ਤੇ 4 ਗੈਰ ਬੋਧੀਆਂ (ਹਿੰਦੂ ਬ੍ਰਾਹਮਣ) ਨੂੰ ਮੈਂਬਰ ਬਣਾਇਆ ਹੈ।ਇੱਕ ਮੈਂਬਰ ਸਰਕਾਰੀ ਡੀ.ਐੱਮ., ਜੋ ਹਿੰਦੂ ਹੀ ਹੋਵੇਗਾ।ਇਸ ਤਰ੍ਹਾਂ ਬੋਧ ਗਯਾ ਮਹਾਂਬੁੱਧ ਵਿਹਾਰ 'ਤੇ ਗੈਰ ਬੋਧੀਆਂ ਦਾ ਕਬਜ਼ਾ ਕੀਤਾ ਹੋਇਆ ਹੈ।ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਬੋਧ ਗਯਾ ਮਹਾਂ ਬੁੱਧ ਵਿਹਾਰ ਦਾ ਪ੍ਰਬੰਧ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ।ਬੋਧ ਗਯਾ ਟੈਂਪਲ ਐਕਟ 1949 ਨੂੰ ਰੱਦ ਕੀਤਾ ਜਾਵੇ।ਇਨ੍ਹਾਂ ਤੋਂ ਇਲਾਵਾ ਡਾ. ਹਰੀਸ਼ ਰਾਵਲਿਆ, ਸ਼ਸ਼ੀ ਕਾਂਤ, ਸਤੀਸ਼ ਕੁਮਾਰ ਵਿਧਾਇਕ, ਡਾ. ਉਦੈ ਨਰਾਇਣ ਚੌਧਰੀ (ਸਾਬਕਾ ਸਪੀਕਰ ), ਰਜਿੰਦਰ ਪਾਲ ਗੌਤਮ, ਭੰਤੇ ਰਾਮਾਸੁਰ (ਲਦਾਖ) ਪ੍ਰੋ. ਬਿਲਾਸ ਖਾਰਤ ਆਦਿ ਨੇ ਸੰਬੋਧਨ ਕੀਤਾ ਤੇ ਇਸ ਅੰਦੋਲਨ ਨੂੰ ਪੂਰਾ ਸਮਰਥਨ ਦਿੱਤਾ।ਵੱਖ-ਵੱਖ ਰਾਜਾਂ ਤੋਂ ਆਏ ਬੋਧੀ ਆਗੂਆਂ ਨੇ ਵੀ ਸੰਬੋਧਨ ਕੀਤਾ।ਬਾਅਦ ਵਿੱਚ ਸ਼ਾਂਤੀ ਮਾਰਚ ਗਾਂਧੀ ਮੈਦਾਨ ਤੋਂ ਸ਼ੁਰੂ ਹੋਇਆ, ਜਿਸ ਵਿੱਚ ਸਭ ਤੋਂ ਅੱਗੇ ਭਿਖਸ਼ੂ ਸੰਘ, ਆਪਣੇ ਹੱਥਾਂ ਵਿੱਚ ਬੈਨਰ, ਪੰਚਸ਼ੀਲ ਦੇ ਝੰਡੇ, ਮੰਗਾਂ ਵਾਲੇ ਮਾਟੋ ਵਾਲੀਆਂ ਤੱਖਤੀਆਂ ਲੈ ਕੇ 'ਬੁੱਧਮਿ ਸ਼ਰਨਿਮ ਗਛਾਮਿ' ਕਰਦੇ ਹੋਏ ਅੱਗੇ ਚੱਲ ਰਹੇ ਸਨ।ਇਸ ਮੌਕੇ ਮਾਨਯੋਗ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਨੂੰ ਮੈਮੋਰੰਡਮ ਦਿੱਤਾ ਗਿਆ।

ਸ਼ਾਂਤੀ ਮਾਰਚ ਪਟਨਾ ਵਿਖੇ ਪੰਜਾਬ ਤੋਂ ਭਾਰੀ ਗਿਣਤੀ ਵਿੱਚ ਬੁੱਧਿਸ਼ਟਾਂ ਨੇ ਹਿੱਸਾ ਲਿਆ।ਇਸ ਮੌਕੇ ਪੰਜਾਬ ਦੇ ਨੁਮਾਇੰਦਿਆਂ 'ਚ ਭੰਤੇ ਰੇਵਤ, ਐਡਵੋਕੇਟ ਹਰਭਜਨ ਸਾਂਪਲਾ, ਰੂਪ ਲਾਲ ਨੰਬਰਦਾਰ, ਗੁਰਮੀਤ ਲਾਲ ਸਾਂਪਲਾ, ਲਹਿੰਬਰ ਰਾਮ, ਪ੍ਰਿੰਸੀਪਲ ਪਰਮਜੀਤ ਜੱਸਲ, ਦੀਪਕ, ਸੰਦੀਪ ਕੁਮਾਰ, ਧਰਮਵੀਰ, ਜੱਸ ਕੁਮਾਰ, ਮੀਨੂੰ ਬੌਧ, ਜਗਦੀਸ਼ ਕੁਮਾਰ, ਹਕੂਮਤ ਰਾਏ, ਰਾਜ ਕੁਮਾਰ, ਸੋਮਰਾਜ, ਸੁਖਬੀਰ, ਚੰਦਨ, ਲੀਲਾ ਦੇਵੀ, ਸ਼ਸ਼ੀ ਰੰਜਨ ਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

# ਗਲਾਡਾ ਨੇ ਕਟਾਣੀ ਕਲਾਂ 'ਚ ਅਣਅਧਿਕਾਰਤ ਕਲੋਨੀ 'ਤੇ ਚਲਾਇਆ ਪੀਲਾ ਪੰਜਾ



**ਲੁਧਿਆਣਾ (ਰਾਜ ਸਿੰਗਲਾ)**

ਗਲਾਡਾ ਵੱਲੋਂ ਕਟਾਣੀ ਕਲਾਂ ਵਿਖੇ ਇੱਕ ਅਣਅਧਿਕਾਰਤ ਕਲੋਨੀ 'ਤੇ ਕਾਰਵਾਈ ਕੀਤੀ ਗਈ।ਮੁੱਖ ਪ੍ਰਸ਼ਾਸਕ ਗਲਾਡਾ ਹਰਪ੍ਰੀਤ ਸਿੰਘ ਆਈ.ਏ.ਐੱਸ. ਵੱਲੋਂ ਗੈਰ-ਕਾਨੂੰਨੀ ਕਲੋਨੀਆਂ 'ਤੇ ਸ਼ਿਕੰਜਾ ਕੱਸਦਿਆਂ ਕਿਹਾ ਕਿ ਅਣਅਧਿਕਾਰਤ ਤੇ ਗੈਰ-ਯੋਜਨਾਬੱਧ ਤਰੀਕੇ ਨਾਲ ਕੀਤੀਆਂ ਉਸਾਰੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।ਉਨ੍ਹਾਂ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟ ਵੇਚਣ ਦੀ ਆੜ ਵਿੱਚ ਕਾਨੂੰਨੀ ਪ੍ਰਵਾਨਗੀ ਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਭੋਲੇ-ਭਾਲੇ ਵਸਨੀਕਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ-ਕਮ-ਸਮਰੱਥ ਅਥਾਰਟੀ ਓਜਸਵੀ, ਆਈ.ਏ.ਐਸ. ਦੁਆਰਾ ਕਾਰਵਾਈ ਕਰਨ ਲਈ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ੍ਰੇਟ, ਪੁਲਸ ਫੋਰਸ ਤੇ ਗਲਾਡਾ ਦੀ ਇਨਫੋਰਸਮੈਂਟ ਟੀਮ, ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ), ਸਹਾਇਕ ਟਾਊਨ ਪਲਾਨਰ (ਰੈਗੂਲੇਟਰੀ), ਸਬ-ਡਵੀਜ਼ਨਲ ਇੰਜੀਨੀਅਰ, ਗਲਾਡਾ, ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਨੇ ਇੱਕ ਅਣਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕੀਤੀ ਹੈ। ਅੱਜ 18 ਸਤੰਬਰ, 2024 ਨੂੰ ਕਟਾਣੀ ਕਲਾਂ, ਲੁਧਿਆਣਾ ਵਿਖੇ ਅਣਅਧਿਕਾਰਿਤ ਕਲੋਨੀ ਦੀਆਂ ਸੜਕਾਂ, ਚਾਰਦੀਵਾਰੀ, ਰਸਤਿਆਂ, ਸਟਰੀਟ ਲਾਈਟਾਂ, ਸੀਵਰੇਜ ਦੇ ਮੈਨਹੋਲਾਂ ਤੇ ਇਨ੍ਹਾਂ ਥਾਵਾਂ 'ਤੇ ਹੋਰ ਨਾਜਾਇਜ਼ ਉਸਾਰੀਆਂ ਤੇ ਢਾਂਚਿਆਂ ਨੂੰ ਢਹਿ-ਢੇਰੀ ਕੀਤਾ ਗਿਆ।ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਤਾਂ ਇਕ ਵਿਸ਼ੇਸ਼ ਟੀਮ ਵੱਲੋਂ ਕਾਰਵਾਈ ਆਰੰਭੀ ਗਈ, ਜੋ ਬਿਨਾਂ ਵਿਰੋਧ ਨੇਪਰੇ ਚੜ੍ਹੀ।ਸ਼ੁਰੂਆਤੀ ਪੜਾਅ 'ਤੇ ਗੈਰ-ਕਾਨੂੰਨੀ ਕਲੋਨੀਆਂ ਦੀ ਰੋਕਥਾਮ ਲਈ ਗਲਾਡਾ ਆਉਣ ਵਾਲੇ ਹਫ਼ਤਿਆਂ ਵਿੱਚ ਅਜਿਹੀਆਂ ਹੋਰ ਮੁਹਿੰਮਾਂ ਦੀ ਯੋਜਨਾ ਬਣਾ ਰਿਹਾ ਹੈ।ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ, ਪਲਾਟ, ਇਮਾਰਤਾਂ ਦੀ ਖਰੀਦ ਨਾ ਕਰਨ, ਕਿਉਂਕਿ ਗਲਾਡਾ ਕੋਈ ਵੀ ਸਹੂਲਤ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ, ਸਟਰੀਟ ਲਾਈਟਾਂ ਆਦਿ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਦੇ ਮਨਜ਼ੂਰ ਕੀਤੇ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹਨ, ਜੋ ਕਿ ਸੰਭਾਵੀ ਖਰੀਦਦਾਰਾਂ ਦੁਆਰਾ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚੇ ਜਾ ਸਕਦੇ ਹਨ।


## Public Notice

I, Manvir Singh is owner of Property Property measuring 10mls-03sarsai out of Khasra No.51//23/1, 24/1, 17/3, 22/2, 18/2, 19/2 Situated in the area of Village Malri, Tehsil Nakodar, District Jalandhar vide Transfer Deed Dated:-30-08-2024, Document No.2024-25/184/1/1198. Previous Sale Deed Dated:-04-09-2015, Document No.774 executed in favour of Harwinder Bahri has been lost / missing and not traceable.

## Public Notice

It hereby informs to public at large that Harpreet Kaur r has avail loan from AU SMALL FINANCE BANK LIMITED have its branch office at Phagwara. That Harpreet Kaur is owner of Property Measuring 6.5 Marla comprising under Khasra No. 518/1, 518/2, 518/3, 518/4, 518/5, 518/6, 4575/515 Situated at Mohalla Ankhi Nagar, Village Phagwara Sharki, Tehsil Phagwara, District Kapurthala vide Transfer Deed No.3867 dated 16.01.2024.This property was earlier owned by property was the property was earlier area as owned by Gurbachan Kaur W/o Bikram Singh and Gurbachan Kaur W/o Bikram Singh died, and his property area measuring 6.5 Marla devolved upon Harpreet Kaur D/o Bikram Singh vide Registered Will No.89 dated 24.05.2019, which is duly mutated vide mutation no.35596 and Harpreet Kaur D/o Bikram Singh executed a transfer deed for property area measuring 6.5 Marla in favour of Harshdeep Kaur D/o Harpreet Kaur vide Transfer Deed No.3867 dated 16.01.2024, which is duly mutated vide mutation no.36830 and he continue to owner of the property. Earlier title document bearing Vasika No. 141 dated 15.04.1988 is lost and not traceable. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 10 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

Description of Property :-

Property Measuring 6.5 Marla comprising under Khasra No. 518/1, 518/2, 518/3, 518/4, 518/5, 518/6, 4575/515 Situated at Mohalla Ankhi Nagar, Village Phagwara Sharki, Tehsil Phagwara, District Kapurthala

Lalit Kakkar (Advocate)
Off. : Chamber No. 24, New Courts, Jalandhar. M.No. 98761-07449

tru
## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

### ਜਨਤਕ ਨੋਟਿਸ

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 24 ਸਤੰਬਰ 2024 ਨੂੰ ਪਠਾਨਕੋਟ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।

ਸ਼ਾਖਾ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ ਸਟੇਟ ਬੈਂਕ ਆਫ ਇੰਡੀਆ ਉਪਰ, ਸੇਲਾਈ ਰੋਡ, ਪਠਾਨਕੋਟ, ਪੰਜਾਬ-145001

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਹੇਠਾਂ ਦਰਸਾਏ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸ਼ਾਖਾ ਦੇ ਨਾਂਅ ਨਾਲ ਸੰਬੰਧਤ ਹਨ।

ਪਠਾਨਕੋਟ ਬਰਾਂਚ : GL0000000208068.

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ।

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ ਨੂੰ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ 'ਚ ਤਬਦੀਲੀ ਅਤੇ ਮੁਲਤਵੀ/ਬਿਨਾਂ ਅਗਾਊਂ ਨੋਟਿਸ ਨਿਲਾਮੀ ਰੱਦ ਕਰਨ ਦਾ ਅਧਿਕਾਰ ਹੈ।

ਟਰੂਕੈਪ ਫਾਇਨਾਂਸ ਲਿਮਟਿਡ

tru
## ਟਰੂਕੈਪ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ : 27AAACD9887D1ZC
ਕਾਰਪੋਰੇਟ ਪਛਾਣ ਨੰਬਰ : L64920MH1994PLC334457

### ਜਨਤਕ ਨੋਟਿਸ

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 24 ਸਤੰਬਰ 2024 ਨੂੰ ਜ਼ੀਰਾ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।

ਸ਼ਾਖਾ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ ਮਾਰਫਤ ਮਲਕੀਤ ਸਿੰਘ ਤਲਵੰਡੀ ਰੋਡ ਨੇੜੇ ਕਲਾਕ ਟਾਵਰ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪਿੰਨ ਨੰ. 142047

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਹੇਠਾਂ ਦਰਸਾਏ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸ਼ਾਖਾ ਦੇ ਨਾਂਅ ਨਾਲ ਸੰਬੰਧਤ ਹਨ।

ਜ਼ੀਰਾ ਬਰਾਂਚ : GL0000000208624.
ਫਰੀਦਕੋਟ ਬਰਾਂਚ : GL0000000211618.
ਫਿਰੋਜ਼ਪੁਰ ਬਰਾਂਚ : GL0000000168306,GL0000000180960,GL0000000191930, GL0000000133212.

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ।

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**
**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ ਨੂੰ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ 'ਚ ਤਬਦੀਲੀ ਅਤੇ ਮੁਲਤਵੀ/ਬਿਨਾਂ ਅਗਾਊਂ ਨੋਟਿਸ ਨਿਲਾਮੀ ਰੱਦ ਕਰਨ ਦਾ ਅਧਿਕਾਰ ਹੈ।

ਟਰੂਕੈਪ ਫਾਇਨਾਂਸ ਲਿਮਟਿਡ

ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/97/2020 14.06.2024
ਐਕਸਿਸ ਬੈਂਕ ਲਿਮਟਿਡ
ਬਨਾਮ
ਹਰਜੀਵਨ ਸਿੰਘ

ਸੇਵਾ 'ਚ
(ਸੀ ਡੀ 2) ਗੁਰਚਰਨ ਸਿੰਘ ਪੁੱਤਰ ਮਲ ਸਿੰਘ ਵਾਸੀ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ
ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/1702/2019 'ਚ ਰਕਮ ਰੁਪਏ 30,17,856.65 (ਰੁਪਏ ਤੀਹ ਲੱਖ ਸਤਾਰਾਂ ਹਜ਼ਾਰ ਅੱਠ ਸੌ ਛਪੰਜਾ ਅਤੇ ਪੈਂਹਠ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 10.90% ਸਧਾਰਨ ਵਿਆਜ ਸਾਲਾਨਾ 27-10-2017 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ ਰੁਪਏ 33,000/- (ਰੁਪਏ ਤੇਤੀ ਹਜ਼ਾਰ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।
2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।
3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 22.11.2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।
4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।
5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ।
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 14-06-2024 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)

ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/264/2023 22.05.2024
ਐਕਸਿਸ ਬੈਂਕ ਲਿਮਟਿਡ
ਬਨਾਮ ਅਵਤਾਰ ਸਿੰਘ

ਸੇਵਾ 'ਚ
(ਸੀ ਡੀ 1) ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਹੀਰਾ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ-147101, ਪੰਜਾਬ
(ਸੀ ਡੀ 2) ਸ੍ਰੀ ਨਿਰਵੈਰ ਸਿੰਘ ਪੁੱਤਰ ਸ੍ਰੀ ਅਵਤਾਰ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ-147101, ਪੰਜਾਬ
(ਸੀ ਡੀ 3) ਸ੍ਰੀ ਕੁਲਵੰਤ ਸਿੰਘ ਪੁੱਤਰ ਸ੍ਰੀ ਸਾਹਿਬ ਸਿੰਘ ਵਾਸੀ ਧਨੀਪੁਰ, ਤਹਿਸੀਲ ਸਮਾਣਾ, ਜ਼ਿਲ੍ਹਾ ਪਟਿਆਲਾ-147101, ਪੰਜਾਬ
ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/2404/2018 'ਚ ਰਕਮ ਰੁਪਏ 29,53,918.52 (ਰੁਪਏ ਉਨੱਤੀ ਲੱਖ ਤਰਵੰਜਾ ਹਜ਼ਾਰ ਨੌਂ ਸੌ ਅਠਾਰਾਂ ਅਤੇ ਬਵੰਜਾ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 10.00% ਸਧਾਰਨ ਵਿਆਜ ਸਾਲਾਨਾ 06-10-2018 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ ਰੁਪਏ 32,000/- (ਰੁਪਏ ਬੱਤੀ ਹਜ਼ਾਰ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।
2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।
3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 26.09.2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।
4. ਤੁਹਾਨੂੰ, ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।
5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ।
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 22-05-2024 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)

ਫਾਰਮ ਨੰ: 14
[ਵੇਖੋ ਨਿਯਮ 33 (2)]
ਪ੍ਰਕਾਸ਼ਨਾ ਰਾਹੀਂ
ਦਫਤਰ ਵਸੂਲੀ ਅਫਸਰ I/II
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)
ਹੇਠਲੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ (ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦਿਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/1570/2019 10.06.2024
ਐਕਸਿਸ ਬੈਂਕ ਲਿਮਟਿਡ
ਬਨਾਮ ਸੁਰਿੰਦਰ ਪਾਲ ਸਿੰਘ

ਸੇਵਾ 'ਚ
(ਸੀ ਡੀ 1) ਸ੍ਰੀ ਸੁਰਿੰਦਰ ਪਾਲ ਸਿੰਘ ਪੁੱਤਰ ਗੁਰਮੇਲ ਸਿੰਘ, ਵਾਸੀ ਪਿੰਡ ਗੋਪਾਲਪੁਰ, ਡਾਕਖਾਨਾ ਡੇਹਲੋਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141118, ਪੰਜਾਬ। (ਕਰਜ਼ਦਾਰ)
(ਸੀ ਡੀ 2) ਸ੍ਰੀਮਤੀ ਕਮਲਜੀਤ ਕੌਰ ਪਤਨੀ ਸੁਰਿੰਦਰ ਪਾਲ ਸਿੰਘ ਵਾਸੀ ਪਿੰਡ ਗੋਪਾਲਪੁਰ, ਡਾਕਖਾਨਾ ਡੇਹਲੋਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। (ਸਹਿ-ਕਰਜ਼ਦਾਰ)
ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਇਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/159/2019 'ਚ ਰਕਮ ਰੁਪਏ 18,87,340.49 (ਰੁਪਏ ਅਠਾਰਾਂ ਲੱਖ ਸਤਾਸੀ ਹਜ਼ਾਰ ਤਿੰਨ ਸੌ ਚਾਲੀ ਅਤੇ ਉਨੰਜਾ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 11.25 % ਸਧਾਰਨ ਵਿਆਜ ਸਾਲਾਨਾ 24-12-2018 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ ਰੁਪਏ 21,000/- (ਰੁਪਏ ਇੱਕੀ ਹਜ਼ਾਰ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।
2. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 26.09.2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।
ਜਾਇਦਾਦ ਦਾ ਵੇਰਵਾ
ਖੇਤੀਬਾੜੀ ਜ਼ਮੀਨ ਰਕਬਾ 4.00 ਏਕੜ (32 ਕੇ-0 ਐੱਮ) ਅਰਥਾਤ 68 ਕੇ-4 ਐੱਮ ਵਿੱਚੋਂ 640/1364ਵਾਂ ਹਿੱਸਾ, ਜੋ ਸ਼ਾਮਲ ਹੈ ਖੇਵਟ ਨੰ. 162 ਖਤੌਨੀ ਨੰ. 295 ਕਿਲਾ ਨੰ. 54//11 ਤੋਂ 25/1 (68-4) 'ਚ ਅਤੇ ਪਿੰਡ ਹੈਦੇਵਾਲ, ਤਹਿਸੀਲ ਕੂਮਕਲਾਂ, ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਖੇ ਸਥਿਤ ਹੈ ਅਤੇ ਸ੍ਰੀ ਸੁਰਿੰਦਰ ਪਾਲ ਸਿੰਘ ਪੁੱਤਰ ਸ੍ਰੀ ਗੁਰਮੇਲ ਸਿੰਘ ਦੇ ਨਾਂਅ 'ਤੇ ਹੈ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 10-06-2024 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 3)


## ...ਸਫ਼ਾ 1 ਦੇ ਬਾਕੀ

### ਜੰਮੂ-ਕਸ਼ਮੀਰ ਦੇ ਨੌਜਵਾਨ...

ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਭਾਜਪਾ ਵੱਲੋਂ ਜੰਮੂ-ਕਸ਼ਮੀਰ ਦਾ ਰਾਜ ਦਾ ਰੁਤਬਾ ਬਹਾਲ ਕਰਨ ਦਾ ਵਾਅਦਾ ਪੂਰਾ ਕੀਤਾ ਜਾਵੇਗਾ। ਉਨ੍ਹਾ ਕਿਹਾ—ਜੰਮੂ ਅਤੇ ਕਸ਼ਮੀਰ ਦਾ ਨੌਜਵਾਨ ਹੁਣ ਲਾਚਾਰ ਨਹੀਂ ਰਿਹਾ। ਹੁਣ ਉਹ ਮੋਦੀ ਸਰਕਾਰ ਦੇ ਤਹਿਤ ਤਾਕਤਵਰ ਹੋ ਰਿਹਾ ਹੈ। ਮੈਨੂੰ ਖੁਸ਼ੀ ਹੈ ਕਿ ਜੰਮੂ-ਕਸ਼ਮੀਰ ਭਾਜਪਾ ਨੇ ਨੌਜਵਾਨਾਂ ਦੇ ਸ਼ਕਤੀਕਰਨ ਲਈ ਵੱਡੇ-ਵੱਡੇ ਐਲਾਨ ਕੀਤੇ ਹਨ, ਭਾਵੇਂ ਇਹ ਹੁਨਰ ਵਿਕਾਸ ਹੋਵੇ ਜਾਂ ਬਿਨਾਂ ਕਿਸੇ ਹੇਰਾਫੇਰੀ ਤੋਂ ਨੌਕਰੀਆਂ ਮੁਹੱਈਆ ਕਰਾਉਣਾ ਹੋਵੇ, ਭਾਜਪਾ ਸਭ ਕੁਝ ਕਰੇਗੀ। ਕਾਂਗਰਸ, ਨੈਸ਼ਨਲ ਕਾਨਫਰੰਸ ਅਤੇ ਪੀ ਡੀ ਪੀ ਉਤੇ ਹਮਲਾ ਬੋਲਦਿਆਂ ਉਨ੍ਹਾ ਕਿਹਾ ਕਿ ਇਨ੍ਹਾਂ ਤਿੰਨਾਂ ਪਾਰਟੀਆਂ ਅਤੇ ਪਰਵਾਰਾਂ ਨੇ ਆਪਣੇ ਹਿੱਤਾਂ ਲਈ ਜਮਹੂਰੀਅਤ ਅਤੇ ਕਸ਼ਮੀਰੀਅਤ ਨੂੰ ਦਰੜਿਆ ਹੈ।

### ਮੰਡੀ ਗੋਬਿੰਦਗੜ੍ਹ 'ਚ...

ਯੂਨਿਟਾਂ ਲਈ ਆਰਡਰ ਦੀ ਪੁਸ਼ਟੀ ਹੋ ਗਈ ਹੈ। ਉਨ੍ਹਾ ਕਿਹਾ ਕਿ ਵਿਕਾਸ ਅਤੇ ਟੈਸਟਿੰਗ ਲਈ ਸੈਂਕੜੇ ਕਰੋੜ ਰੁਪਏ ਦੇ ਨਿਵੇਸ਼ ਵਾਲੇ ਮਾਡਲਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਹ ਸਾਰਾ ਕੁੱਝ ਇਕ ਹੀ ਜਗ੍ਹਾ ਹੋਵੇਗਾ, ਜਿਸ ਨਾਲ ਵਾਧੂ ਉਤਪਾਦਨ ਇਕਾਈਆਂ ਜੋੜੀਆਂ ਜਾਣਗੀਆਂ, ਇਸ ਨਾਲ ਹੋਰ ਮਾਲੀਆ ਆਉਣ ਦੇ ਨਾਲ-ਨਾਲ ਰੋਜ਼ਗਾਰ ਦੇ ਜ਼ਿਆਦਾ ਮੌਕੇ ਪੈਦਾ ਹੋਣਗੇ।

ਨਿਵੇਸ਼ ਕੰਪਨੀ ਨੂੰ ਭਵਿੱਖ ਦੇ ਉੱਦਮਾਂ ਲਈ ਪੂਰਨ ਸਮਰਥਨ ਅਤੇ ਸਹਿਯੋਗ ਦਾ ਭਰੋਸਾ ਦਿੰਦਿਆਂ ਮੁੱਖ ਮੰਤਰੀ ਨੇ ਅਗਲੇ ਮਹੀਨੇ ਮੰਡੀ ਗੋਬਿੰਦਗੜ੍ਹ 'ਚ ਪਲਾਂਟ ਦਾ ਨੀਂਹ ਪੱਥਰ ਰੱਖਣ ਲਈ ਵਫ਼ਦ ਦੇ ਸੱਦੇ ਨੂੰ ਸਵੀਕਾਰ ਕਰ ਲਿਆ। ਉਨ੍ਹਾ ਕਿਹਾ ਕਿ ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਮੋਹਰੀ ਆਟੋਮੋਟਿਵ ਦਿੱਗਜ਼ ਬੀ.ਐੱਮ.ਡਬਲਿਊ ਦੇ ਪਾਰਟਸ ਹੁਣ ਸੂਬੇ ਵਿੱਚ ਤਿਆਰ ਕੀਤੇ ਜਾਣਗੇ। ਮਾਨ ਨੇ ਕਿਹਾ ਕਿ ਇਹ ਕਦਮ ਪੰਜਾਬ ਨੂੰ ਅੰਤਰਰਾਸ਼ਟਰੀ ਨਕਸ਼ੇ 'ਤੇ ਉਜਾਗਰ ਕਰਨ ਦੇ ਨਾਲ-ਨਾਲ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਨਿਵੇਸ਼ਕਾਂ ਦੀ ਭਲਾਈ ਲਈ ਸਹੀ ਮਾਅਨਿਆਂ ਵਿੱਚ ਸਿੰਗਲ ਵਿੰਡੋ ਸਿਸਟਮ ਵਾਲੀ ਉਦਯੋਗ ਪੱਖੀ ਸਰਕਾਰ ਹੈ। ਉਨ੍ਹਾ ਕਿਹਾ ਕਿ ਪੰਜਾਬ ਮੌਕਿਆਂ ਦੀ ਧਰਤੀ ਹੈ ਅਤੇ ਵਿਸ਼ਵ ਭਰ ਦੀਆਂ ਪ੍ਰਮੁੱਖ ਕੰਪਨੀਆਂ ਸੂਬੇ ਵਿੱਚ ਨਿਵੇਸ਼ ਕਰਨ ਲਈ ਤਿਆਰ ਹਨ।

## ਗੁਰੂ ਨਾਨਕਪੁਰਾ ਬਿਰਧ ਆਸ਼ਰਮ 'ਚ ਪਹੁੰਚਿਆ ਬੇਸਹਾਰਾ ਬੱਚਾ

**ਬਠਿੰਡਾ (ਰਾਜੀਵ ਗੋਇਲ)**

ਬੀਤੀ ਸ਼ਾਮ ਕਸਬਾ ਭਗਤਾ ਭਾਈਕਾ ਦੇ ਕੋਠਾਗੁਰੂ ਰੋਡ 'ਤੇ ਚੱਲ ਰਹੇ ਬੇਸਹਾਰੇ ਤੇ ਨਿਆਸਰਿਆਂ ਦੇ ਘਰ ਗੁਰੂਨਾਨਕਪੁਰਾ ਬਿਰਧ ਆਸ਼ਰਮ ਵਿੱਚ ਬੇਸਹਾਰਾ ਬੱਚੇ ਦੀ ਐਂਟਰੀ ਹੋਈ ਹੈ। ਜਾਣਕਾਰੀ ਦਿੰਦਿਆਂ ਆਸ਼ਰਮ ਸੰਚਾਲਕ ਮਨਕੀਰਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਇੱਕ ਬੱਚਾ ਇਸ ਆਸ਼ਰਮ ਵਿੱਚ ਪਹੁੰਚਿਆ ਹੈ, ਜਿਹੜਾ ਬਾਘਾ ਪੁਰਾਣਾ ਦੇ ਨਾਲ ਲੱਗਦੇ ਕਿਸੇ ਪਿੰਡ ਨਾਲ ਸੰਬੰਧਤ ਹੈ। ਉਨ੍ਹਾਂ ਦੱਸਿਆ ਕਿ ਇਸ ਬੱਚੇ ਦੇ ਬਾਪ ਦੀ ਮੌਤ ਹੋ ਚੁੱਕੀ ਹੈ ਤੇ ਮਾਂ ਮਾਨਸਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਇਸ ਬੱਚੇ ਦਾ ਪਾਲਣ ਪੋਸ਼ਣ ਨਹੀਂ ਕਰ ਸਕਦੀ ਸੀ, ਜਿਸ ਦੇ ਚਲਦਿਆਂ ਪਰਵਾਰ ਵੱਲੋਂ ਇਸ ਬੱਚੇ ਦੀ ਪਰਵਰਿਸ਼ ਦਾ ਜ਼ਿੰਮਾ ਆਸ਼ਰਮ ਨੂੰ ਦੇ ਦਿੱਤਾ ਹੈ। ਇਸ ਬੱਚੇ ਦੀ ਉਮਰ ਕਰੀਬ ਸੱਤ-ਅੱਠ ਸਾਲ ਜਾਪਦੀ ਹੈ। ਮਨਕੀਰਤ ਸਿੰਘ ਨੇ ਦੱਸਿਆ ਕਿ ਇਸ ਬੱਚੇ ਨੂੰ ਸਕੂਲ ਪੜ੍ਹਨ ਲਈ ਭੇਜਿਆ ਜਾਵੇਗਾ ਤੇ ਪਰਵਰਿਸ਼ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਧਰਨਾ ਲਗਾਤਾਰ ਪੰਜਵੇਂ ਦਿਨ ਵੀ ਜਾਰੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਡੇਰਾ ਬਾਬਾ ਨਾਨਕ ਵੱਲੋਂ ਬਲਾਕ ਖ਼ਜ਼ਾਨਚੀ ਅਮਨਦੀਪ ਸਿੰਘ ਮੰਗੀਆਂ ਦੀ ਅਗਵਾਈ ਵਿੱਚ ਧਰਨਾ ਲਗਾਤਾਰ ਪੰਜਵੇਂ ਦਿਨ ਵੀ ਜਾਰੀ । ਪਰ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਪੁਲਸ ਪ੍ਰਸ਼ਾਸਨ ਦੇ ਉਹੀ ਢਿੱਲੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਜਾਥੇਬੰਦੀ ਵੱਲੋਂ ਮੀਟਿੰਗ ਕਰਕੇ ਪਾਸ ਕੀਤੀ ਗਈ ਕਿ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਵਿਚ 20 ਸਤੰਬਰ ਨੂੰ ਕਾਹਲਾਂ ਵਾਲੀ ਚੌਕ ਜਾਮ ਕੀਤਾ ਜਾਵੇਗਾ ਜਿਸ ਵਿੱਚ ਕੋਈ ਵੀ ਅਣਸੁਖਾਵੀ ਘਟਨਾ ਵਾਪਰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।ਅੱਜ ਦੇ ਧਰਨੇ ਵਿੱਚ ਬਲਾਕ ਪ੍ਰਧਾਨ ਗੁਰਬਚਨ ਸਿੰਘ ਖੋਦੇਬੇਟ, ਅਮਨਦੀਪ ਸਿੰਘ ਮੰਗੀਆਂ, ਸਿਮਰਨਜੋਤ ਮੂਲੋਵਾਲੀ, ਅਮਨਦੀਪ ਸਿੰਘ ਕਠਿਆਲ, ਮੇਜਰ ਸਿੰਘ ਕਠਿਆਲਾ, ਸਤਨਾਮ ਸਿੰਘ ਮੂਲੋਵਾਲੀ, ਦਲਜੀਤ ਸਿੰਘ ਚਿਤੌੜਗੜ੍ਹ, ਨਿਸ਼ਾਨ ਸਿੰਘ ਘਾਣੀਆ, ਗੁਲਾਬ ਸਿੰਘ ਮੂਲੋਵਾਲੀ ਸੀਨੀਅਰ ਮੀਤ ਪ੍ਰਧਾਨ ਜਲ ਸਪਲਾਈ, ਜਗਮੀਤ ਸਿੰਘ ਕਠਿਆਲਾ ਗੁਰਪ੍ਰੀਤ ਸਿੰਘ ਮਾਲੇਵਾਲ, ਤਰਸੇਮ ਸਿੰਘ ਖੋਦੇਬੇਟ, ਉੱਤਮ ਸਿੰਘ ਕਠਿਆਲਾ, ਅਜੀਤ ਸਿੰਘ ਖੋਖਰ, ਬਾਬਾ ਲੱਖਾ ਸਿੰਘ ਮੰਗੀਆਂ, ਪਰਮਜੀਤ ਕੌਰ, ਅਮਰਜੀਤ ਕੌਰ, ਸੁਰਜੀਤ ਕੌਰ, ਜਸਪਿੰਦਰ ਕੌਰ, ਲਖਵਿੰਦਰ ਕੌਰ, ਜਸਵਿੰਦਰ ਕੌਰ ਬਲਬੀਰ ਕੌਰ ਸੁਖਵਿੰਦਰ ਕੌਰ ਬਲਜੀਤ ਕੌਰ ਸਾਹਿਬ ਸਿੰਘ ਮੰਗੀਆ, ਬਲਦੇਵ ਸਿੰਘ, ਮਨਜੀਤ ਸਿੰਘ, ਰਤਨ ਸਿੰਘ, ਗੁਰਪ੍ਰੀਤ ਸਿੰਘ ਰਾਂਝਾ ਮੂਲੋਵਾਲੀ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਆਗੂ ਸ਼ਾਮਲ ਸਨ।

## ਸਲੋਗਨ ਲਿਖਣ ਮੁਕਾਬਲੇ 'ਚ ਵਿਦਿਆਰਥਣ ਧਰੁਤੀ ਸ਼ਰਮਾ ਨੂੰ ਪਹਿਲਾ ਸਥਾਨ ਹਾਸਲ



**ਬਟਾਲਾ (ਤਰਲੋਕ ਬੱਗਾ)**- ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਦਾਸਪੁਰ ਵਲੋਂ ਸਮਗਰ ਸਿੱਖਿਆ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਏਕ ਭਾਰਤ ਸਰਵੋਤਮ ਭਾਰਤ ਮੁਕਾਬਲਾ 2024 ਗੁਰਦਾਸਪੁਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਜ਼ਿਲ੍ਹੇ ਦੇ ਕਰੀਬ 18 ਸਕੂਲਾਂ ਨੇ ਭਾਗ ਲਿਆ। ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ 10ਵੀਂ ਜਮਾਤ ਦੀ ਵਿਦਿਆਰਥਣ ਧਰੁਤੀ ਸ਼ਰਮਾ ਨੇ ਸਲੋਗਨ ਰਾਈਟਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥਣ, ਉਸ ਦੇ ਮਾਤਾ-ਪਿਤਾ ਅਤੇ ਅਧਿਆਪਕ ਨਵੀਨ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹਨਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੀਆਂ ਕਲਾਤਮਕ, ਰਚਨਾਤਮਕ ਅਤੇ ਸਿਰਜਣਾਤਮਕ ਰੁਚੀਆਂ ਦਾ ਵਿਕਾਸ ਹੁੰਦਾ ਹੈ, ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੈ।

# 'ਪਿੰਡ ਬਚਾਓ ਪੰਜਾਬ ਬਚਾਓ' ਯਾਤਰਾ ਦਾ ਮਾਹਿਲਪੁਰ 'ਚ ਭਰਵਾਂ ਸਵਾਗਤ



**ਮਾਹਿਲਪੁਰ (ਸਫਰੀ)** ਪੰਜਾਬ ਵਿੱਚ ਪੰਚਾਇਤੀ ਰਾਜ ਦੀ ਮਜ਼ਬੂਤੀ ਲਈ ਸ਼ੁਰੂ ਕੀਤੀ ਗਈ 'ਪਿੰਡ ਬਚਾਓ ਪੰਜਾਬ ਬਚਾਓ' ਯਾਤਰਾ ਦਾ ਮਾਹਿਲਪੁਰ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਇੱਥੇ ਹੋਏ ਇੱਕ ਸੈਮੀਨਾਰ 'ਚ ਪੰਜਾਬ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਖਾਸ ਤੌਰ 'ਤੇ ਗ੍ਰਾਮ ਸਭਾ ਨੂੰ ਕਾਰਜਸ਼ੀਲ ਕਰਨ 'ਤੇ ਜ਼ੋਰ ਦਿੱਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਉੱਘੇ ਪੱਤਰਕਾਰ ਅਤੇ ਐਕਟਿਵਿਸਟ ਹਮੀਰ ਸਿੰਘ ਨੇ ਕਿਹਾ ਕਿ ਪੰਜਾਬੀ ਭਵੇਂ ਕਈ ਪੱਖਾਂ ਤੋਂ ਸੁਚੇਤ ਹਨ ਇਹਨਾਂ ਨੇ ਕਈ ਸੰਘਰਸ਼ ਵੀ ਲੜੇ ਤੇ ਕਾਮਯਾਬ ਵੀ ਹੋਏ, ਪਰ 'ਗ੍ਰਾਮ ਸਭਾ' ਸੰਸਥਾ ਦੀ ਇਹਨਾਂ ਨੇ ਭਰੂਣ ਹੱਤਿਆ ਕਰ ਦਿੱਤੀ ਹੈ।ਸਾਨੂੰ ਦੇਖਣ ਦੀ ਲੋੜ ਹੈ ਕਿ 30 ਸਾਲ ਬਾਅਦ ਵੀ ਗ੍ਰਾਮ ਸਭਾਵਾਂ ਕਾਰਜਸ਼ੀਲ ਕਿਉਂ ਨਹੀਂ ਹੋ ਸਕੀਆਂ। ਸਾਨੂੰ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਕਿ ਉਹ ਕਿਹੜੀਆਂ ਤਾਕਤਾਂ ਹਨ ਜਿਨ੍ਹਾਂ ਨੇ ਇਸ ਦਾ ਜਨਮ ਨਹੀਂ ਹੋਣ ਦਿੱਤਾ।ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਹੁਰਾਂ ਨੇ ਕਿਹਾ ਕਿ ਸਾਨੂੰ ਆਪਣੀ ਸਮਾਜਿਕ ਅਤੇ ਭਾਈਚਾਰਕ ਸਾਂਝ ਦੀ ਜਿੰਮੇਵਾਰੀ ਸਮਝਦਿਆਂ ਵੱਧ ਤੋਂ ਵੱਧ ਪੰਚਾਇਤਾਂ ਸਰਬ ਸੰਮਤੀ ਨਾਲ ਚੁਣਨੀਆਂ ਚਾਹੀਦੀਆਂ ਹਨ।ਸਮਾਜਿਕ ਕਾਰਕੁਨ ਅਤੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੇ ਕਿਹਾ ਕਿ ਦੁਆਬਾ ਗਦਰੀ ਬਾਬੇ ਅਤੇ ਬੱਬਰਾਂ ਦੀ ਧਰਤੀ ਹੈ ਇਥੋਂ ਦੇ ਲੋਕਾਂ ਨੂੰ ਹੁਣ ਵੀ ਹਰ ਮੁਹਿੰਮ 'ਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ।ਕੇਂਦਰੀ ਸਿੰਘ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਨੇ ਕਿਹਾ ਕਿ ਪੰਚਾਇਤਾਂ ਨੂੰ 29 ਮਹਿਕਮੇ ਅਤੇ ਬਜਟ ਦਾ 33% ਹਿੱਸਾ ਦਿੱਤਾ ਜਾਣਾ ਸੀ, ਪਰ ਨਾ ਇਸ ਪ੍ਰਤੀ ਸਰਕਾਰਾਂ ਸੁਚੇਤ ਹੋਈਆਂ ਅਤੇ ਨਾ ਹੀ ਲੋਕ।ਉਹਨਾਂ ਕਿਹਾ ਕਿ ਆਉਣ ਵਾਲੀਆਂ ਪੰਚਾਇਤ ਚੋਣਾਂ ਉਪਰੰਤ ਇਹ ਯਕੀਨੀ ਬਣਾਇਆ ਜਾਵੇ ਕਿ ਸਰਪੰਚ ਗ੍ਰਾਮ ਸਭਾ ਵੱਲੋਂ ਸਮੂਹਿਕ ਤੌਰ 'ਤੇ ਲਏ ਫੈਸਲੇ ਨੂੰ ਹੀ ਲਾਗੂ ਕਰੇ।ਦਰਸ਼ਨ ਸਿੰਘ ਧਰੇਟਾ ਨੇ ਇਸ ਮੌਕੇ ਕਿਹਾ ਕਿ ਸਰਕਾਰ ਨੇ ਜਿੱਥੇ ਪਾਰਟੀ ਦੇ ਚੋਣ ਨਿਸ਼ਾਨ ਦੀ ਵਰਤੋਂ ਪੰਚਾਇਤ ਚੋਣਾਂ 'ਚ ਬੰਦ ਕਰਕੇ ਚੰਗਾ ਫੈਸਲਾ ਲਿਆ ਹੈ ਉੱਥੇ ਹੀ ਰਾਜਸੀ ਆਗੂ ਦੀ ਫੋਟੋ ਲਗਾਉਣ ਦੀ ਵੀ ਆਗਿਆ ਨਹੀਂ ਹੋਣੀ ਚਾਹੀਦੀ। ਉਹਨਾਂ ਕਿਹਾ ਕਿ ਲੋਕਾਂ ਨੂੰ ਲੋਕ ਪੱਖੀ ਉਮੀਦਵਾਰ ਹੀ ਪੰਚਾਇਤ ਚੋਣਾਂ ਵਿੱਚ ਅੱਗੇ ਲਿਆਉਣੇ ਚਾਹੀਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਅਜੀਤ, ਬਲਜਿੰਦਰ ਮਾਨ, ਬਲਵਿੰਦਰ ਬੱਬੂ , ਕਿਰਪਾਲ ਸਿੰਘ, ਰੁਪਿੰਦਰ ਜੋਤ ਸਿੰਘ ਮਾਹਿਲਪੁਰੀ, ਖੁਸ਼ਵੰਤ ਸਿੰਘ, ਓਮ ਸਿੰਘ ਸਟਿਆਣਾ, ਰਸ਼ਪਾਲ ਸਿੰਘ ਖੇੜਾ ਅਤੇ ਹੋਰ ਬਹੁਤ ਸਾਰੇ ਵਿਅਕਤੀ ਹਾਜ਼ਰ ਸਨ।

## ਚੋਰੀਸ਼ੁਦਾ ਮੋਟਰਸਾਈਕਲ ਸਮੇਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਭੈਣੀ ਮੀਆਂ ਖਾਂ ਪੁਲਸ ਨੇ ਚੋਰੀਸ਼ੁਦਾ ਮੋਟਰਸਾਈਕਲ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਏ.ਐਸ.ਆਈ. ਤੀਰਥ ਰਾਮ ਨੇ ਦੱਸਿਆ ਕਿ ਉਨ੍ਹਾਂ ਪੁਲਸ ਪਾਰਟੀ ਸਮੇਤ ਧੁੱਸੀ ਬੰਨ੍ਹ ਟੀ.ਪੁਆਇੰਟ ਮੁੱਲਾਂਵਾਲ ਤੋਂ ਜਸ਼ਨਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪੁਰਾਣੀਆ ਬਾਗੜੀਆਂ ਨੂੰ ਚੋਰੀਸ਼ੁਦਾ ਮੋਟਰਸਾਈਕਲ ਨੰਬਰੀ ਪੀ.ਬੀ 06 ਐਮ. 6505 ਮਾਰਕਾ ਸਪਲੈਂਡਰ ਰੰਗ ਕਾਲਾ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਗਾਲੀ-ਗਲੋਚ ਕਰਨ ਵਾਲੇ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਗਾਲੀ ਗਲੋਚ ਕਰਨ ਵਾਲੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਤਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਖੋਖਰ ਥਾਣਾ ਸਦਰ ਗੁਰਦਾਸਪੁਰ ਨੇ ਦੱਸਿਆ ਕਿ18 ਸਤੰਬਰ ਨੂੰ ਮੈਂ ਆਪਣੀ ਕਾਰ ਨੰਬਰੀ ਪੀ.ਬੀ. 06-ਏ.ਡੀ-7204 ਮਾਰਕਾ ਆਈ-20 'ਤੇ ਸਵਾਰ ਹੋ ਕੇ ਆਪਣੇ ਡਿਗਰੀ ਕਾਲਜ ਤੋਂ ਅੰਮ੍ਰਿਤਸਰ ਯੂਨੀਵਰਸਿਟੀ ਵਿਦਿਆਰਥੀਆਂ ਦੀਆਂ ਫੀਸਾਂ ਜਮ੍ਹਾਂ ਕਰਵਾਉਣ ਲਈ ਜਾ ਰਿਹਾ ਸੀ ਕਿ ਸਵੇਰੇ 10 ਵਜੇ ਦੇ ਕਰੀਬ ਜਦ ਉਹ ਕਸ਼ਯਪ ਹਸਪਤਾਲ ਨੇੜੇ ਪੈਟਰੋਲ ਪੰਪ ਵਾਲੀ ਗਲੀ ਸੰਤ ਨਗਰ ਰੋਡ 'ਤੇ ਪੁੱਜਾ ਤਾਂ ਪੰਥਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਗੁਰਦਾਸਪੁਰ ਨੇ ਆਪਣੀ ਕਾਰ ਨੰਬਰੀ ਪੀ.ਬੀ. 06 ਬੀ.ਐਚ. 3389 ਆਈ-20 ਮੇਰੀ ਕਾਰ ਦੇ ਅੱਗੇ ਲਗਾ ਦਿੱਤੀ ਅਤੇ ਕਾਰ ਵਿਚੋਂ ਬਾਹਰ ਨਿਕਲ ਕੇ ਮੇਰੇ ਨਾਲ ਬਹਿਸਬਾਜ਼ੀ ਅਤੇ ਗਾਲੀ ਗਲੋਚ ਕੀਤਾ ਤੇ ਬਆਦ ਵਿਚ ਧਮਕੀਆਂ ਦਿੰਦਾ ਹੋਇਆ ਚਲਾ ਗਿਆ। ਉਕਤ ਵਿਅਕਤੀ ਨੇ ਪੀੜਤ ਦੇ ਗੁਰੂਕੁੱਲ ਡਿਗਰੀ ਕਾਲਜ ਵਿਖੇ ਜਾ ਕੇ ਰਿਸੈਪਸ਼ਨ ਦੇ ਸ਼ੀਸ਼ੇ ਤੇ ਦਰਵਾਜ਼ਿਆਂ ਦੀ ਭੰਨ ਤੋੜ ਕੀਤੀ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅੰਰਭ ਕਰ ਦਿੱਤੀ ਹੈ।

## ਜ਼ਿਲ੍ਹਾ ਗੁਰਦਾਸਪੁਰ ਮੈਨੂਅਲ ਸਕਵੈਂਜਿੰਗ ਫਰੀ ਘੋਸ਼ਿਤ

**ਗੁਰਦਾਸਪੁਰ (ਜਨਕ ਮਹਾਜਨ)**- ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਗੁਰਦਾਸਪੁਰ ਸੁਖਵਿੰਦਰ ਸਿੰਘ ਘੁੰਮਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵਲੋਂ ਮੈਨੂੰਅਲ ਸਕਵੈਂਜਰ ਐਕਟ-2013 ਤਹਿਤ ਮਾਨਯੋਗ ਭਾਰਤੀਯ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਗੁਰਦਾਸਪੁਰ ਵਿਚ ਮੈਨੂੰਅਲ ਸਕਵੈਂਜਿੰਗ (ਮਲੀਨ ਕਿੱਤਾ) ਕਰ ਰਹੇ ਕਾਮਿਆਂ ਦਾ ਸਰਵੇ ਕੀਤਾ ਜਾ ਚੁੱਕਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਵਿਭਾਗਾਂ ਅਤੇ ਏਜੰਸੀਆਂ ਵੱਲੋਂ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਜਾਣੂੰ ਕਰਵਾਇਆ ਗਿਆ ਅਤੇ ਕੀਤੇ ਗਏ ਸਰਵੇ ਅਨੁਸਾਰ ਪਾਇਆ ਗਿਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੋਈ ਵੀ ਮੈਨੂੰਅਲ ਸਕਵੈਂਜਿੰਗ ਅਤੇ ਇੰਨਸੈਂਟਰੀ ਲੈਟਰੀਨ ਨਹੀਂ ਹੈ। ਉਨ੍ਹਾਂ ਅੱਗੇ ਦੱਸਿਆ ਕਿਵ ਵੱਖ-ਵੱਖ ਸਰਕਾਰੀ ਵਿਭਾਗਾਂ/ਏਜੰਸੀਆਂ ਵੱਲੋਂ ਕੀਤੇ ਗਏ ਸਰਵੇ ਦੇ ਆਧਾਰ ਤੇ ਜ਼ਿਲ੍ਹਾ ਗੁਰਦਾਸਪੁਰ ਨੂੰ ਮੈਨੂੰਅਲ ਸਕਵੈਂਜਿੰਗ ਫਰੀ ਘੋਸ਼ਿਤ ਕੀਤਾ ਗਿਆ ਹੈ।

## ਬਾਬਾ ਮੱਘਰ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)** ਬਾਬਾ ਮੱਘਰ ਸਿੰਘ ਦਾ ਜਨਮ ਦਿਹਾੜਾ ਕਰਤਾਰਪੁਰ ਸੰਤ ਬਾਬਾ ਨਿਧਾਨ ਸਿੰਘ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ।ਇਸ ਵਿੱਚ ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਬੀਬੀ ਭਜਨ ਕੌਰ, ਚੇਅਰਪਰਸਨ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਸਕੂਲ ਪ੍ਰਿੰਸੀਪਲ ਕੰਵਲਜੀਤ ਕੌਰ, ਅਧਿਆਪਕ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਖ਼ੂਨਦਾਨ ਸਭ ਤੋਂ ਉੱਤਮ ਦਾਨ : ਹੀਰਾ ਵਾਲੀਆ



**ਬਟਾਲਾ (ਤਰਲੋਕ ਬੱਗਾ)** - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਬਟਾਲਾ ਵਲੋਂ ਯੁਵਾ ਮੋਰਚਾ ਦੀ ਟੀਮ ਦੇ ਯਤਨਾਂ ਸਦਕਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਜ਼ਿਲ੍ਹਾ ਟੀਮ, ਮੰਡਲ ਪ੍ਰਧਾਨ ਸਮੇਤ ਮੰਡਲ ਟੀਮਾਂ ਨੇ ਹਾਜ਼ਰੀ ਭਰੀ। ਇਸ ਮੌਕੇ ਯੂਵਾ ਮੋਰਚਾ ਦੇ ਪ੍ਰਧਾਨ ਡਿੰਪਲ ਮਹਾਜਨ ਵੱਲੋਂ ਖ਼ੂਨਦਾਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾ ਕੇ ਇਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ ਅਤੇ ਹਰ ਤੰਦਰੁਸਤ ਵਿਅਕਤੀ ਨੂੰ ਖ਼ੂਨਦਾਨ ਜ਼ਰੂਰ ਕਰਨਾ ਚਾਹੀਦਾ ਹੈ। ਕਿਉਂਕਿ ਤੁਹਾਡੇ ਵਲੋਂ ਕੀਤੇ ਗਏ ਖ਼ੂਨ ਦਾਨ ਨਾਲ ਕਿਸੇ ਦੀ ਕੀਮਤੀ ਜਾਨ ਬਚਾਈ ਜਾ ਸਕਦੀ ਹੈ। ਹੀਰਾ ਵਾਲੀਆ ਨੇ ਕਿਹਾ ਕਿ ਅੱਜ ਕਈ ਭਾਜਪਾ ਆਗੂਆਂ ਵਲੋਂ ਖ਼ੂਨਦਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਉਥੇ ਹੀ ਕਿਸੇ ਲੋੜਵੰਦ ਦੀ ਮਦਦ ਵੀ ਹੋ ਜਾਂਦੀ ਹੈ। ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ ਵਾਈਸ ਪ੍ਰਧਾਨ, ਸ਼ਕਤੀ ਸ਼ਰਮਾ ਵਾਈਸ ਪ੍ਰਧਾਨ, ਅਸ਼ਵਨੀ ਮਹਾਜਨ ਸੀਨੀਅਰ ਭਾਜਪਾ ਲੀਡਰ, ਭੂਸ਼ਣ ਬਜਾਜ ਬਲਦੇਵ ਸੂਰੀ ਜ਼ਿਲ੍ਹਾ ਕੈਸ਼ੀਅਰ ਭਵਾਨੀ ਚਾਨਣ, ਵਿੱਕੀ ਕੌਸ਼ਲ, ਸਿਟੀ ਮੰਡਲ ਪ੍ਰਧਾਨ ਪੰਕਜ ਸ਼ਰਮਾ, ਪ੍ਰੋਫੈਸਰ ਓਮ ਪ੍ਰਕਾਸ਼, ਸਿਵਲ ਲਾਈਨ ਮੰਡਲ ਪ੍ਰਧਾਨ ਦੀਪਕ ਜੋਸ਼ੀ, ਦਿਹਾਤੀ ਮੰਡਲ ਪ੍ਰਧਾਨ ਗੁਰਦੀਪ ਸਿੰਘ, ਸੁਰਿੰਦਰ ਕੁਮਾਰ, ਸਿਵਲ ਜਨਰਲ ਸੈਕਟਰੀ ਅੰਮ੍ਰਿਤਪਾਲ ਸਿੰਘ ਮਠਾੜੂ, ਸਿਟੀ ਜਨਰਲ ਸੈਕਟਰੀ ਕੰਤ ਸ਼ਰਮਾ, ਓ ਬੀ ਸੀ ਮੋਰਚਾ ਪ੍ਰਧਾਨ ਸੂਰਜ ਸੂਰੀ, ਰਾਹੁਲ ਕੁਮਾਰ ਸਿਵਲ ਲਾਈਨ, ਵਾਈਸ ਪ੍ਰਧਾਨ ਜਸਪਾਲ ਸਿੰਘ, ਵਰੁਣ ਕੁਮਾਰ ਤੇ ਹੋਰ ਵੀ ਬੀ ਜੇ ਪੀ ਦੇ ਸੀਨੀਅਰ ਲੀਡਰ ਮੌਜੂਦ ਸਨ।

# ਪੀ ਏ ਯੂ ਦੇ ਖੇਤਰੀ ਖੋਜ ਕੇਂਦਰ 'ਚ ਹਾੜ੍ਹੀ ਦੀਆਂ ਫ਼ਸਲਾਂ ਲਈ ਕਿਸਾਨ ਮੇਲਾ



**ਗੁਰਦਾਸਪੁਰ, (ਜਨਕ ਮਹਾਜਨ, ਦਿਨੇਸ਼ ਕੁਮਾਰ)**- ਪੀ.ਏ.ਯੂ. ਦੇ ਹਾੜ੍ਹੀ ਦੀਆਂ ਫਸਲਾਂ ਲਈ ਕਿਸਾਨ ਮੇਲਿਆਂ ਦੇ ਸਿਲਸਿਲੇ ਵਿਚ ਖੇਤਰੀ ਖੋਜ ਕੇਂਦਰ ਗੁਰਦਾਸਪੁਰ ਵਿਖੇ ਕਿਸਾਨ ਮੇਲਾ ਲਗਾਇਆ ਗਿਆ। ਮੇਲੇ ਦੇ ਮੁੱਖ ਮਹਿਮਾਨ ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਸਨ ਜਦਕਿ ਮੇਲੇ ਦੀ ਪ੍ਰਧਾਨਗੀ ਪੀ.ਏ.ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ। ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਹਾਜ਼ਰ ਸਨ। ਇਸ ਤੋਂ ਇਲਾਵਾ ਪੀ. ਏ. ਯੂ. ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਹਰਦਿਆਲ ਸਿੰਘ ਗਜਨੀਪੁਰ, ਗੁਰਦਾਸਪੁਰ ਦੇ ਐੱਸ. ਡੀ. ਐਮ. ਡਾ. ਕਰਮਜੀਤ ਸਿੰਘ, ਕੇ. ਵੀ. ਕੇ ਗੁਰਦਾਸਪੁਰ ਦੇ ਨਿਰਦੇਸ਼ਕ ਡਾ. ਸਰਬਜੀਤ ਸਿੰਘ ਔਲਖ, ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ ਹਲਕਾ ਇੰਚਾਰਜ ਦੀਨਾਨਗਰ ਅਤੇ ਹਨੀ ਬਹਿਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਮੇਲੇ ਦੌਰਾਨ ਗੁਰਦਾਸਪੁਰ ਖੇਤਰੀ ਖੋਜ ਕੇਂਦਰ ਦੇ ਗੇਟ ਉੱਪਰ ਬੀਜਾਂ ਦੇ ਵਿਕਰੀ ਕੇਂਦਰ ਦਾ ਉਦਘਾਟਨ ਵੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਅਤੇ ਪੀ. ਏ. ਯੂ. ਦੇ ਵਾਈਸ ਚਾਂਸਲਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਮੁੱਖ ਮਹਿਮਾਨ ਲਾਲ ਚੰਦ ਕਟਾਰੂਚੱਕ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕਿਸਾਨ ਮੇਲੇ ਦੀ ਸਾਰਥਕਤਾ ਭਰਵੇਂ ਇਕੱਠ ਨਾਲ ਸਾਬਤ ਹੁੰਦੀ ਹੈ ਤੇ ਇਸ ਕੇਂਦਰ ਵਿਚ ਮੇਲੇ ਦਾ ਲੱਗਣਾ ਕਿਸਾਨ ਵੀਰਾਂ ਤੇ ਭੈਣਾਂ ਨੂੰ ਨਵੇਂ ਖੇਤੀ ਗਿਆਨ ਤੋਂ ਜਾਣੂੰ ਹੋਣ ਦਾ ਮੌਕਾ ਪ੍ਰਦਾਨ ਕਰਦਾ ਹੈ। ਡਾ. ਗੋਸਲ ਨੇ ਪੰਜਾਬ ਅਤੇ ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਖੇਤੀ ਸਿੱਖਿਆ ਨਾਲ ਆਪਣੇ ਬੱਚਿਆਂ ਨੂੰ ਜੋੜਨ ਅਤੇ ਗੁਰਦਾਸਪੁਰ ਦੇ ਖੇਤੀ ਸੰਸਥਾਨ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਕਿਹਾ। ਡਾ. ਅਜਮੇਰ ਸਿੰਘ ਢੱਟ ਨੇ ਹਾੜ੍ਹੀ ਦੀਆਂ ਫਸਲਾਂ ਬਾਰੇ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਨੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਵੱਖ-ਵੱਖ ਫ਼ਸਲਾਂ ਦੀਆਂ 950 ਕਿਸਮਾਂ ਦੀ ਖੋਜ ਕੀਤੀ ਹੈ। ਇਸ ਤੋਂ ਇਲਾਵਾ ਰਾਇਆ ਸਰ੍ਹੋਂ ਦੀ ਕਿਸਮ ਪੀ. ਐਚ. ਆਰ. 127, ਗੋਭੀ ਸਰੋਂ ਦੀ ਕਿਸਮ ਪੀ. ਜੀ. ਐਸ. ਐਚ. 2155 ਅਤੇ ਜਵੀ ਦੀ ਵੱਧ ਝਾੜ ਦੇਣ ਵਾਲੀ ਕਿਸਮ ਓ. ਐਲ. 17 ਦੀ ਸਿਫਾਰਸ਼ ਵੀ ਨਵੀਆਂ ਕਿਸਮਾਂ ਦੇ ਰੂਪ ਵਿਚ ਹੋਈ। ਡਾ. ਰਿਆੜ ਨੇ ਕਿਸਾਨਾਂ ਨੂੰ ਖੇਤੀ ਸਾਹਿਤ ਨੂੰ ਆਪਣੇ ਘਰ ਪਰਿਵਾਰ ਦਾ ਹਿੱਸਾ ਬਣਾਉਣ ਅਤੇ ਵਿਗਿਆਨਕ ਖੇਤੀ ਤਰੀਕਿਆਂ ਦੇ ਧਾਰਨੀ ਬਣਨ ਲਈ ਆਖਿਆ।

# ਪੈਨਸ਼ਨਰ ਯੂਨੀਅਨ ਪੰਜਾਬ ਨੇ ਡੀ ਸੀ ਦਫ਼ਤਰ ਸਾਹਮਣੇ ਕੀਤੀ ਰੋਸ ਰੈਲੀ



**ਵੇਰਕਾ (ਰਾਣਾ)**-ਪੰਜਾਬ ਸਟੇਟ ਪੈਨਸ਼ਨਰਜ਼ ਯੂਨੀਅਨ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ ਅਤੇ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇਣ ਉਪਰੰਤ ਫਿਰ ਮੌਕੇ ਉੱਤੇ ਮੀਟਿੰਗਾਂ ਕੈਂਸਲ ਕਰ ਦਿੱਤੇ ਜਾਣ ਕਾਰਨ ਅੱਕੇ ਹੋਏ ਪੈਨਸ਼ਨਰਾਂ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਅੱਗੇ ਵਿਸ਼ਾਲ ਰੋਸ ਰੈਲੀ ਕੀਤੀ। ਇਸ ਮੌਕੇ ਜਥੇਬੰਦਕ ਆਗੂਆਂ ਨੇ ਆਪੋ-ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਪੰਜਾਬ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣ ਲਈ ਜ਼ੋਰ ਦਿੰਦਿਆਂ ਸਰਕਾਰ ਦੇ ਲਾਰਿਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਆਪਣੇ ਵਿਚਾਰ ਪ੍ਰਗਟ ਕਰਨ ਵਾਲਿਆਂ ਵਿੱਚ ਸਵਿੰਦਰ ਸਿੰਘ ਮੱਲੋਵਾਲੀ, ਸੁਖਦੇਵ ਸਿੰਘ ਪੰਨੂ, ਬਲਦੇਵ ਸਿੰਘ ਲੁਹਾਰਕਾ, ਸਕੱਤਰ ਮਦਨ ਲਾਲ ਮੰਨਣ ਅਤੇ ਸੁਖਦੇਵ ਰਾਜ ਕਾਲੀਆ ਆਦਿ ਮੁੱਖ ਸਨ। ਇਸ ਮੌਕੇ ਵੱਡੀ ਗਿਣਤੀ ਵਿੱਚ ਸਮੂਹ ਪੈਨਸ਼ਨਰਾਂ ਨੇ ਰੋਸ ਰੈਲੀ 'ਚ ਸ਼ਮੂਲੀਅਤ ਕੀਤੀ। ਇਸ ਉਪਰੰਤ ਜਥੇਬੰਦਕ ਪੈਨਸ਼ਨਰ ਜਥੇਬੰਦਕ ਵਫ਼ਦ ਨੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਮੰਗ ਪੱਤਰ ਦਿੱਤਾ ਅਤੇ ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ ਫਿਰ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਰੋਸ ਰੈਲੀ ਕਰਨ ਦਾ ਐਲਾਨ ਕੀਤਾ।

## 'ਪ੍ਰਾਇਮਰੀ ਸਿੱਖਿਆ' ਤੇ 'ਪੰਖੜੀਆਂ' ਮੈਗਜ਼ੀਨ ਲੋਕ ਅਰਪਣ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੇ ਜਾਂਦੇ ਮਹੀਨੇਵਾਰ ਮੈਗਜੀਨ ਪ੍ਰਾਇਮਰੀ ਸਿੱਖਿਆ ਅਤੇ ਪੰਖੜੀਆ ਜੋ ਕਿ ਪਿਛਲੇ ਕੁਝ ਸਮੇਂ ਤੋਂ ਪ੍ਰਬੰਧਕੀ ਕਾਰਨਾ ਕਰਕੇ ਛਪ ਨਹੀਂ ਰਹੇ ਸਨ। ਉਨ੍ਹਾਂ ਦੇ ਸਤੰਬਰ 2024 ਦੇ ਅੰਕ ਚੇਅਰਮੈਨ ਕਮਲ ਕਿਸ਼ੋਰ ਯਾਦਵ ਆਈ ਏ ਐਸ ਅਤੇ ਸਕੱਤਰ ਅਵਿਕੇਸ਼ ਗੁਪਤਾ ਪੀ ਸੀ ਐਸ ਦੇ ਕਰ ਕਮਲਾ ਨਾਲ ਬੁੱਧਵਾਰ ਨੂੰ ਲੋਕ ਅਰਪਣ ਕੀਤੇ ਗਏ। ਇਹ ਦੋਨੋ ਮੈਗਜੀਨ ਖੇਤਰ 'ਚ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਮ ਜਾਣਕਾਰੀ ਅਤੇ ਸਾਹਿਤ ਨਾਲ ਜੋੜਨ ਦਾ ਕੰਮ ਕਰਦੇ ਹਨ। ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਸਾਲ 2023 ਦੀ ਤਰਜ 'ਤੇ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2024 ਦੀ ਰਜਿਸਟਰੇਸ਼ਨ ਲਈ ਪੋਰਟਲ ਆਨ-ਲਾਈਨ ਕਰਨ ਦੀ ਰਸਮ ਵੀ ਅਦਾ ਕੀਤੀ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਇਸ ਪ੍ਰਤੀਯੋਗਤਾ ਦੀ ਰਜਿਸਟਰੇਸ਼ਨ ਮਿਤੀ 30 ਅਕਤੂਬਰ ਤੱਕ ਜਾਰੀ ਰਹੇਗੀ। ਇਹ ਪ੍ਰਤੀਯੋਗਤਾ ਮਿਤੀ 7 ਅਤੇ 8 ਦਸੰਬਰ 2024 ਨੂੰ ਵਿਸ਼ਵ ਦੇ ਸਮੂਹ ਦੇਸਾਂ ਦੇ ਟਾਈਮ ਅਨੁਸਾਰ ਆਨਲਾਈਨ ਮੋਡ ਰਾਹੀਂ ਕਰਵਾਈ ਜਾਵੇਗੀ। ਜਿਸ ਸਬੰਧੀ ਸਮੁੱਚੀ ਜਾਣਕਾਰੀ ਆਨਲਾਈਨ ਉਪਲਬੱਧ ਹੈ।

# ਬੱਸ ਨੇ ਗਰੀਬ ਨੌਜਵਾਨ ਕੁਚਲਿਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਦਿਹਾੜੀਦਾਰ ਗਰੀਬ ਵਿਅਕਤੀ ਲਈ ਤਾਂ ਰੋਜ਼ਾਨਾ ਦੀ ਰੋਜ਼ੀ ਰੋਟੀ ਦਾ ਗੁਜ਼ਾਰਾ ਹੀ ਜਿਵੇਂ ਤਿਵੇਂ ਚਲਦਾ ਹੈ ਉਪਰ ਤੋਂ ਜੇ ਕਿਸੇ ਕਾਰਨ ਹਸਪਤਾਲ ਦਾਖਲ ਹੋਣਾ ਪੈ ਜਾਵੇ ਤਾਂ ਉਸ ਲਈ ਬਹੁਤ ਮੁਸ਼ਕਿਲ ਵਾਲਾ ਕੰਮ ਬਣ ਜਾਂਦਾ ਹੈ ਕਿਉਂਕਿ ਦਿਹਾੜੀਦਾਰ ਵਿਅਕਤੀ ਲਈ 15-20 ਦਿਨ ਦੀ ਦਵਾਈ ਲੈਣਾ ਮੁਸ਼ਕਿਲ ਹੋ ਜਾਂਦਾ ਹੈ ।ਅਜਿਹੀ ਹੀ ਇਕ ਘਟਨਾ ਗਰੀਬ ਦਿਹਾੜੀਦਾਰ ਬਲਬੀਰ ਸਿੰਘ (21) ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਸੁਲਤਾਨਵਿੰਡ ਨਾਲ ਹੋਈ ਹੈ । ਗੁਰੂ ਨਾਨਕ ਦੇਵ ਹਸਪਤਾਲ ਕਿਸੇ ਸਮਾਜ ਸੇਵੀ ਦੀ ਮਦਦ ਨਾਲ ਅਪਰੇਸ਼ਨ ਕਰਨ ਮਗਰੋਂ ਇਲਾਜ ਅਧੀਨ ਬਲਬੀਰ ਸਿੰਘ ਨੇ ਦੱਸਿਆ ਕਿ ਉਹ ਫੁਟਪਾਥ 'ਤੇ ਖੜ੍ਹਾ ਸੀ ਕਿ ਇਕ ਬੇਕਾਬੂ ਸਰਕਾਰੀ ਬੱਸ ਪੀ ਆਰ ਟੀ ਸੀ ਨੇ ਉਸ ਨੂੰ ਕੁਚਲ ਦਿੱਤਾ । ਬੱਸ ਡਰਾਈਵਰ ਖਿਲਾਫ ਪੁਲਸ ਵਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ ਪਰ ਬੱਸ ਡਰਾਈਵਰ ਵਲੋਂ ਬਲਬੀਰ ਸਿੰਘ ਨੂੰ ਕੋਈ ਮਦਦ ਨਹੀਂ ਕੀਤੀ ਗਈ। ਜਾਣਕਾਰੀ ਅਨੁਸਾਰ ਜੰਡਿਆਲਾ ਗੁਰੂ ਦੇ ਕੁਝ ਸਮਾਜ ਸੇਵੀ ਵਿਅਕਤੀਆਂ ਵਲੋਂ ਇਲਾਜ ਦੌਰਾਨ ਦਵਾਈ ਦੇ ਖਰਚੇ ਲਈ ਗਰੀਬ ਦੀ ਮਦਦ ਕੀਤੀ ਗਈ ਹੈ । ਪੀੜਤ ਪਰਿਵਾਰ ਵਲੋਂ ਹੋਰ ਸਮਾਜ ਸੇਵੀ ਵਿਅਕਤੀਆਂ ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਦਵਾਈਆਂ ਦਾ ਖਰਚਾ ਜ਼ਿਆਦਾ ਹੋਣ ਕਰਕੇ ਸਾਡੀ ਮਦਦ ਕੀਤੀ ਜਾਵੇ ਕਿਉਂਕਿ ਇਹੀ ਲੜਕਾ ਦਿਹਾੜੀ ਕਰਕੇ ਘਰ ਦਾ ਖਰਚਾ ਚਲਾ ਰਿਹਾ ਸੀ ।

# ਪੂਰੀ ਸੰਜੀਦਗੀ ਨਾਲ ਚਲਾਈ ਜਾਵੇ ਜਾਗਰੂਕਤਾ ਮੁਹਿੰਮ : ਏ ਡੀ ਸੀ




**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਅੰਦਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕਰਨ ਲਈ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਗੁਰਦਾਸਪੁਰ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਸੁਰਿੰਦਰ ਸਿੰਘ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰਪਾਲ ਸਿੰਘ, ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਸੰਜੀਵ ਕੁਮਾਰ, ਡੀ.ਐਸ.ਐਮ. ਰਵੀ ਕੁਮਾਰ ਸਮੇਤ ਵਿਭਾਗ ਦੇ ਖੇਤੀਬਾੜੀ ਅਫਸਰਾਂ, ਖੇਤੀਬਾੜੀ ਵਿਸਥਾਰ ਅਫਸਰਾਂ, ਖੇਤੀਬਾੜੀ ਵਿਕਾਸ ਅਫਸਰਾਂ, ਸਹਾਇਕ ਰਜਿਸਟਰਾਰ ਅਤੇ ਸਭਾਵਾਂ ਦੇ ਸਮੂਹ ਇੰਸਪੈਕਟਰਾਂ ਨੇ ਭਾਗ ਲਿਆ। ਇਸ ਮੌਕੇ ਜ਼ਿਲ੍ਹੇ ਅੰਦਰ ਝੋਨੇ ਦੀ ਪਰਾਲੀ ਨੂੰ ਸਾੜਨ ਦੇ ਰੁਝਾਨ ਨੂੰ ਮੁਕੰਮਲ ਤੌਰ 'ਤੇ ਠੱਲ੍ਹ ਪਾਉਣ ਲਈ ਵਿਚਾਰ ਵਟਾਂਦਰਾ ਕਰਨ ਦੇ ਬਾਅਦ ਏ ਡੀ ਸੀ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫਸਲ ਦੀ ਕਟਾਈ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹਰੇਕ ਪਿੰਡ ਅੰਦਰ ਪਹੁੰਚ ਕਰਕੇ ਜਾਗਰੂਕਤਾ ਗਤੀਵਿਧੀਆਂ ਤੇਜ਼ ਕੀਤੀਆਂ ਜਾਣ। ਉਨਾਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਦੇ ਯੋਗ ਪ੍ਰਬੰਧਨ ਲਈ ਸੁਚੇਤ ਕੀਤਾ ਜਾਵੇ ਅਤੇ ਪਰਾਲੀ ਨੂੰ ਅੱਗ ਲਗਾਏ ਬਗੈਰ ਹੀ ਨਿਪਟਾਉਣ ਦੇ ਤਰੀਕੇ ਦੱਸੇ ਜਾਣ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰਪਾਲ ਸਿੰਘ ਅਤੇ ਡਿਪਟੀ ਰਜਿਸਟਰਾਰ ਸੰਜੀਵ ਕੁਮਾਰ ਨੇ ਕਿਹਾ ਕਿ ਉਨਾਂ ਅਧੀਨ ਕੰਮ ਕਰ ਰਿਹਾ ਸਟਾਫ ਪੂਰੀ ਤਨਦੇਹੀ ਨਾਲ ਡਿਊਟੀ ਕਰੇਗਾ ਅਤੇ ਕਿਸਾਨਾਂ ਨੂੰ ਜਾਗਰੂਕ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

## 'ਸਵਸਥ ਹੀ ਸੇਵਾ' ਪੰਦਰਵਾੜੇ ਤਹਿਤ ਕੱਢੀ ਰੈਲੀ




**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸਵਸਥ ਭਾਰਤ ਮਿਸ਼ਨ ਤਹਿਤ ਗਾਂਧੀ ਜਯੰਤੀ ਸਬੰਧੀ ਮਨਾਏ ਜਾ ਰਹੇ ਸਵਸਥ ਹੀ ਸੇਵਾ ਪੰਦਰਵਾੜੇ ਤਹਿਤ ਅੱਜ ਨਗਰ ਪੰਚਾਇਤ ਅਜਨਾਲਾ ਦੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ ਦੀ ਅਗਵਾਈ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਦੇ ਸਹਿਯੋਗ ਨਾਲ ਰੈਲੀ ਕੱਢੀ ਗਈ।

ਰੈਲੀ ਨੂੰ ਨਗਰ ਪੰਚਾਇਤ ਅਜਨਾਲਾ ਦੇ ਬਰਾਂਡ ਅੰਬੈਸਡਰ ਅਤੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ ਵੱਲੋਂ ਰਵਾਨਾ ਕੀਤਾ ਗਿਆ। ਰੈਲੀ ਰਵਾਨਾ ਹੋਣ ਤੋਂ ਪਹਿਲਾਂ ਸੈਂਟਰੀ ਇੰਸਪੈਕਟਰ ਰਿਤੂ ਬਾਲਾ ਵੱਲੋਂ ਰੈਲੀ 'ਚ ਸ਼ਾਮਲ ਸਕੂਲੀ ਵਿਦਿਆਰਥੀਆਂ ਤੇ ਹਾਜ਼ਰ ਲੋਕਾਂ ਨੂੰ ਸਵਸਥ ਸਬੰਧੀ ਸਹੁੰ ਚੁਕਾਈ ਗਈ। ਇਸ ਦੌਰਾਨ ਕਾਰਜ ਸਾਧਕ ਅਫਸਰ ਜਿੰਦਰ ਮਹਾਜਨ ਨੇ ਅਜਨਾਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਉਹ ਨਗਰ ਪੰਚਾਇਤ ਅਜਨਾਲਾ ਨੂੰ ਸਹਿਯੋਗ ਦੇਣ ਅਤੇ ਆਪਣੇ ਘਰਾਂ ਦਾ ਕੂੜਾ ਨਗਰ ਪੰਚਾਇਤ ਵੱਲੋਂ ਨਿਸਚਿਤ ਕੀਤੀ ਗਈ ਜਗ੍ਹਾ ਉੱਪਰ ਹੀ ਸੁੱਟਣ ਤਾਂ ਜੋ ਅਜਨਾਲਾ ਨੂੰ ਗੰਦਗੀ ਤੋਂ ਬਚਾਇਆ ਜਾ ਸਕੇ ਅਤੇ ਪਲਾਸਟਿਕ ਮੁਕਤ ਸ਼ਹਿਰ ਬਣਾਇਆ ਜਾ ਸਕੇ। ਇਸ ਮੌਕੇ ਇੰਸਪੈਕਟਰ ਦਵਿੰਦਰ ਕੁਮਾਰ ਠਾਕਰ, ਇੰਸਪੈਕਟਰ ਬਲਜਿੰਦਰ ਸਿੰਘ, ਪ੍ਰਦੀਪ ਤਰੇਹਨ, ਨਵਦੀਪ ਕੌਰ, ਦਿਲਬਾਗ ਸਿੰਘ ਘੁੱਲੀ ਆਦਿ ਹਾਜ਼ਰ ਸਨ।

## ਫੇਕ ਨੰਬਰਾਂ ਤੋਂ ਜਨਤਾ ਨੂੰ ਲੁੱਟਣ ਦੀ ਸਾਜ਼ਿਸ਼

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )-ਆਏ ਦਿਨ ਜਨਤਾ ਨੂੰ ਲੁੱਟਣ ਲਈ ਸਾਜਿਸ਼ਕਰਤਾ ਕੋਈ ਨਾ ਕੋਈ ਸਾਜਿਸ਼ ਰਚਦੇ ਰਹਿੰਦੇ ਹਨ । ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਵਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਵ੍ਹਟਸਐਪ ਨੰਬਰ 9888968889 'ਤੇ ਇੱਕ ਕਾਲ ਆਈ ਜਿਸ ਦੇ ਉੱਤੇ 'ਪੁਲਿਸ' ਲਿਖਿਆ ਹੋਇਆ ਸੀ। ਜਦੋਂ ਉਨ੍ਹਾਂ ਨੇ ਫੋਨ ਚੁੱਕਿਆ ਤਾਂ ਅੱਗੋਂ ਜਵਾਬ ਮਿਲਿਆ ਕਿ ਤੁਸੀਂ ਵਰਿੰਦਰ ਸਿੰਘ ਬੋਲ ਰਹੇ ਹੋ, ਤੁਹਾਡੇ ਕਿੰਨੇ ਪੁੱਤਰ ਹਨ ਤਾਂ ਵਰਿੰਦਰ ਸਿੰਘ ਨੇ ਦੱਸਿਆ ਕਿ ਮੇਰੇ ਦੋ ਪੁੱਤਰ ਹਨ, ਉਹ ਸਕੂਲ ਪੜ੍ਹਨ ਗਏ ਹੋਏ ਹਨ। ਅੱਗੋਂ ਪੁਲਿਸ ਦੇ ਨਾਮ ਹੇਠ ਆ ਰਹੇ ਫੋਨ ਕਰਤਾ ਨੇ ਕਿਹਾ ਕਿ ਤੁਹਾਡਾ ਇਕ ਬੇਟਾ ਫੜਿਆ ਗਿਆ ਹੈ ਜਿਸ ਨੂੰ ਛੁਡਾਉਣ ਲਈ ਤੁਹਾਨੂੰ ਪੁਲਸ ਸਟੇਸ਼ਨ ਆਉਣਾ ਪਵੇਗਾ ।

ਵਰਿੰਦਰ ਸਿੰਘ ਨੇ ਦੱਸਿਆ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਥੋੜੀ ਦੇਰ ਨੂੰ ਆ ਜਾਨਾ ਹਾਂ । ਅੱਗੋਂ ਉਨ੍ਹਾਂ ਨੇ ਕਿਹਾ ਕਿ ਅਗਰ ਤੁਸੀਂ ਬਾਹਰੋਂ ਬਾਹਰ ਗੱਲ ਮੁਕਾਉਣਾ ਚਾਹੁੰਦੇ ਹੋ ਤਾਂ ਅਸੀਂ ਆਪਣਾ ਅਕਾਊਂਟ ਨੰਬਰ ਭੇਜ ਦਿੰਦੇ ਹਾਂ ਉਸ ਵਿੱਚ ਪੈਸੇ ਪਾ ਦਿਓ ਤਾਂ ਤੁਹਾਡਾ ਬੱਚਾ ਛੱਡ ਦੇਵਾਂਗੇ । ਵਰਿੰਦਰ ਸਿੰਘ ਨੂੰ ਥੋੜ੍ਹਾ ਸ਼ੱਕ ਹੋਇਆ ਅਤੇ ਉਸ ਨੇ ਕਿਹਾ ਮੈਂ ਪੁਲਸ ਸਟੇਸ਼ਨ ਹੀ ਆ ਜਾਨਾ ਹਾਂ, ਉਥੇ ਆ ਕੇ ਆਪਣੇ ਬੱਚੇ ਨੂੰ ਮਿਲ ਲਵਾਂਗਾ । ਜਦ ਵਰਿੰਦਰ ਸਿੰਘ ਨੇ ਅਜਿਹਾ ਕਿਹਾ ਤਾਂ ਅੱਗੋਂ ਕਾਲ ਬੰਦ ਹੋ ਗਈ । ਵਾਰ ਵਾਰ ਦੁਬਾਰਾ ਕਾਲ ਕਰਨ 'ਤੇ ਉਸ ਨੇ ਫੋਨ ਨਹੀਂ ਚੁੱਕਿਆ । ਵਰਿੰਦਰ ਸਿੰਘ ਮਲਹੋਤਰਾ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਨੰਬਰਾਂ ਤੋਂ ਸਾਵਧਾਨ ਰਿਹਾ ਜਾਏ। ਇਹ ਕੰਪਿਊਟਰ ਵਿਧੀ ਨਾਲ ਲੋਕਾਂ ਨੂੰ ਲੁੱਟ ਰਹੇ ਹਨ।

## ਪਿਸਤੌਲ ਸਮੇਤ ਤਿੰਨ ਵਿਅਕਤੀ ਕਾਬੂ



**ਮਜੀਠਾ (ਸੋਇਮ ਆਨੰਦ)**- ਪਿੰਡ ਭੋਮਾਂ ਦੇ ਤਿੰਨ ਨੌਜੁਆਨਾਂ ਨੂੰ ਪੁਲਸ ਵਲੋਂ ਪਿਸਤੌਲ ਸਮੇਤ ਕਾਬੂ ਕਰਨ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਥਾਣਾ ਮਜੀਠਾ 'ਚ ਤਾਇਨਾਤ ਏ ਐਸ ਆਈ ਮੇਜਰ ਸਿੰਘ ਨੇ ਪੁਲਸ ਪਾਰਟੀ ਸਮੇਤ ਇਕ ਇਤਲਾਹ 'ਤੇ ਭੋਮਾਂ ਨਹਿਰ 'ਤੇ ਨਾਕਾਬੰਦੀ ਕਰਕੇ ਸਹਿਲ ਉਰਫ ਗੋਲੂ ਪੁੱਤਰ ਹੀਰਾ ਸਿੰਘ ਨੂੰ ਪਿਸਤੌਲ ਸਮੇਤ ਕਾਬੂ ਕਰ ਲਿਆ। ਜਿਸ ਨੇ ਦੱਸਿਆ ਕਿ ਉਸ ਨੇ ਇਹ ਪਿਸਤੌਲ ਪਿੰਡ ਭੋਮਾਂ ਦੇ ਵਸਨੀਕ ਸੁਮਿਤਪਾਲ ਸਿੰਘ ਪੁੱਤਰ ਰਵਿੰਦਰ ਸਿੰਘ ਨਾਲ ਜਾ ਕੇ ਪਿੰਡ ਭੋਮਾਂ ਦੇ ਹੀ ਵਸਨੀਕ ਸਹਿਜਪ੍ਰੀਤ ਸਿੰਘ ਪੁੱਤਰ ਹਰਬੀਰ ਸਿੰਘ ਕੋਲੋਂ 18 ਹਜ਼ਾਰ ਰੁਪਏ ਵਿੱਚ ਮੁੱਲ ਖ਼ਰੀਦਿਆ ਹੈ। ਪੁਲਸ ਨੇ ਸਹਿਲ ਦੇ ਬਿਆਨਾਂ ਅਨੁਸਾਰ ਸਹਿਜਪ੍ਰੀਤ ਸਿੰਘ ਤੇ ਸੁਮਿਤਪਾਲ ਸਿੰਘ ਨੂੰ ਵੀ ਕਾਬੂ ਕਰਕੇ ਤਿੰਨਾਂ ਨੌਜੁਆਨਾ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਰੰਭੀ ਹੈ। ਇਸ ਮੌਕੇ ਏ ਐਸ ਆਈ ਮੇਜਰ ਸਿੰਘ ਨਾਲ ਹੌਲਦਾਰ ਸੁਖਚੈਨ ਸਿੰਘ, ਸਿਪਾਹੀ ਦਵਿੰਦਰ ਸਿੰਘ, ਪੀ.ਐਚ.ਜੀ ਸਕੱਤਰ ਸਿੰਘ, ਪੀ.ਐਚ.ਜੀ ਕੇਵਲ ਸਿੰਘ ਤੇ ਪੀ ਐਸ ਜੀ ਸਵਿੰਦਰ ਸਿੰਘ ਆਦਿ ਪੁਲਸ ਮੁਲਾਜ਼ਮ ਵੀ ਸ਼ਾਮਲ ਸਨ।

## ਪੰਜਾਬ ਭਾਜਪਾ ਦੇ ਸੰਗਠਨ ਮੰਤਰੀ ਰਈਆ ਪਹੁੰਚੇ, ਮੰਡਲ ਕੋਰ ਕਮੇਟੀ ਨੂੰ ਦਿੱਤੇ ਨਿਰਦੇਸ਼



**ਰਈਆ (ਡੀ ਕੇ ਰੈਡੀ)** - ਭਾਜਪਾ ਪੰਜਾਬ ਦੇ ਸੰਗਠਨ ਮੰਤਰੀ ਸ੍ਰੀ ਨਿਵਾਸਲੂ ਅੱਜ ਜਨਰਲ ਸੈਕਟਰੀ ਪੰਜਾਬ ਸੂਰਜ ਭਾਰਦਵਾਜ ਅਤੇ ਜ਼ਿਲ੍ਹਾ ਪ੍ਰਧਾਨ ਭਾਜਪਾ ਦਿਹਾਤੀ ਮਨਜੀਤ ਸਿੰਘ ਮੰਨਾ ਅਤੇ ਜ਼ਿਲ੍ਹਾ ਜਨਰਲ ਸੈਕਟਰੀ ਸੁਸ਼ੀਲ ਦੇਵਗਨ ਸਮੇਤ ਰਈਆ ਮੰਡਲ ਵਿਖੇ ਮੈਂਬਰਸ਼ਿਪ ਅਭਿਆਨ ਨੂੰ ਅੱਗੇ ਵਧਾਉਣ ਲਈ ਇੱਕ ਮੀਟਿੰਗ ਨੂੰ ਸੰਬੋਧਨ ਕਰਨ ਪਹੁੰਚੇ ।ਇਸ ਦੌਰਾਨ ਸੰਗਠਨ ਮੰਤਰੀ ਵੱਲੋਂ ਰਈਆ ਮੰਡਲ ਦੇ ਪ੍ਰਧਾਨ ਰਾਜੇਸ਼ ਟਾਂਗਰੀ ਦੇ ਨਿਵਾਸ ਵਿਖੇ ਹੋਈ ਇਸ ਮੀਟਿੰਗ ਵਿੱਚ ਬੋਲਦਿਆਂ ਮੰਡਲ ਦੀ ਕੋਰ ਕਮੇਟੀ ਨੂੰ 17-25 ਸਤੰਬਰ ਤੱਕ ਭਾਜਪਾ ਦੇ ਹੋਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਦਿਆਂ ਸਾਰੀ ਹੀ ਟੀਮ ਨੂੰ ਦਿਸ਼ਾ ਨਿਰਦੇਸ਼ ਦਿੱਤੇ ।ਇਸ ਦੌਰਾਨ ਰਈਆ ਮੰਡਲ ਦੀ ਕੋਰ ਕਮੇਟੀ ਦੇ ਉਦੇ ਕੁਮਾਰ ਜਨਰਲ ਸੈਕਟਰੀ ਅੰਮ੍ਰਿਤਸਰ ਰੂਰਲ, ਜਨਰਲ ਸੈਕਟਰੀ ਰਾਜੇਸ਼ ਦਨਿਆਲ, ਪਰਦੀਪ ਰਮਪਾਲ ਸੈਕਟਰੀ, ਡਿੰਪੀ ਮਿਆਂਵਿੰਡ, ਰੁਪਿੰਦਰ ਪੱਡਾ, ਪਿੰਦਰ ਦੌਲੋਂ ਨੰਗਲ, ਸੁਖਦੇਵ ਸਿੰਘ ਸਾਬਕਾ ਕੌਂਸਲਰ , ਅਮਨ ਸ਼ਰਮਾ ਆਦਿ ਹਾਜ਼ਰ ਸਨ ।

# 450 ਸਾਲਾ ਸ਼ਤਾਬਦੀ ਸਮਾਗਮਾਂ ਦੌਰਾਨ ਕੌਮੀ ਇਕਜੁਟਤਾ ਤੇ ਪੰਥਕ ਦ੍ਰਿੜ੍ਹਤਾ ਦੀ ਲੋੜ 'ਤੇ ਜ਼ੋਰ



**ਸ੍ਰੀ ਗੋਇੰਦਵਾਲ ਸਾਹਿਬ, (ਕਾਬਲ ਸਿੰਘ ਮੱਲ੍ਹੀ)**-ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਹਾੜੇ ਦੀ 450 ਸਾਲਾ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਅੱਜ ਇੱਥੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਗੁਰੂ ਸਾਹਿਬਾਨ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਸਿੱਖ ਕੌਮ ਨੂੰ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਅਤੇ ਸਿਧਾਂਤਾਂ ਦੀ ਰੌਸ਼ਨੀ ਵਿਚ ਕੌਮ ਦੀਆਂ ਭਵਿੱਖੀ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਕੌਮੀ ਸ਼ਖ਼ਸੀਅਤਾਂ ਦੇ ਸੰਬੋਧਨ ਦਾ ਸਾਂਝਾ ਸੁਨੇਹਾ ਇਹ ਰਿਹਾ ਕਿ ਅੱਜ ਕੌਮੀ ਇਕਜੁਟਤਾ ਅਤੇ ਪੰਥਕ ਦ੍ਰਿੜ੍ਹਤਾ ਦੀ ਵੱਡੀ ਜ਼ਰੂਰਤ ਹੈ, ਕਿਉਂਕਿ ਕੌਮ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਇਸੇ ਵਿਚ ਹੈ।ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸ਼ਤਾਬਦੀ ਦੇ ਵਿਸ਼ਾਲ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਉਪਦੇਸ਼ ਹਰ ਸਿੱਖ ਲਈ ਜੀਵਨ ਦਾ ਆਦਰਸ਼ ਹਨ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਦਰਸਾਈ ਜੀਵਨ ਜਾਚ ਦੀ ਰੌਸ਼ਨੀ ਵਿਚ ਸਿੱਖ ਕੌਮ ਆਪਾ ਪੜਚੋਲ ਕੇ ਵਿਆਪਕ ਪੰਥਕ ਏਜੰਡਾ ਨਿਰਧਾਰਿਤ ਕਰੇ।ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਗੁਰੂ ਸਾਹਿਬਾਨ ਦੀ ਪਵਿੱਤਰ ਸਰਜ਼ਮੀਂ ਉੱਤੇ 'ਰਾਜ ਕਰੇਗਾ ਖ਼ਾਲਸਾ' ਦੇ ਬੋਲ-ਬਾਲੇ ਕਾਇਮ ਕਰਨ ਦੀ ਦਿਸ਼ਾ ਵੱਲ ਸਰਗਰਮੀ ਨਾਲ ਵਧਿਆ ਜਾਵੇ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਖ਼ਤਾਂ ਦੀ ਇੱਕ ਵੱਖਰੀ ਮਰਯਾਦਾ ਹੈ ਜਿਸ ਨੂੰ ਯਕੀਨੀ ਬਣਾਉਣਾ ਜਥੇਦਾਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਸਰਕਾਰਾਂ ਵੱਲੋਂ ਸਿੱਖਾਂ ਨਾਲ ਸਮੇਂ-ਸਮੇਂ ਕੀਤੀ ਜਾਂਦੀ ਧੱਕੇਸ਼ਾਹੀ ਅਤੇ ਅਨਿਆਂ ਦੀ ਅਲੋਚਨਾ ਕਰਦਿਆਂ ਕਿਹਾ ਕਿ ਕਦੇ ਮੁਕਾਬਲਾ ਪ੍ਰੀਖਿਆਵਾਂ ਦੌਰਾਨ ਵਿਦਿਆਰਥੀਆਂ ਦੇ ਕਕਾਰ ਲੁਹਾਏ ਜਾਂਦੇ ਹਨ ਅਤੇ ਕਦੇ ਸੋਸ਼ਲ ਮੀਡੀਆ 'ਤੇ ਨਫ਼ਰਤੀ ਪ੍ਰਚਾਰ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਪੰਥ ਵਿਰੋਧੀ ਕਿਸੇ ਵੀ ਏਜੰਡੇ ਨੂੰ ਕਾਮਯਾਬ ਨਾ ਹੋਣ ਦਿੱਤਾ ਜਾਵੇ ਅਤੇ ਏਕੇ ਨਾਲ ਕੌਮੀ ਹੱਕਾਂ ਵਾਸਤੇ ਯਤਨ ਕੀਤੇ ਜਾਣ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਬੋਧਨ ਦੌਰਾਨ ਕਿਹਾ ਕਿ ਸ਼ਤਾਬਦੀਆਂ ਦੇ ਮੌਕੇ ਉੱਤੇ ਪੰਥਕ ਏਕਤਾ ਦਾ ਪ੍ਰਭਾਵ ਪੂਰੀ ਦੁਨੀਆ ਵਿੱਚ ਜਾਂਦਾ ਹੈ ਲੇਕਿਨ ਇਹ ਨਿਰੰਤਰ ਬਣਿਆ ਰਹਿਣਾ ਚਾਹੀਦਾ ਹੈ।ਉਨ੍ਹਾ ਕਿਹਾ ਕਿ ਸਰਕਾਰਾਂ ਹਮੇਸ਼ਾ ਕੌਮ ਨੂੰ ਧੜਿਆਂ ਵਿੱਚ ਵੰਡਣ ਦਾ ਛੜਯੰਤਰ ਰਚਦੀਆਂ ਹਨ ਪਰ ਕੌਮ ਨੇ ਸੁਚੇਤ ਰਹਿਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸ਼ਤਾਬਦੀਆਂ ਦੇ ਦਿਹਾੜੇ ਸਿੱਖ ਕੌਮ ਲਈ ਬੇਹੱਦ ਮਹੱਤਵਪੂਰਨ ਹਨ ਕਿਉਂਕਿ ਇਹ ਕੌਮੀ ਜਾਹੋ ਜਲਾਲ ਨੂੰ ਹੋਰ ਉਭਾਰਦੇ ਹਨ। ਉਨ੍ਹਾਂ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਆਖਿਆਂ ਕਿ ਸੇਵਾ, ਸਿਮਰਨ, ਨਿਮਰਤਾ, ਪਿਆਰ, ਸਹਿਣਸ਼ੀਲਤਾ ਅਤੇ ਸਦਭਾਵਨਾ ਤੀਸਰੇ ਪਾਤਸ਼ਾਹ ਦੀ ਸ਼ਖ਼ਸੀਅਤ ਦੇ ਅਹਿਮ ਗੁਣ ਹਨ, ਜਿਸ ਦੀ ਪ੍ਰੇਰਨਾ ਸਾਨੂੰ ਵੀ ਲੈਣ ਚਾਹੀਦੀ ਹੈ।ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਗੁਰਪੁਰਬ ਅਤੇ ਸ਼ਤਾਬਦੀਆਂ ਤਾਂ ਹੀ ਸਫ਼ਲ ਹਨ ਜੇਕਰ ਇਨ੍ਹਾਂ ਤੋਂ ਆਤਮਿਕ ਬਲ ਅਤੇ ਪੰਥਕ ਜਜ਼ਬਾ ਹਾਸਲ ਕੀਤਾ ਜਾਵੇ। ਸਮਾਗਮ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬੀਬੀ ਅਵਤਾਰ ਸਿੰਘ ਸੁਰਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਗਿਆਨੀ ਗਗਨਦੀਪ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਗਿਆਨੀ ਤਨਵੀਰ ਸਿੰਘ, ਬਾਬਾ ਤੇਜਿੰਦਰ ਸਿੰਘ ਨਾਨਕਸਰ ਕਲੇਰਾਂ, ਬਾਬਾ ਜੀਤ ਸਿੰਘ ਜੌਹਲਾਂ, ਪੰਜ ਪਿਆਰੇ ਭਾਈ ਦਇਆ ਸਿੰਘ ਦੇ ਵੰਸ਼ਜ਼ ਭਾਈ ਨੌਨਿਹਾਲ ਸਿੰਘ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਵੀ ਸੰਬੋਧਨ ਕੀਤਾ।ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ ।ਸਮਾਗਮ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ।ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਰਘਬੀਰ ਸਿੰਘ ਸਹਾਰਨਮਾਜਰਾ,ਖੁਸ਼ਵਿੰਦਰ ਸਿੰਘ ਭਾਟੀਆ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਗੁਰਬਚਨ ਸਿੰਘ ਕਰਮੂੰਵਾਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਕੁਲਵੰਤ ਸਿੰਘ ਮੰਨਣ, ਗੁਰਮੀਤ ਸਿੰਘ ਬੂਹ, ਬਲਵਿੰਦਰ ਸਿੰਘ ਵੇਂਈ ਪੂੰਈ, ਜਰਨੈਲ ਸਿੰਘ ਡੋਗਰਾਂਵਾਲ, ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਜੋਗਿੰਦਰ ਕੌਰ ਬਠਿੰਡਾ, ਬੀਬੀ ਜਸਬੀਰ ਕੌਰ ਜਫਰਵਾਲ, ਓਐੱਸਡੀ ਸਤਬੀਰ ਸਿੰਘ ਧਾਮੀ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਰਣਜੀਤ ਸਿੰਘ ਛੱਜਲਵੱਡੀ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਇਸਤਰੀ ਅਕਾਲੀ ਦਲ ਦੇ ਪ੍ਰਧਾਨ ਬੀਬੀ ਸ਼ਰਨਜੀਤ ਕੌਰ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ, ਬਾਬਾ ਜੋਗਾ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਸਾਬਕਾ ਜਥੇਦਾਰ ਗਿ ਗੁਰਬਚਨ ਸਿੰਘ ਤੇ ਗਿਆਨੀ ਇਕਬਾਲ ਸਿੰਘ, ਬਾਬਾ ਗੁਰਸੇਵਕ ਸਿੰਘ ਮਛਰਾਲੇਵਾਲੇ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ

ਸ਼ੁੱਕਰਵਾਰ, 20 ਸਤੰਬਰ 2024

# ਪ੍ਰਧਾਨ ਮੰਤਰੀ ਦੀ ਹਤਾਸ਼ਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਸ੍ਰੀਨਗਰ ’ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਕਾਨਫਰੰਸ, ਪੀ ਡੀ ਪੀ ਤੇ ਕਾਂਗਰਸ ’ਤੇ ਵੰਸ਼ਵਾਦੀ ਸਿਆਸਤ ਕਰਕੇ ਜੰਮੂ-ਕਸ਼ਮੀਰ ਦਾ ਬੇੜਾ ਗਰਕ ਕਰਨ ਦਾ ਦੋਸ਼ ਲਾਇਆ। ਪਿਛਲੇ ਦਿਨੀਂ ਡੋਡਾ ਜ਼ਿਲ੍ਹੇ ਵਿਚ ਕੀਤੀ ਰੈਲੀ ਵਿਚ ਦੋਸ਼ ਲਾਇਆ ਕਿ ਇਨ੍ਹਾਂ ਤਿੰਨਾਂ ਪਾਰਟੀਆਂ ਨੇ ਜੋ ਕੀਤਾ, ਉਹ ਪਾਪ ਤੋਂ ਘੱਟ ਨਹੀਂ। ਦੋਨੋਂ ਵਾਰ ਉਹ ਭੁੱਲ ਗਏ ਕਿ ਇਨ੍ਹਾਂ ਤਿੰਨ ਖਾਨਦਾਨਾਂ ਵਿੱਚੋਂ ਨਹਿਰੂ-ਗਾਂਧੀ ਖਾਨਦਾਨ, ਯਾਨਿ ਕਾਂਗਰਸ ਨੂੰ ਛੱਡ ਕੇ ਬਾਕੀ ਦੋਵਾਂ ਖਾਨਦਾਨਾਂ, ਯਾਨਿ ਅਬਦੁੱਲਾ ਤੇ ਮੁਫਤੀ ਦੇ ਪਾਪਾਂ ਵਿਚ ਤਾਂ ਭਾਜਪਾ ਵੀ ਭਾਈਵਾਲ ਰਹੀ ਹੈ। ਮੋਦੀ ਦੀ ਅਗਵਾਈ ਵਾਲੀ ਭਾਜਪਾ ਨੇ ਪੀ ਡੀ ਪੀ ਨਾਲ ਤਿੰਨ ਸਾਲ ਤੋਂ ਵੱਧ ਸਮੇਂ ਤੱਕ ਸੂਬੇ ਵਿਚ ਸਰਕਾਰ ਚਲਾਈ। ਮੋਦੀ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਤੇ ਐੱਲ ਕੇ ਅਡਵਾਨੀ ਦੀ ਅਗਵਾਈ ਵਾਲੀ ਭਾਜਪਾ ਨੇ ਜੰਮੂ-ਕਸ਼ਮੀਰ ਵਿਚ ਫਾਰੂਕ ਅਬਦੁੱਲਾ ਨੂੰ ਮੁੱਖ ਮੰਤਰੀ ਬਣਾਇਆ ਤੇ ਉਨ੍ਹਾ ਦੇ ਬੇਟੇ ਉਮਰ ਅਬਦੁੱਲਾ ਨੂੰ ਕੇਂਦਰ ਵਿਚ ਮੰਤਰੀ ਬਣਾਇਆ। ਸਾਫ ਹੈ ਕਿ ਮੋਦੀ ਜਿਹੜੇ ਪਾਪ ਦੀ ਗੱਲ ਕਰ ਰਹੇ ਹਨ, ਉਸ ਵਿਚ ਭਾਜਪਾ ਸ਼ਾਮਲ ਰਹੀ ਹੈ।

ਇਸੇ ਤਰ੍ਹਾਂ ਹਰਿਆਣਾ ਵਿਚ 10 ਸਾਲ ਤੋਂ ਭਾਜਪਾ ਦੀ ਸਰਕਾਰ ਹੈ। ਕੁਰੂਕਸ਼ੇਤਰ ਵਿਚ ਚੋਣ ਰੈਲੀ ’ਚ ਮੋਦੀ ਨੇ ਦਾਅਵਾ ਕੀਤਾ ਕਿ ਭਾਜਪਾ ਦੀ ਡਬਲ ਇੰਜਣ ਦੀ ਸਰਕਾਰ ਨੇ ਹਰਿਆਣਾ ਵਿਚ ਵਿਕਾਸ ਦੇ ਨਵੇਂ ਰਿਕਾਰਡ ਬਣਾਏ ਹਨ। ਸੂਬੇ ਦੀ ਹਕੀਕਤ ਕੀ ਹੈ? ਵਿਕਾਸ ਦੇ ਪੈਮਾਨੇ ਵਿਚ ਅੱਜ ਹਰਿਆਣਾ ਦੇਸ਼ ਦੇ ਸਭ ਤੋਂ ਪੱਛੜੇ ਸੂਬਿਆਂ ਵਿਚ ਸ਼ੁਮਾਰ ਹੈ। ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਬੇਰੁਜ਼ਗਾਰੀ, ਅਪਰਾਧ ਤੇ ਦਲਿਤਾਂ ’ਤੇ ਅੱਤਿਆਚਾਰ ਦੇ ਮਾਮਲੇ ਸਿਖਰ ’ਤੇ ਹਨ। ਹਰਿਆਣਾ ਦੀ ਬਦਹਾਲੀ ਦੀ ਹਕੀਕਤ ਰੈਲੀ ਵਾਲੇ ਦਿਨ ਹੀ ਸਾਹਮਣੇ ਆ ਗਈ ਸੀ, ਜਦੋਂ ਇਕ ਬਹੁਕੌਮੀ ਬੈਂਕ ਦੇ ਦੋ ਅਧਿਕਾਰੀਆਂ ਦੀ ਕਾਰ ਫਰੀਦਾਬਾਦ ਦੇ ਅੰਡਰਪਾਸ ਵਿਚ ਭਰੇ ਪਾਣੀ ਵਿਚ ਡੁੱਬ ਗਈ ਤੇ ਦੋਵੇਂ ਅਧਿਕਾਰੀ ਮਾਰੇ ਗਏ। ਹਰਿਆਣਾ ਵਿਚ ਭਾਜਪਾ ਦਾ ਕਾਂਗਰਸ ਨਾਲ ਮੁੱਖ ਮੁਕਾਬਲਾ ਹੈ। ਮੋਦੀ ਕਾਂਗਰਸ ’ਤੇ ਹਮਲਾ ਕਰਨ ਦਾ ਕੋਈ ਮੌਕਾ ਨਹੀਂ ਗੁਆਉਂਦੇ। ਕੁਰੂਕਸ਼ੇਤਰ ਦੀ ਰੈਲੀ ਵਿਚ ਉਨ੍ਹਾ ਕਰਨਾਟਕ, ਜਿੱਥੇ ਕਾਂਗਰਸ ਦੀ ਸਰਕਾਰ ਹੈ, ਦੀ ਮਾਂਡਿਆ ਵਿਚ ਗਣਪਤੀ ਵਿਸਰਜਨ ਦੌਰਾਨ ਦੋ ਫਿਰਕਿਆਂ ਵਿਚਾਲੇ ਝਗੜੇ ਨੂੰ ਵੀ ਹਰਿਆਣਾ ਚੋਣਾਂ ’ਚ ਮੁੱਦੇ ਵਜੋਂ ਉਭਾਰਿਆ। ਇਸ ਘਟਨਾ ਦੇ ਵਿਰੋਧ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੋਕ ਗਣਪਤੀ ਦੀ ਮੂਰਤੀ ਚੁੱਕ ਟਾਊਨ ਹਾਲ ਲਿਆ ਕੇ ਪ੍ਰਦਰਸ਼ਨ ਕਰਨ ਲੱਗੇ, ਜਿੱਥੇ ਪ੍ਰਦਰਸ਼ਨ ਦੀ ਆਗਿਆ ਨਹੀਂ ਸੀ। ਪੁਲਸ ਨੇ ਮੂਰਤੀ ਜ਼ਬਤ ਕਰਕੇ ਵੈਨ ਵਿਚ ਰੱਖ ਦਿੱਤੀ, ਤਾਂ ਜੋ ਨੁਕਸਾਨੀ ਨਾ ਜਾਵੇ। ਇਸ ਨੂੰ ਲੈ ਕੇ ਪ੍ਰਧਾਨ ਮੰਤਰੀ ਨੇ ਫਿਰਕੂ ਕਾਰਡ ਖੇਡਦਿਆਂ ਕਿਹਾ ਕਿ ਕਾਂਗਰਸ ਹਿੰਦੂ ਵਿਰੋਧੀ ਹੈ। ਉਨ੍ਹਾ ਘਟਨਾ ਨੂੰ ਇੰਜ ਪੇਸ਼ ਕੀਤਾ ਕਿ ਕਾਂਗਰਸ ਲੋਕਾਂ ਨੂੰ ਗਣਪਤੀ ਪੂਜਾ ਨਹੀਂ ਕਰਨ ਦੇ ਰਹੀ ਤੇ ਗਣਪਤੀ ਨੂੰ ਗ੍ਰਿਫਤਾਰ ਕਰਕੇ ਸਲਾਖਾਂ ਵਿਚ ਡੱਕ ਰਹੀ ਹੈ।

ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਦੀ ਕੁਰਸੀ ’ਤੇ ਬੈਠੇ ਵਿਅਕਤੀ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਬੇਰੁਜ਼ਗਾਰੀ ਤੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕੀਤੇ ਗਏ ਜਤਨਾਂ ਬਾਰੇ ਦੱਸੇ, ਪਰ ਹਤਾਸ਼ਾ ਦਾ ਆਲਮ ਇਹ ਹੈ ਕਿ ਉਹ ਵਿਰੋਧੀਆਂ ਨੂੰ ਭੰਡਣ ਦਾ ਹੀ ਕੰਮ ਕਰ ਰਿਹਾ ਹੈ। ਲੋਕ ਸਭਾ ਚੋਣਾਂ ਵਿਚ ਚਾਰ ਸੌ ਪਾਰ ਦਾ ਨਾਅਰਾ ਦੇਣ ਵਾਲਾ ਨੇਤਾ 240 ’ਤੇ ਅਟਕ ਜਾਣ ਕਾਰਨ ਅੰਦਰੋਂ ਹਿੱਲਿਆ ਹੋਇਆ ਨਜ਼ਰ ਆ ਰਿਹਾ ਹੈ।

# ਸਰਕਾਰ ਵਿਗਿਆਨ ਅਤੇ ਵਿਗਿਆਨਕ ਨਜ਼ਰੀਏ ਦਾ ਵਿਰੋਧ ਕਿਉਂ ਕਰਦੀ ਹੈ ?



ਵਿਸ਼ਵਾ ਮਿੱਤਰ

ਇਹ ਗੱਲ ਭਾਵੇਂ ਸਰਕਾਰ ਆਪਣੇ ਮੂੰਹੋਂ ਨਾ ਮੰਨੇ, ਪਰ ਇਸ ਦੀ ਕਾਰਜ ਪ੍ਰਣਾਲੀ ਅਤੇ ਕਾਰ-ਵਿਹਾਰ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਇਹ ਵਿਗਿਆਨ ਅਤੇ ਵਿਗਿਆਨਕ ਨਜ਼ਰੀਏ ਦੀ ਘੋਰ ਵਿਰੋਧੀ ਹੈ। ਸਰਕਾਰ ਕੇਵਲ ਵਿਗਿਨਕ ਸੋਚ ਦੀ ਹੀ ਦੁਸ਼ਮਣ ਨਹੀਂ, ਬਲਕਿ ਵਿਗਿਆਨਕ ਸੋਚ ਦਾ ਪ੍ਰਚਾਰ-ਪ੍ਰਸਾਰ ਕਰਨ ਵਾਲੀਆਂ ਹਸਤੀਆਂ ਨੂੰ ਜਾਨੋਂ ਮਾਰਨ ਜਾਂ ਮਰਵਾਉਣ ਤੱਕ ਵੀ ਜਾ ਸਕਦੀ ਹੈ। ਇਹਨਾਂ ਸਰਕਾਰਾਂ ਨੇ ਭਾਰਤ ਵਿਚ ਵਿਗਿਆਨਕ ਨਜ਼ਰੀਏ ਦਾ ਪ੍ਰਚਾਰ ਕਰਨ ਵਾਲੇ ਨਰੇਂਦਰ ਦਾਭੋਲਕਰ, ਗੋਬਿੰਦ ਪਨਸਾਰੇ, ਐੱਮ ਐੱਮ ਕਲਬੁਰਗੀ ਅਤੇ ਗੌਰੀ ਲੰਕੇਸ਼ ਨੂੰ ਮਰਵਾ ਦਿੱਤਾ। ਇਹਨਾਂ ਚਾਰਾਂ ਨੂੰ ਇੱਕੋ ਤਰੀਕੇ ਨਾਲ ਮਰਵਾਇਆ ਗਿਆ। ਜ਼ਿਆਦਾ ਜਾਣਕਾਰੀ ਲੈਣ ਲਈ ਇੰਟਰਨੈੱਟ ਤੋਂ ਅਨੰਦ ਪਟਵਰਧਨ ਦੀ ਡਾਕੂਮੈਂਟਰੀ ਵਿਵੇਕ ਦੇ ਐਪੀਸੋਡ ਵੇਖੇ ਜਾ ਸਕਦੇ ਹਨ।

ਵਿਦਿਆਰਥੀ ਕਾਲ ਤੋਂ ਹੀ ਸਰਕਾਰ ਵਿਗਿਆਨਕ ਨਜ਼ਰੀਏ ਦਾ ਇਵੇਂ ਵਿਰੋਧ ਕਰਦੀ ਹੈ, ਜਿਵੇਂ ਕਿਸੇ ਘੋਰ ਦੁਸ਼ਮਣ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਉਸ ਨੂੰ ਮਾਰ ਦਿੱਤਾ ਜਾਵੇ। ਆਖਿਰ ਵਿਗਿਆਨਕ ਨਜ਼ਰੀਏ ਦਾ ਵਿਰੋਧ ਸਰਕਾਰ ਕਿਉਂ ਕਰਦੀ ਹੈ? ਇਹ ਸਮਝਣ ਲਈ ਸਾਨੂੰ ਇਹ ਜਾਣਨਾ ਜ਼ਰੂਰੀ ਹੋ ਜਾਂਦਾ ਹੈ ਕਿ ਵਿਗਿਆਨਕ ਨਜ਼ਰੀਆ ਕੀ ਹੁੰਦਾ ਹੈ ? ਹਰ ਵਰਤਾਰੇ ਦੇ ਬਾਰੇ ਪ੍ਰਸ਼ਨ ਕਰਨਾ ਅਤੇ ਕਾਰਨ ਦਾ ਪਤਾ ਕਰਨਾ, ਕੇਵਲ ਉਸ ਵਿਚਾਰ ਜਾਂ ਸਿਧਾਂਤ ਨੂੰ ਮੰਨਣਾ ਜਿਸ ਦਾ ਕੋਈ ਪ੍ਰਮਾਣ ਹੋਵੇ ਅਤੇ ਪ੍ਰਮਾਣ ਵੀ ਉਹ ਹੋਵੇ, ਜਿਹੜਾ ਪ੍ਰਯੋਗ ਕਰਕੇ ਨਿਕਲਿਆ ਨਤੀਜਾ ਹੋਵੇ ਅਤੇ ਇਹ ਪ੍ਰਯੋਗ ਕਿਸੇ ਵੀ ਵਿਅਕਤੀ ਵੱਲੋਂ ਕਿਸੇ ਵੀ ਜਗ੍ਹਾ ’ਤੇ ਦੁਹਰਾਇਆ ਜਾ ਸਕੇ। ਇਸ ਲਈ ਵਿਗਿਆਨ ਦੇ ਗੁੰਝਲਦਾਰ ਪ੍ਰਯੋਗ ਜਾਂ ਵਿਗਿਆਨ ਦਾ ਉਚ ਸਤਰ ਗਿਆਨ ਜ਼ਰੂਰੀ ਨਹੀਂ, ਬਲਕਿ ਜੀਵਨ ਦੇ ਹਰ ਖੇਤਰ ਵਿਚ ਵਿਚਾਰ ਜਾਂ ਕਾਰਜ ਨੂੰ ਸੱਚ ਦੀ ਤਹਿ ਤੱਕ ਪਰਖਣਾ ਹੈ। ਜਵਾਹਰ ਲਾਲ ਨਹਿਰੂ ਨੇ ਆਪਣੀ ਕਿਤਾਬ ਭਾਰਤ ਦੀ ਖੋਜ ਵਿਚ 1946 ਵਿਚ ਲਿਖਿਆ ਸੀ, “ਵਿਗਿਆਨਕ ਨਜ਼ਰੀਆ ਉਹ ਹੈ, ਜਿਹੜਾ ਦਲੇਰਾਨਾ ਵੀ ਹੈ ਅਤੇ ਆਲੋਚਨਾਤਮਕ ਵੀ ਹੈ, ਇਹ ਤਲਾਸ਼ ਹੈ ਸੱਚ ਦੀ ਅਤੇ ਨਵੇਂ ਗਿਆਨ ਦੀ, ਇਹ ਰਵੱਈਆ ਹੈ ਕਿਸੇ ਦਾਅਵੇ ਨੂੰ ਤੱਦ ਤਕ ਨਾ ਮੰਨਣ ਦੀ, ਜਦ ਤੱਕ ਉਸ ਦੀ ਪਰਖ ਨਾ ਕਰ ਲਈ ਜਾਵੇ, ਨਵੇਂ ਸਬੂਤ ਦੀ ਰੌਸਨੀ ਵਿਚ ਪੁਰਾਣੀਆਂ ਮਾਨਤਾਵਾਂ ਨੂੰ ਬਦਲਣ ਦੀ ਹਿੰਮਤ ਹੈ, ਪੂਰਵ ਧਾਰਨਾ ਦੀ ਬਜਾਏ ਕੇਵਲ ਪਰਖੇ ਹੋਏ ਸੱਚ ’ਤੇ ਭਰੋਸਾ ਕਰਨਾ ਹੈ ।”

ਬੁੱਧ ਦਾ ਕਥਨ ਵੀ ਵਿਗਿਆਨਕ ਨਜ਼ਰੀਆ ਹੀ ਹੈ ਕਿ ਕਿਸੇ ਕਥਨ ’ਤੇ ਇਸ ਕਰਕੇ ਯਕੀਨ ਨਾ ਕਰੋ ਕਿ ਕਈ ਲੋਕ ਇਹੋ ਹੀ ਕਹਿੰਦੇ ਹਨ ਜਾਂ ਇਹ ਗੱਲ ਧਾਰਮਿਕ ਪੁਸਤਕ ਵਿਚ ਲਿਖੀ ਹੋਈ ਹੈ। ਕਿਸੇ ਗੱਲ ’ਤੇ ਇਸ ਲਈ ਵੀ ਯਕੀਨ ਨਾ ਕਰੋ ਕਿ ਸਾਡੇ ਗੁਰੂਆਂ (ਸਿੱਖਿਅਕਾਂ) ਨੇ ਕਹੀ ਹੈ। ਕਿਸੇ ਪਰੰਪਰਾ ’ਤੇ ਇਸ ਲਈ ਯਕੀਨ ਨਾ ਕਰੋ, ਕਿਉਂਕਿ ਇਹ ਕਈ ਪੀੜ੍ਹੀਆਂ ਤੋਂ ਚਲੀ ਆ ਰਹੀ ਹੈ। ਕੇਵਲ ਉਸ ’ਤੇ ਯਕੀਨ ਕਰੋ, ਜਿਹੜੀ ਅਵਲੋਕਨ ਅਤੇ ਵਿਸ਼ਲੇਸ਼ਣ ਤੋਂ ਬਾਅਦ ਉਸ ਦੇ ਕਾਰਨ ਨਾਲ ਤੁਸੀਂ ਸਹਿਮਤ ਹੋਵੋ ਅਤੇ ਉਹ ਸਾਰਿਆਂ ਦੇ ਲਾਭ ਲਈ ਹੋਵੇ।

ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਲਈ ਵਿਦਿਅਕ ਪ੍ਰਣਾਲੀ ਅਜਿਹੀ ਹੋਣੀ ਚਾਹੀਦੀ ਹੈ, ਜਿਸ ਵਿਚ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ, ਪ੍ਰੋਫੈਸਰਾਂ ਤੋਂ ਹਰ ਵਰਤਾਰੇ ਬਾਰੇ ਪ੍ਰਸ਼ਨ ਕਰਨ, ਕਾਰਨ ਜਾਨਣ ਅਤੇ ਸੱਚਾਈ ਦੀ ਤਹਿ ਤੱਕ ਜਾਣ ਦੀ ਖੁੱਲ੍ਹ ਹੋਵੇ, ਤਾਂਕਿ ਉਹਨਾਂ ਦਾ ਵਿਗਿਆਨਕ ਨਜ਼ਰੀਆ ਬਣ ਸਕੇ ਅਤੇ ਉਹ ਪੜ੍ਹਾਈ ਤੋਂ ਬਾਅਦ ਦੇ ਜੀਵਨ ਵਿਚ ਵੀ ਇਹੋ ਨਜ਼ਰੀਆ ਹੀ ਲਾਗੂ ਕਰਨ। ਸੁਆਲ ਇਹ ਹੈ ਕਿ ਇਸ ਦਾ ਵਿਰੋਧ ਕਿਉਂ ਹੈ, ਸਰਕਾਰ ਸਾਡੀ ਵਿਦਿਅਕ ਪ੍ਰਣਾਲੀ ਨੂੰ ਇਸ ਦਿਸ਼ਾ ਵੱਲ ਕਿਉਂ ਨਹੀਂ ਲੈ ਕੇ ਜਾਂਦੀ ? ਇਸ ਦਾ ਇੱਕ ਖਾਸ ਕਾਰਨ ਹੈ। ਸਰਕਾਰ ਨੂੰ ਇਹ ਡਰ ਹੈ ਕਿ ਜੇਕਰ ਵਿਦਿਆਰਥੀ ਜੀਵਨ ਤੋਂ ਹੀ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣ ਗਿਆ ਤਾਂ ਬਾਅਦ ਵਿੱਚ ਉਹ ਜੀਵਨ ਦੇ ਹਰ ਖੇਤਰ ਵਿਚ ਪ੍ਰਸ਼ਨ ਕਰਨਗੇ ਅਤੇ ਸਰਕਾਰ ਤੋਂ ਵੀ ਪੁੱਛਣਗੇ। ਫੇਰ ਉਹ ਮਿਥਿਹਾਸ ਬਾਰੇ ਵੀ ਪ੍ਰਸ਼ਨ ਕਰਨਗੇ। ਨੇਤਾਵਾਂ ਕੋਲੋਂ ਉਹਨਾਂ ਦੀ ਨੀਤੀ ਬਾਰੇ ਵੀ ਪ੍ਰਸ਼ਨ ਪੁੱਛਣਗੇ , ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋਈ ਜਾਂਦਾ ਹੈ, ਇਸ ਦਾ ਕਾਰਨ ਵੀ ਪੁੱਛਣਗੇ। ਲੋਕ ਇਹ ਵੀ ਪੁੱਛਣਗੇ ਕਿ ਮਹਿੰਗਾਈ ਅਤੇ ਬੇਰੁਜ਼ਗਾਰੀ ਕਿਉਂ ਵਧ ਰਹੀ ਹੈ, ਕਿੰਤੂ-ਪ੍ਰੰਤੂ ਕਰਨਗੇ ਕਿ ਸਸਤਰਾਂ ਅਨੁਸਾਰ ਸਤਯੁਗ, ਤ੍ਰੇਤਾ ਯੁੱਗ ਅਤੇ ਦਵਾਪਰ ਯੁੱਗ ਦੀਆਂ ਦੱਸੀਆਂ ਗਈਆਂ ਉਮਰਾਂ ਜੋ ਕਿ ਕ੍ਰਮਵਾਰ 1728000 ਸਾਲ , 1296000 ਸਾਲ ਅਤੇ 864000 ਸਾਲ ਹਨ, ਜਿਹਨਾਂ ਦਾ ਜੋੜ 3888000 ਬਣਦਾ ਹੈ, ਜਦਕਿ ਕ੍ਰਮ ਵਿਕਾਸ ਦੀਆਂ ਸਾਰੀਆਂ ਸਟੇਜਾਂ ਲੰਘ ਕੇ ਮਨੁੱਖ ਨੂੰ ਬਣੇ ਤਾਂ ਅਜੇ ਕੇਵਲ ਦਸ ਹਜ਼ਾਰ ਸਾਲ ਹੋਏ ਹਨ। ਕਲਯੁਗ ਅਜੇ ਚੱਲ ਰਿਹਾ ਹੈ, ਜਿਸ ਦੀ ਉਮਰ 432000 ਸਾਲ ਦੱਸੀ ਗਈ ਹੈ। ਜੇਕਰ ਸਾਰੇ ਯੁੱਗਾਂ ਦੀਆਂ ਉਮਰਾਂ ਦਾ ਜੋੜ ਕੀਤਾ ਜਾਵੇ ਤਾਂ ਇਹਨਾ ਦਾ ਕੁੱਲ ਜੋੜ 4320000 ਸਾਲ ਬਣਦਾ ਹੈ। ਕੀ ਸਸਤਰਾਂ ਅਨੁਸਾਰ ਇਸ ਤੋਂ ਬਾਅਦ ਸਭ ਕੁੱਝ ਖਤਮ ਹੋ ਜਾਵੇਗਾ, ਜਦਕਿ ਵਿਗਿਆਨ ਅਨੁਸਾਰ ਅਜੇ ਸੂਰਜ ਸਮੇਤ ਧਰਤੀ ਦੀ ਉਮਰ 4.5 ਬਿਲੀਅਨ ਸਾਲ ਪਈ ਹੈ। ਲੋਕ ਇਹ ਵੀ ਪੁੱਛਣਗੇ ਕਿ ਆਦਮੀ ਅਤੇ ਹਾਥੀ ਦੇ ਡੀ. ਐੱਨ. ਏ ਅਤੇ ਖ਼ੂਨ ਗਰੁੱਪ ਅਲੱਗ-ਅਲੱਗ ਹੁੰਦੇ ਹਨ ਤਾਂ ਫੇਰ ਮਨੁੱਖੀ ਬੱਚੇ ਦੇ ਧੜ ਉੱਤੇ ਹਾਥੀ ਦੇ ਬੱਚੇ ਦਾ ਸਿਰ ਕਿਵੇਂ ਲੱਗ ਗਿਆ। ਜਦੋਂ ਲੋਕਾਂ ਨੂੰ ਇਹ ਵੀ ਪਤਾ ਲੱਗ ਜਾਵੇਗਾ ਕਿ ਲੱਖਾਂ ਸਾਲਾਂ ਦੇ ਕ੍ਰਮ ਵਿਕਾਸ ਤੋਂ ਬਾਅਦ ਕਈ ਅਦਿੱਖ ਅਤੇ ਸੂਖਮ ਜੀਵਾਂ, ਮੱਛੀਆਂ, ਰੀਂਘਣ ਵਾਲੇ ਪ੍ਰਾਣੀਆਂ, ਛੋਟੇ ਚੌਪਾਇਆਂ ਅਤੇ ਏਪ ਪ੍ਰਜਾਤੀ ਤੋਂ ਗੁਜ਼ਰਦਾ ਹੋਇਆ ਮਨੁੱਖ ਬਣਿਆ ਤਾਂ ਇਸ ਗੱਲ ’ਤੇ ਕੋਈ ਕਿਵੇਂ ਯਕੀਨ ਕਰੇਗਾ ਕਿ ਰੱਬ ਨੇ ਇੱਕ ਦਿਨ ਵਿੱਚ ਹੀ ਅਪਣਾ ਰੂਪ ਦੇ ਕੇ ਮਨੁੱਖ ਤਿਆਰ ਕਰ ਦਿੱਤਾ। ਲੋਕ ਇਹ ਵੀ ਪੁੱਛਣਗੇ ਕਿ ਕੀ ਕੋਈ ਵਿਅਕਤੀ ਬੁਲਬੁਲ ਦੇ ਪਰਾਂ ਉੱਪਰ ਬੈਠ ਕੇ ਇੱਕ ਥਾਂ ਤੋਂ ਦੂਜੀ ਥਾਂ ’ਤੇ ਜਾ ਸਕਦਾ ਹੈ। ਸਾਰੇ ਮਨੁੱਖਾਂ ਦਾ ਡੀ. ਐੱਨ. ਏ ਇੱਕ-ਦੂਜੇ ਨਾਲ 99.9% ਮਿਲਦਾ-ਜੁਲਦਾ ਹੈ, ਮਤਲਬ ਲੱਗਭੱਗ ਇੱਕ ਸਮਾਨ ਹੈ ਤਾਂ ਫੇਰ ਜਾਤ-ਪਾਤ ਕਿੱਥੋਂ ਆ ਗਈ। ਇਨਸਾਨੀ ਖ਼ੂਨ ਕਿਸੇ ਪ੍ਰਕਾਰ ਦਾ ਹੁੰਦਾ ਹੈ , ਜਿਸ ਦੇ ਅੱਗੇ ਹਰ ਇੱਕ ਦਾ ਪਾਜ਼ੀਟਿਵ ਅਤੇ ਨੈਗੇਟਿਵ ਹੋਣ ਕਾਰਨ ਕੁੱਲ ਅੱਠ ਗਰੁੱਪ ਬਣਦੇ ਹਨ। ਕੀ ਕਿਸੇ ਇੱਕ ਜਾਤ ਦਾ ਖ਼ੂਨ ਇੱਕੋ ਜਿਹੇ ਗਰੁੱਪਾਂ ਦਾ ਹੁੰਦਾ ਹੈ ਅਤੇ ਇਹ ਗਰੁੱਪ ਕਿਸੇ ਹੋਰ ਜਾਤ ਦੇ ਗਰੁੱਪਾਂ ਨਾਲ ਨਹੀਂ ਮਿਲਦੇ ? ਕੀ ਕਿਸੇ ਇੱਕ ਜਾਤ ਦਾ ਖ਼ੂਨ ਦੂਜੀ ਜਾਤ ਦੇ ਵਿਅਕਤੀ ਨੂੰ ਨਹੀਂ ਚੜ੍ਹਾਇਆ ਜਾ ਸਕਦਾ? ਜੇਕਰ ਅਜਿਹਾ ਨਹੀਂ ਤਾਂ ਜਾਤ-ਪਾਤ ਕਦੋਂ ਪੈਦਾ ਹੋਈ, ਕਿਹੜੇ ਲੋਕਾਂ ਨੇ ਪੈਦਾ ਕੀਤੀ ਅਤੇ ਕਿਉ ਕੀਤੀ, ਲੋਕ ਇਸ ਦਾ ਇਤਿਹਾਸ ਵੀ ਪੁੱਛਣਗੇ । ਇਹ ਇੱਕ ਵਿਗਿਆਨਕ ਸੱਚਾਈ ਹੈ ਕਿ ਸਾਰੀ ਮਨੁੱਖਤਾ ਦੇ ਪੁਰਖੇ ਅਫਰੀਕਾ ਦੇ ਜੰਗਲਾਂ ਵਿੱਚੋਂ ਨਿਕਲ ਕੇ ਸਾਰੇ ਸੰਸਾਰ ਵਿਚ ਫੈਲੇ ਹਨ ਤਾਂ ਫੇਰ ਦੱਸੋ ਕਿ ਤੁਸੀਂ ਵਿਦੇਸ਼ੀ ਕਿਸ ਨੂੰ ਅਤੇ ਕਿਉਂ ਕਹਿ ਸਕਦੇ ਹੋ। ਜਦੋਂ ਲੋਕ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਜਾਣ ਜਾਣਗੇ ਕਿ ਕਿਸੇ ਵੀ ਦੇਵੀ-ਦੇਵਤੇ ਦੇ ਮੂੰਹ, ਬਾਹਾਂ, ਪੱਟਾਂ ਜਾਂ ਪੈਰਾਂ ਤੋਂ ਨਾ ਕੋਈ ਵਿਅਕਤੀ ਅਤੇ ਨਾ ਕੋਈ ਹੋਰ ਜੀਵ ਪੈਦਾ ਹੋ ਸਕਦਾ ਹੈ ਤਾਂ ਜਾਤ-ਪਾਤ ਨੂੰ ਲੋਕ ਵਗਾਹ ਮਾਰਨਗੇ। ਜਦੋਂ ਲੋਕ ਵਿਦਿਆਰਥੀ ਜੀਵਨ ਤੋਂ ਹੀ ਸਮਝ ਜਾਣਗੇ ਕਿ ਜਦੋਂ ਪੋਟਾਸ਼ੀਅਮ ਪਰਮੈਗਨੇਟ ਉੱਤੇ ਗਲਿਸਰੀਨ ਪਾਈ ਜਾਂਦੀ ਹੈ ਤਾਂ ਗਰਮੀ ਪੈਦਾ ਹੋਣ ਵਾਲੀ ਕਿਰਿਆ ਕਾਰਨ ਕੁੱਝ ਦੇਰ ਬਾਅਦ ਆਪੇ ਹੀ ਅੱਗ ਪੈਦਾ ਹੋ ਜਾਂਦੀ ਹੈ ਤਾਂ ਫੇਰ ਲੋਕ ਪਾਖੰਡੀ ਸਾਧਾਂ ਵੱਲੋਂ ਇਸੇ ਸਮਗਰੀ ਨੂੰ ਮਿਲਾ ਕੇ ਅਤੇ ਇੱਕ ਮੰਤਰ ਪੜ੍ਹ ਕੇ ਅੱਗ ਪੈਦਾ ਕਰਨ ਦਾ ਚਮਤਕਾਰ ਨਹੀਂ ਮੰਨਣਗੇ। ਜਦੋਂ ਲੋਕਾਂ ਨੂੰ ਵਿਦਿਆਰਥੀ ਜੀਵਨ ਵਿਚ ਹੀ ਪਤਾ ਲੱਗ ਜਾਵੇਗਾ ਕਿ ਸੂਰਜ, ਚੰਨ ਅਤੇ ਗ੍ਰਹਿ ਸਾਡੇ ਤੋਂ ਐਨੀ ਦੂਰ ਹਨ ਕਿ ਉਹਨਾਂ ਦਾ ਗੁਰੂਤਾ ਬਲ ਸਾਡੇ ’ਤੇ ਕੋਈ ਖਾਸ ਅਸਰ ਨਹੀਂ ਕਰ ਸਕਦਾ, ਜਿੰਨਾ ਸਮੁੰਦਰ ਉੱਤੇ ਜਵਾਰਭਾਟਾ ਲਿਆਉਣ ਵੇਲੇ ਕਰਦਾ ਹੈ, ਕਿਉਂਕਿ ਸਾਡਾ ਭਾਰ ਸਮੁੰਦਰ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ ਤਾਂ ਕਿਸੇ ਦੀ ਗ੍ਰਹਿ ਚਾਲ ਜਾਂ ਜੋਤਿਸ਼ ਆਦਿ ਸਭ ਬੇਕਾਰ ਸਮਝੇ ਜਾਣਗੇ।

ਜ਼ਿੰਦਗੀ ਦੇ ਹਰ ਖੇਤਰ ਵਿਚ ਵਿਗਿਆਨਕ ਨਜ਼ਰੀਆ ਅਪਣਾਉਣ ਨਾਲ ਜਾਤ-ਪਾਤ ਦਾ ਭੇਦ, ਹਿੰਦੂ-ਮੁਸਲਿਮ ਦਾ ਭੇਦ, ਦੇਸੀ-ਵਿਦੇਸ਼ੀ ਦਾ ਭੇਦ, ਮਿਥਿਹਾਸਕ ਕਥਾ ਕਹਾਣੀਆਂ, ਚਮਤਕਾਰ, ਗ੍ਰਹਿ ਚਾਲ, ਜੋਤਿਸ਼, ਤੰਤਰ ਵਿੱਦਿਆ ਜਾਂ ਵਾਸਤੂ ਸ਼ਾਸਤਰ ਉੱਤੇ ਕੋਈ ਯਕੀਨ ਨਹੀਂ ਕਰੇਗਾ, ਜਦਕਿ ਸਰਕਾਰਾਂ ਇਹਨਾਂ ਵਿਚਾਰਾਂ ਉੱਤੇ ਹੀ ਟਿਕੀਆਂ ਹੋਈਆਂ ਹਨ । ਇਸੇ ਲਈ ਸਰਕਾਰਾਂ ਵਿਦਿਆਰਥੀਆਂ ਨੂੰ ਇਸ ਲਾਇਕ ਨਹੀਂ ਬਣਾਉਣਾ ਚਾਹੁੰਦੀਆਂ ਕਿ ਉਹਨਾਂ ਵਿਚ ਹਰ ਵਰਤਾਰੇ ਜਾਂ ਵਿਚਾਰ ’ਤੇ ਪ੍ਰਸ਼ਨ ਪੁੱਛਣ ਦਾ ਹੌਸਲਾ ਪੈਦਾ ਹੋ ਸਕੇ। ਇਸੇ ਲਈ ਵਿੱਦਿਆ ਮਹਿਕਮਾ ਅਧਿਆਪਕ ਕੋਲੋਂ ਇਹ ਨਹੀਂ ਪੁੱਛਦਾ ਕਿ ਵਿਦਿਆਰਥੀਆਂ ਦਾ ਵਿਗਿਆਨਕ ਨਜ਼ਰੀਆ ਬਣਿਆ ਕਿ ਨਹੀਂ, ਇਹੋ ਪੁੱਛਿਆ ਜਾਂਦਾ ਹੈ ਕਿ ਤੁਹਾਡੀ ਕਲਾਸ ਦਾ ਸਾਲਾਨਾ ਨਤੀਜਾ ਕੀ ਰਿਹਾ, ਕਿੰਨੇ ਪ੍ਰਤੀਸ਼ਤ ਵਿਦਿਆਰਥੀ ਪਾਸ ਹੋਏ। ਕਿਸੇ ਸਕੂਲ ਜਾਂ ਕਾਲਜ ਦਾ ਪ੍ਰੀਖਿਆ ਨਤੀਜਾ 100% ਆ ਜਾਵੇ, ਉੱਥੇ ਵਿਦਿਆਰਥੀ ਵੱਧ ਦਾਖਲ ਹੁੰਦੇ ਹਨ ਅਤੇ ਸੰਸਥਾ ਦੀ ਆਮਦਨ ਵਧ ਜਾਂਦੀ ਹੈ। ਪ੍ਰਾਈਵੇਟ ਕੋਚਿੰਗ ਸੈਂਟਰ ਕੇਵਲ ਵਧੀਆ ਨਤੀਜੇ ਦੀ ਗਾਰੰਟੀ ਦੇਂਦੇ ਹਨ, ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੁੰਦੀ ਕਿ ਵਿਦਿਆਰਥੀਆਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਬਣਾਇਆ ਜਾਏਗਾ। ਸਿਆਸਤਦਾਨ ਜਦੋਂ ਮੌਕਾ ਮਿਲੇ ਤਾਂ ਕੋਈ ਨਾ ਕੋਈ ਅੰਧਵਿਸ਼ਵਾਸ ਫੈਲਾਉਂਦੇ ਹਨ । ਅਖ਼ਬਾਰਾਂ ਵਿਚ ਜੋਤਿਸ਼, ਤੰਤਰ ਵਿੱਦਿਆ, ਕਾਲਾ ਜਾਦੂ, ਵਸੀ ਕਾਰਨ ਆਦਿ ਤੇ ਇਸ਼ਤਿਹਾਰਾਂ ਉੱਤੇ ਕਦੇ ਕੋਈ ਸਰਕਾਰੀ ਰੋਕ ਨਹੀਂ ਲੱਗੀ। ਸਾਰੇ ਟੈਲੀਵਿਜ਼ਨ ਚੈਨਲ ਵੀ ਸਵੇਰੇ ਸ਼ਾਮ ਅਜਿਹਾ ਹੀ ਪ੍ਰਚਾਰ ਕਰਨ ’ਤੇ ਲੱਗੇ ਰਹਿੰਦੇ ਹਨ। ਕੇਵਲ ਐਨਾ ਹੀ ਨਹੀਂ, ਵਿਗਿਆਨਕ ਚੇਤਨਾ ਪੈਦਾ ਕਰਨ ਵਾਲੇ ਕਈ ਪਾਠਕ੍ਰਮ ਵਿਗਿਆਨ ਦੀਆਂ ਪੁਸਤਕਾਂ ਵਿੱਚੋਂ ਹਟਾ ਦਿੱਤੇ ਹਨ। ਡਾਰਵਿਨ ਦਾ ਕ੍ਰਮ ਵਿਕਾਸ ਤਾਂ ਬਿਲਕੁਲ ਹੀ ਹਟਾ ਦਿੱਤਾ ਹੈ। ਹੁਣ ਤਾਂ ਕੁਝ ਸਿਆਸਤਦਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਕਦੇ ਕਿਸੇ ਬਾਂਦਰ ਤੋਂ ਬੰਦਾ ਬਣਦਾ ਨਹੀਂ ਵੇਖਿਆ, ਇਸ ਲਈ ਡਾਰਵਿਨ ਦਾ ਸਿਧਾਂਤ ਮੂਲੋਂ ਹੀ ਗਲਤ ਹੈ। ਸਰਕਾਰਾਂ ਅਤੇ ਮੀਡੀਆ ਦੇ ਗੈਰ ਵਿਗਿਆਨਕ ਪ੍ਰਚਾਰ ਦਾ ਐਨਾ ਅਸਰ ਹੈ ਕਿ ਕੁਝ ਟੈਕਨੀਕਲ ਜਾਂ ਡਿਗਰੀ ਕਾਲਜ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਹਵਨ ਯੱਗ ਜਾਂ ਹੋਰ ਧਾਰਮਿਕ ਵਿਧੀਆਂ ਨਾਲ ਕਰਦੇ ਹਨ। ਵਿਗਿਆਨਕ ਸੋਚ ਜਾਂ ਨਜ਼ਰੀਏ ਦੀ ਸਰਕਾਰ ਐਨੀ ਦੁਸ਼ਮਣ ਹੈ ਕਿ ਜਿਹੜੀ ਵੀ ਕੋਈ ਕਿਤਾਬ ਵਿਗਿਆਨਕ ਸੋਚ ਨੂੰ ਜ਼ਿਆਦਾ ਪ੍ਰਚਾਰਿਤ ਕਰਦੀ ਹੈ, ਉਸ ਕਿਤਾਬ ’ਤੇ ਪ੍ਰਤੀਬੰਧ ਲਗਾ ਦਿੱਤਾ ਜਾਂਦਾ ਹੈ। ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਵੀ ਸਰਕਾਰੀ ਸਾਜ਼ਿਸ਼ਾਂ ਨਾਲ ਹੁਣ ਤੱਕ 8 ਵਿਗਿਆਨਕ ਸੋਚ ਦਾ ਪਸਾਰਾ ਕਰਨ ਵਾਲੇ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਵਿੱਚ ਤੈਮੂਰ ਰਜਾ ਨੂੰ ਨਾਸਤਿਕ ਵਿਚਾਰ ਫੈਲਾਉਣ ਦੇ ਦੋਸ਼ ਅਧੀਨ 2017 ਵਿਚ ਫਾਂਸੀ ਦੇ ਦਿੱਤੀ ਗਈ ਸੀ।

**# ਸੰਪਰਕ : 94176-32228**

# ਨਿਬ ਵਾਲਾ ਪੈੱਨ



ਡਾ. ਸੰਦੀਪ ਘੰਡ

ਬਚਪਨ ਦੀਆਂ ਯਾਦਾਂ ਤੁਹਾਨੂੰ ਬਹੁਤ ਆਨੰਦਤ ਕਰਦੀਆਂ ਜਦੋਂ ਕਦੇ ਮਿੱਤਰ ਮੰਡਲੀ ਚਰਚਾ ਕਰਦੀ ਤਾਂ ਸੋਚਦੇ ਹਾਂ ਕਿ ਅਸੀਂ ਅਜਿਹੇ ਵੀ ਸੀ। ਬਚਪਨ ਵਿੱਚ ਜ਼ਿਆਦਾ ਘਟਨਾਵਾਂ ਤਾਂ ਅਧਿਆਪਕਾਂ ਅਤੇ ਮਾਂ-ਬਾਪ ਤੋਂ ਕੁੱਟ ਖਾਣ ਦੀਆਂ ਹੁੰਦੀਆਂ। ਮੈਨੂੰ ਯਾਦ ਹੈ ਉਸ ਵੇਲੇ ਅਧਿਆਪਕ ਸੁੰਦਰ ਲਿਖਾਈ ਨੂੰ ਕੁਝ ਜ਼ਿਆਦਾ ਹੀ ਮਹੱਤਵ ਦਿੰਦੇ ਸਨ।

ਇਹ ਸੁੰਦਰ ਲਿਖਾਈ ਵੀ ਅਧਿਆਪਕਾਂ ਵੱਲੋਂ ਕੁੱਟਣ ਲਈ ਵੱਧ ਮਿਲੇ ਅਧਿਕਾਰਾਂ ਵਾਂਗ ਸਨ। ਪਹਿਲੀਆਂ ਕਲਾਸਾਂ ਵਿੱਚ ਫੱਟੀ ਅਤੇ ਕਲਮ। ਕਾਲੀ ਸਿਆਹੀ ਅਤੇ ਕਲਮ ਨਾਲ ਜਦੋਂ ਅੱਖਰ ਬਣਾ-ਬਣਾ ਲਿਖਦੇ ਤਾਂ ੳ ਪਾਉਣਾ ਸਾਡੇ ਲਈ ਅਤਿ ਕਠਨ ਕੰਮ ਸੀ। ਇਸ ੳ ਨੇ ਉਲਝਾਈ ਰੱਖਿਆ ਜਦੋਂ ਵੱਡੀਆਂ ਕਲਾਸਾਂ ਵਿੱਚ ਗਏ ਤਾਂ ਨਿਬ ਵਾਲਾ ਪੈੱਨ ਅਤੇ ਦੋ ਲਾਈਨਾਂ ਅਤੇ ਚਾਰ ਲਾਈਨਾਂ ਵਾਲੀਆਂ ਕਾਪੀਆਂ।

ਇਹ ਨਿਬ ਵਾਲਾ ਪੈੱਨ ਮੇਰੇ ਲਈ ਬਹੁਤ ਮੁਸੀਬਤ ਬਣ ਕੇ ਆਇਆ ਕਿ ਇੱਕ ਦਿਨ ਵਿੱਚ ਹੀ ਇਸ ਨੇ ਤਿੰਨ ਅਧਿਆਪਕਾਂ ਤੋਂ ਕੁੱਟ ਪਵਾ ਦਿੱਤੀ। ਹੋਇਆ ਇੰਝ ਕਿ ਮੈਂ ਨੌਵੀਂ ਕਲਾਸ ਵਿੱਚ ਪੜ੍ਹਦਾ ਸੀ। ਸਾਡਾ ਦੂਜਾ ਪੀਰੀਅਡ ਅੰਗਰੇਜ਼ੀ ਦਾ ਹੁੰਦਾ ਸੀ। ਕਮਲਾ ਜੈਨ ਮੈਡਮ ਪੜ੍ਹਾਉਂਦੀ ਸੀ, ਬਹੁਤ ਸਖਤ ਮਿਜ਼ਾਜ ਉਸ ਦਾ ਘਰਵਾਲਾ ਸਾਨੂੰ ਹਿਸਾਬ ਪੜ੍ਹਾਉਂਦਾ ਸੀ। ਸੁਭਾਅ ਉਸ ਦਾ ਵੀ ਹਿਸਾਬ ਵਾਂਗ ਨਾ-ਸਮਝਣਯੋਗ। ਅੱਜ ਮੈਡਮ 10 ਮਿੰਟ ਦੇਰੀ ਨਾਲ ਆਈ, ਸੋਚਿਆ ਕਿ ਪੀਰੀਅਡ ਵਿੱਚ 30 ਮਿੰਟ ਰਹਿ ਗਿਆ।

ਪਰ ਇਹ 30 ਮਿੰਟ ਉਸ ਦਿਨ ਮੁਸੀਬਤ ਬਣ ਕੇ ਆਏ ਮੇਰੇ ਲਈ ਅਤੇ ਮੈਡਮ ਲਈ। ਕਮਲਾ ਜੈਨ ਮੈਡਮ ਪੜ੍ਹਾਉਂਦੇ-ਪੜ੍ਹਾਉਂਦੇ ਐਨਕਾਂ ਕਦੇ ਹੇਠਾਂ, ਕਦੇ ਉੱਪਰ ਕਰ ਕੇ ਪੜ੍ਹਾ ਰਹੇ ਸੀ। ਅਚਾਨਕ ਮੇਰੇ ’ਤੇ ਨਿਗ੍ਹਾ ਕੀ ਵੱਜੀ, ਬੱਸ ਪੜ੍ਹਾਉਂਦੇ-ਪੜ੍ਹਾਉਂਦੇ ਮੇਰੇ ਬੈਂਚ ਕੋਲ ਆ ਖੜ੍ਹੀ। ਮੈਡਮ ਦੀ ਫੋਟੋ ਬਣਨ ਦੇ ਨੇੜੇ ਸੀ।

ਜਦੋਂ ਲਾਈਨਾਂ ਮਾਰਦੇ ਦੇਖਿਆ ਤਾਂ ਖੜ੍ਹਾ ਕਰ ਲਿਆ, ਪੂਰੀ ਤਿਆਰੀ ਨਾਲ ਮੈਡਮ ਨੇ ਥੱਪੜ ਵੱਟ ਲਿਆ। ਜਦੋਂ ਮਾਰਿਆ ਤਾਂ ਹੱਥ ਅੱਗੇ ਕਰ ਲਿਆ। ਨਿਬ ਵਾਲਾ ਪੈੱਨ ਖੁੱਲ੍ਹਾ ਹੋਇਆ ਸੀ ਕਿ ਮੈਡਮ ਦੇ ਨਰਮ ਹੱਥਾਂ ਦੀ ਕਿਸਮਤ ਲਾਈਨ ’ਤੇ ਵੱਜਿਆ, ਪਰ ਰਾਸ਼ੀਫਲ ਮੇਰਾ ਖਰਾਬ ਕਰ ਦਿੱਤਾ। ਹੱਥ ਵਿੱਚੋਂ ਖ਼ੂਨ ਇੰਝ ਚੱਲਣ ਲੱਗਾ, ਜਿਵੇਂ ਕਦੇ ਪੈੱਨ ਵਿੱਚੋਂ ਸਿਆਹੀ ਮੈਡਮ ਦੀਆਂ ਅੱਖਾਂ ਦੱਸ ਰਹੀਆਂ ਸੀ ਵੀ ਮੇਰੀ ਸ਼ਾਮਤ ਆਈ ਕਿ ਆਈ। ਫੇਰ ਦੂਜਾ ਥੱਪੜ ਨਹੀਂ ਵੱਜ ਸਕਿਆ ਮੈਡਮ ਦੇ ਹੱਥਾਂ ਵਿੱਚ ਤੇਜ਼ੀ ਨਾਲ ਖ਼ੂਨ ਵਗਣ ਲੱਗਾ। ਮੈਡਮ ਨੇ ਪਰਸ ਵਿੱਚੋਂ ਰੁਮਾਲ ਕੱਢਿਆ, ਹੱਥ ’ਤੇ ਬੰਨ੍ਹਿਆ। ਮੇਰੇ ਵੱਲ ਬੁੜਬੁੜ ਕਰਦੀ ਸ਼ਾਇਦ ਕਹਿ ਰਹੀ ਸੀ ਦੇਖਦੀ ਹਾਂ ਤੈਨੂੰ ਕੱਲ੍ਹ ਨੂੰ। ਮੈਡਮ ਨੇ ਡਿਸਪੈਂਸਰੀ ਵਿੱਚ ਜਾ ਕੇ ਪੱਟੀ ਕਰਾਈ, ਨਾਲ ਹੀ ਉਹਦੇ ਪਤੀ ਦੇਵ ਸਾਡੇ ਹਿਸਾਬ ਵਾਲੇ ਮਾਸਟਰ ਸੰਭੂ ਜੈਨ ਆ ਗਏ। ਮੈਡਮ ਨੇ ਘਰੇ ਚਾਲੇ ਪਾ ਦਿੱਤੇ।

ਸ਼ੰਭੂ ਮਾਸਟਰ ਸਾਡੀ ਕਲਾਸ ਲੈਣ ਆ ਗਿਆ। ਉਸ ਨੂੰ ਲੱਗਿਆ ਕਿ ਸ਼ਾਇਦ ਮੈਂ ਜਾਣਬੁੱਝ ਕੇ ਪੈੱਨ ਮਾਰਿਆ, ਉਪਰੋਂ ਇੱਕ ਹੋਰ ਵਿਦਿਆਰਥੀ ਨੇ ਕਹਿ ਦਿੱਤਾ ਕਿ ਮਾਸਟਰ ਜੀ ਇਹਨੇ ਮੇਰੇ ਵੀ ਇੱਕ ਦਿਨ ਪੈੱਨ ਮਾਰਿਆ ਸੀ, ਦੂਜਾ ਕਹਿੰਦਾ ਇਹਨੇ ਮੇਰੇ ਪ੍ਰਕਾਰ ਮਾਰੀ ਸੀ, ਰਪਟਾਂ ਲਿਖਵਾਉਣ ਵਾਲੇ ਜ਼ਿਆਦਾ ਅਤੇ ਥਾਣੇਦਾਰ ਇੱਕ। ਚਲੋ ਉਹਨਾਂ ਨਾਲ ਤਾਂ ਹਿਸਾਬ-ਕਿਤਾਬ ਕਰ ਹੀ ਲੈਣਾ ਸੀ। ਮਾਸਟਰ ਸ਼ੰਭੂ ਨੇ ਵੀ ਮੁਰਗਾ ਬਣਾ ਲਿਆ, ਨਾਲੇ ਉਹ ਸ਼ਾਕਾਹਾਰੀ ਸੀ, ਪਰ ਫੇਰ ਵੀ ਕਹਿੰਦਾ ਬਣਜਾ ਮੁਰਗਾ। ਪੀਰੀਅਡ ਮੁੱਕਿਆ। ਮਾਸਟਰ ਜੀ ਚਲੇ ਗਏ। ਪਹਿਲਾਂ ਤਾਂ ਰਪਟ ਲਿਖਵਾਉਣ ਵਾਲੇ ਮੁਦੱਈਆਂ ਤੋਂ ਬਦਲਾ ਲਿਆ। ਸੋਚਿਆ ਕਿ ਮਾਸਟਰ ਨੂੰ ਵੀ ਰਸਤੇ ਵਿੱਚ ਘੇਰ ਲਈਏ, ਪਰ ਰੋਕ ਦਿੱਤਾ ਜੇ ਨਾ ਰੋਕਦਾ ਤਾਂ ਹੋ ਸਕਦਾ ਅੱਜ ਦੁਕਾਨਦਾਰ ਹੁੰਦਾ। ਮਾਸਟਰਾਂ ਦੇ ਏਕੇ ਦਾ ਵੀ ਉਸ ਦਿਨ ਪਤਾ ਚੱਲਿਆ ਪਹਿਲੀ ਵਾਰ ਹੋਇਆ ਕਿ ਹਿੰਦੀ ਵਾਲੇ ਸ਼ਾਸਤਰੀ ਤੋਂ ਵੀ ਕੁੱਟ ਖਾਣੀ ਪਈ। ਉਸ ਦੀ ਚੂੰਢੀ ਬਹੁਤ ਭੈੜੀ ਸੀ, ਨਾਲ ਚੂੰਢੀ ਵੱਢਦਾ, ਨਾਲੇ ਕਹਿੰਦਾ ਕਿ ਅੱਜ ਤੈਨੂੰ ਹਰੀ ਪੱਤੀ ਦੀ ਚਾਹ ਪਿਆਉਣੀ, ਉਦੋਂ ਤਾਂ ਹਰੀ ਪੱਤੀ ਬਾਰੇ ਕਦੇ ਨਹੀਂ ਸੀ ਸੁਣਿਆ, ਪਰ ਹੁਣ ਰੋਜ਼ਾਨਾ ਗਰੀਨ ਟੀ ਪੈਣ ਵੇਲੇ ਸ਼ਾਸਤਰੀ ਜੀ ਯਾਦ ਆ ਜਾਂਦੇ।

ਹੁਣ ਤਾਂ ਦੋਨੋਂ ਮਾਸਟਰ ਜੀ ਸਵਰਗ ਸਿਧਾਰ ਗਏ। ਪਹਿਲਾਂ-ਪਹਿਲਾਂ ਕੁੱਟਣ ਦਾ ਅਹਿਸਾਨ ਜਿਤਾਉਂਦੇ ਸੀ ਕਿ ਸਾਡੇ ਕੁੱਟਣ ਨਾਲ ਅੱਜ ਤੂੰ ਅਫਸਰ ਬਣ ਗਿਆ। ਹੁਣ ਉਸ ਦਿਨ ਦੀ ਕੁੱਟ ਨੇ ਕਿਵੇਂ ਅਫਸਰ ਬਣਾਇਆ, ਇਹ ਅੱਜ ਤੱਕ ਸਮਝ ਨਹੀਂ ਆਈ, ਪਰ ਅੱਜ ਵੀ ਜਦੋਂ ਉਸ ਦਿਨ ਦੀ ਕੁੱਟ ਯਾਦ ਆਉਂਦੀ ਤਾਂ ਸਵਾਦ ਜਿਹਾ ਆ ਜਾਂਦਾ ਕਿ ਪੈੱਨ ਦੇ ਨਿਬ ਨੇ ਕੁੱਟ ਪਵਾ ਦਿੱਤੀ, ਪਰ ਭੈਣ ਜੀ ਵੀ ਕਈ ਦਿਨ ਪੱਟੀ ਕਰਵਾਉਂਦੀ ਰਹੀ, ਉਸ ਦੀ ਕਿਸਮਤ ਵਾਲੀ ਲਾਈਨ ਵਿੱਚੋਂ ਟੁੱਟ ਗਈ ਸੀ, ਉਹ ਦੁਬਾਰਾ ਬਣ ਗਈ। ਉਸ ਤੋਂ ਬਾਅਦ ਅੱਜ ਤੱਕ ਨਿਬ ਵਾਲਾ ਪੈੱਨ ਨਹੀਂ ਵਰਤਿਆ। ਟੀ ਜ਼ਰੂਰ ਪੀ ਲੈਂਦੇ। ਉਦੋਂ ਸ਼ਾਸਤਰੀ ਜੀ ਯਾਦ ਆ ਜਾਂਦੇ। ਇੱਕ ਦਿਨ ਖਾਧੀ ਕੁੱਟ ਤਾਂ ਬਹੁਤ ਚਿਰ ਯਾਦ ਰਹੀ, ਪਹਿਲਾਂ ਤਾਂ ਮੈਂ ਨਹੀਂ ਦੱਸਿਆ, ਪਰ ਅਚਾਨਕ ਇੱਕ ਦਿਨ ਮਾਂ ਨੂੰ ਪਤਾ ਲੱਗ ਗਿਆ ਪੱਤਾ ਲੱਗਦੇ ਹੀ ਸ਼ਾਮ ਨੂੰ ਜਾ ਵੱਜੀ ਮਾਸਟਰ ਜੀ ਦੇ ਘਰ। ਮਾਤਾ ਮਾਤਾ ਜੀ ਕਹਿ ਕੇ ਭੈਣ ਜੀ ਨੇ ਆਪਣਾ ਹੱਥ ਦਿਖਾਇਆ ਟੈਟਨਸ ਦਾ ਟੀਕਾ। ਚਲੋ ਮਾਂ ਤਾਂ ਵਾਪਸ ਆ ਗਈ, ਪਰ ਹੁਣ ਅੱਗੇ ਲਈ ਬੱਚਤ ਹੋ ਗਈ। ਅੱਜ ਵੀ ਸੋਚਦਾਂ ਕਿ ਮਾਵਾਂ ਵੀ ਆਪਣੇ ਪੁੱਤ ਲਈ ਕਿਸੇ ਗੈਂਗਸਟਰ ਤੋਂ ਘੱਟ ਨਹੀਂ ਹੁੰਦੀਆਂ।

**# ਸੰਪਰਕ : 98151-39576**

# ਸਮਾਰਟ ਫੋਨ, ਸੋਸ਼ਲ ਮੀਡੀਆ ਅਤੇ ਮਾਨਸਿਕ ਗੁਲਾਮੀ

ਕੰਵਲਜੀਤ ਕੌਰ ਗਿੱਲ

ਆਧੁਨਿਕ ਤਕਨੀਕੀ ਯੁੱਗ ਡਿਜ਼ੀਟਲ ਟੈਕਨੋਲੋਜੀ ਅਤੇ ਆਰਟੀਫੀਸ਼ੀਅਲ /ਮਨਸੂਈ ਬੁੱਧੀ ਦਾ ਯੁੱਗ ਹੈ । ਸਮਾਰਟ ਫੋਨ ਦੇ ਜ਼ਰੀਏ ਹਰ ਉਮਰ ਅਤੇ ਵਰਗ ਦਾ ਵਿਅਕਤੀ ਸੋਸ਼ਲ ਮੀਡੀਆ ਉੱਪਰ ਕਾਰਜਸ਼ੀਲ ਹੈ । ਸੋਸ਼ਲ ਮੀਡੀਆ ਦੀਆਂ ਅਨੇਕਾਂ ਹੀ ਐਪਸ ਅਤੇ ਸਾਈਟਾਂ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆ ਭਰ ਦੀ ਜਾਣਕਾਰੀ ਇੱਕ ਬਟਨ ਦੇ ਦਬਾਉਣ ਨਾਲ ਪ੍ਰਾਪਤ ਕਰ ਸਕਦੇ ਹਾਂ । ਆਪਣੇ ਦੋਸਤਾਂ-ਮਿੱਤਰਾਂ, ਸਹਿਯੋਗੀਆਂ, ਪਰਵਾਰਕ ਮੈਂਬਰਾਂ ਨਾਲ ਗੱਲਬਾਤ ਹੀ ਨਹੀਂ ਕਰ ਸਕਦੇ, ਸਗੋਂ ਚਾਹੀਏ ਤਾਂ ਸ਼ਕਲ ਸੂਰਤ ਵੀ ਦੇਖ ਸਕਦੇ ਹਾਂ । ਜ਼ਰੂਰੀ ਸੁਨੇਹਾ ਜਾਂ ਸੂਚਨਾ ਭੇਜ ਸਕਦੇ ਹਾਂ । ਕਈ ਟੂਲਜ਼/ਸੰਦ ਇਹੋ ਜਿਹੇ ਵੀ ਹਨ ਜਿਹੜੇ ਤੁਹਾਡੇ ਦਿਮਾਗ, ਸਿਹਤ ਅਤੇ ਸਮੂਹ ਸਰੀਰਕ ਕਾਰਜ ਪ੍ਰਣਾਲੀ ਨੂੰ ਨਿਯੰਤਰਿਤ ਕਰਦੇ ਹਨ । ਸਮਾਰਟ ਫੋਨ ਇਤਨਾ ਕੁ ਸਮਾਰਟ ਹੈ ਕਿ ਕੁਝ ਦੇਰ ਵਰਤੋਂ ਕਰਨ ਤੋਂ ਬਾਅਦ ਉਸ ਕੋਲ ਤੁਹਾਡੇ ਬਾਰੇ ਲੱਗਭੱਗ ਸਾਰੀ ਜਾਣਕਾਰੀ ਇਕੱਠੀ ਹੋ ਜਾਂਦੀ ਹੈ । ਤੁਹਾਡੀ ਪਸੰਦ ਕੀ ਹੈ, ਤੁਹਾਨੂੰ ਕਿਹੜੀ ਬਿਮਾਰੀ ਹੈ, ਕਿਸ ਪ੍ਰਕਾਰ ਦੀ ਦਵਾ-ਦਾਰੂ ਤੁਹਾਡੇ ਲਈ ਸਹੀ ਹੈ, ਤੁਸੀਂ ਪਿਛਲੇ ਖਾਸ ਸਮੇਂ ’ਤੇ ਕਿੱਥੇ ਗਏ ਸੀ, ਤੁਹਾਡੀਆਂ ਖਿੱਚੀਆਂ ਫੋਟੋਆਂ ਤੋਂ ਉਹ ਦੱਸ ਦੇਵੇਗਾ ਅਤੇ ਤੁਹਾਨੂੰ ਫੋਟੋ ਵੀ ਦਿਖਾਵੇਗਾ । ਇੱਥੋਂ ਤੱਕ ਕਿ ਸਮਾਰਟ ਫੋਨ ਨਾਲ ਤੁਸੀਂ ਬੈਠੇ-ਬੈਠੇ ਅਲੈਕਸਾ/ਸੀਰੀ/ਗੂਗਲ ਆਦਿ ਨੂੰ ਹੁਕਮ ਦੇ ਸਕਦੇ ਹੋ ਕਿ ਕਮਰੇ ਦੀ ਲਾਈਟ ਬੰਦ ਕਰ ਦੇਵੇ ਜਾਂ ਜਗਾ ਦਏ । ਤੁਹਾਡੀ ਗੈਰ ਮੌਜੂਦਗੀ ਦੌਰਾਨ ਘਰ ਵਿੱਚ ਦਾਖ਼ਲ ਹੋਣ ਵਾਲੇ ਕਿਸੇ ਵੀ ਓਪਰੇ ਵਿਅਕਤੀ ਦਾ ਧਿਆਨ ਆਦਿ ਰੱਖੇ । ਸਮਾਰਟ ਫੋਨ ਰੋਬੋਟ ਦੀ ਸਹਾਇਤਾ ਨਾਲ ਲੱਗਭੱਗ ਹਰ ਇਕ ਪ੍ਰਕਾਰ ਦੇ ਕੰਮ ਕਰ ਸਕਦਾ ਹੈ । ਇੰਜ ਅਸੀਂ ਕਹਿ ਸਕਦੇ ਹਾਂ ਕਿ ਮਨਸੂਈ ਬੁੱਧੀ ਦੀ ਵਰਤੋਂ ਨਾਲ ਜ਼ਿੰਦਗੀ ਸੁਖਾਲੀ ਹੋ ਗਈ ਹੈ । ਪਰ ਇਹ ਸਾਰਾ ਕੁਝ ਇਤਨਾ ਸਰਲ ਨਹੀਂ ਹੈ।ਅੱਜ ਕੱਲ੍ਹ ਜਿਸ ਕੋਲ ਸਮਾਰਟ ਫੋਨ ਨਹੀਂ, ਉਸ ਨੂੰ ਦੋਸਤਾਂ-ਮਿੱਤਰਾਂ ਦੇ ਇਕੱਠ ਵਿੱਚ ਇਕ ਅਨਪੜ੍ਹ ਵਾਂਗੂੰ ਵੇਖਿਆ ਜਾਂਦਾ ਹੈ । ਇਸ ਲਈ ਦੇਖਾ-ਦੇਖੀ ਲੱਗਭੱਗ ਹਰ ਕੋਈ ਵਟਸਐੱਪ, ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ ਅਤੇ ਈਮੇਲ ਆਦਿ ਜ਼ਿਆਦਾ ਪ੍ਰਚਲਿਤ ਐਪਸ ਦੀ ਵਰਤੋਂ ਕਰ ਰਿਹਾ ਹੈ । ਜਿਸ ਵਿੱਚ ਉਸ ਨੂੰ ਹਰ ਪ੍ਰਕਾਰ ਦੇ ਫਾਇਦੇ ਨਜ਼ਰ ਆਉਂਦੇ ਹਨ ਅਤੇ ਉਹ ਆਪਣੇ-ਆਪ ਨੂੰ ਦੁਨੀਆ ਦਾ ਸਭ ਤੋਂ ਸਿਆਣਾ ਤੇ ਜਾਣਕਾਰ ਵਿਅਕਤੀ ਮਹਿਸੂਸ ਕਰਦਾ ਹੈ ।

ਸਮਾਰਟ ਫੋਨ ਦੇ ਜ਼ਰੀਏ ਸੋਸ਼ਲ ਮੀਡੀਆ ਉੱਪਰ ਕਾਰਜਸ਼ੀਲ ਰਹਿਣਾ ਫੈਸ਼ਨ ਹੀ ਨਹੀਂ, ਸਮੇਂ ਦੀ ਜ਼ਰੂਰਤ ਬਣਦਾ ਜਾ ਰਿਹਾ ਹੈ । ਇਹ ਸਹੀ ਹੈ ਕਿ ਸੋਸ਼ਲ ਮੀਡੀਆ ਦੇ ਅਣਗਿਣਤ ਲਾਭ ਹਨ, ਇਸ ਦੀ ਵਰਤੋਂ ਨੇ ਜੀਵਨ ਸ਼ੈਲੀ ਵਿੱਚ ਇੱਕ ਪ੍ਰਕਾਰ ਦੀ ਕ੍ਰਾਂਤੀ ਲਿਆ ਦਿੱਤੀ ਹੈ, ਪਰ ਕਿਸੇ ਵੀ ਵਸਤੂ ਦਾ ਇੱਕ ਸੀਮਾ ਤੋਂ ਵਧੇਰੇ ਪ੍ਰਯੋਗ ਹਮੇਸ਼ਾ ਹੀ ਖਤਰਨਾਕ ਅਤੇ ਨੁਕਸਾਨਦੇਹ ਹੁੰਦਾ ਹੈ । ਕੁਝ ਇਸੇ ਪ੍ਰਕਾਰ ਦੀ ਸਥਿਤੀ ਹੈ ਸੋਸ਼ਲ ਮੀਡੀਆ ਅਤੇ ਇਸ ਦੀ ਜ਼ਰੂਰਤ ਤੋਂ ਵਧੇਰੇ ਵਰਤੋਂ ਦੀ। ਵਾਧੂ ਸਕਰੀਨ ਸਮਾਂ, ਫਜ਼ੂਲ ਅਤੇ ਅਣ-ਉਤਪਾਦਕ ਕੰਮਾਂ ਵਿੱਚ ਰੁੱਝੇ ਰਹਿਣ ਨਾਲ ਸਮੇਂ ਦੀ ਬਰਬਾਦੀ ਹੁੰਦੀ ਹੈ । ਇਸ ਦੀ ਲਗਾਤਾਰ ਵਰਤੋਂ ਕਰਨ ਵਾਲੇ ਕਈ ਪ੍ਰਕਾਰ ਦੀਆਂ ਮਾਨਸਿਕ, ਮਨੋਵਿਗਿਆਨਕ ਅਤੇ ਭਾਵਨਾਤਮਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹ ਚੌਗਿਰਦੇ ਦੇ ਨਾਲ ਜੁੜੇ ਮਹਿਸੂਸ ਕਰਦੇ ਹੋਏ ਵੀ ਇਕੱਲਤਾ ਦੀ ਜ਼ਿੰਦਗੀ ਜਿਊ ਰਹੇ ਹਨ । ਹੌਲੀ-ਹੌਲੀ ਉਹ ਡਿਪਰੈਸ਼ਨ, ਚਿੰਤਾ, ਡਰ ਵਰਗੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋਣ ਲੱਗਦੇ ਹਨ । ਨੀਂਦ ਦਾ ਅਨਿਯਮਤ ਹੋਣਾ ਵੀ ਇਸੇ ਦਾ ਨਤੀਜਾ ਹੈ ।ਉਨ੍ਹਾਂ ਵਿੱਚ ਹੀਣਭਾਵਨਾ ਤੇ ਨਕਾਰਾਤਮਕ ਸੋਚ ਭਾਰੂ ਹੋਣ ਲੱਗਦੀ ਹੈ ਅਤੇ ਵਿਅਕਤੀ ਬਾਹਰ ਵਿਚਰਨ ਦੀ ਥਾਂ ਅੰਤਰਮੁਖੀ ਹੋਣ ਲੱਗਦਾ ਹੈ । ਆਧੁਨਿਕਤਾ ਨੂੰ ਅਪਣਾਉਣਾ/ ਵਰਤਣਾ, ਸਮੇਂ ਦੇ ਨਾਲ ਚੱਲਣ ਵਾਂਗ ਹੈ, ਪਰ ਇਕ ਸੀਮਾ ਤੋਂ ਵਧੇਰੇ ਵਰਤੋਂ ਨੁਕਸਾਨ ਕਰਦੀ ਹੈ।

ਸਮਾਰਟ ਫੋਨ ਦੀ ਜ਼ਰੂਰਤ ਤੋਂ ਵਧੇਰੇ ਵਰਤੋਂ ਦਾ ਬੱਚਿਆਂ ਅਤੇ ਖਾਸ ਤੌਰ ’ਤੇ ਵਿਦਿਆਰਥੀਆਂ ਉੱਪਰ ਸਭ ਤੋਂ ਮਾੜਾ ਅਸਰ ਪੈ ਰਿਹਾ ਹੈ । ਅੰਤਰਰਾਸ਼ਟਰੀ ਵਿਦਿਆਰਥੀ ਅਸੈਸਮੈਂਟ ਪ੍ਰੋਗਰਾਮ (PISA) ਦੁਆਰਾ ਵਿਸ਼ਾਲ ਪੱਧਰ ’ਤੇ ਕੀਤੀ ਖੋਜ ਵੀ ਦੱਸਦੀ ਹੈ ਕਿ ਸੂਚਨਾ ਅਤੇ ਸੰਚਾਰ ਤਕਨੀਕ ਦੀ ਵਧੇਰੇ ਵਰਤੋਂ ਵਿਦਿਆਰਥੀ ਦੀ ਕਾਰਗੁਜ਼ਾਰੀ ’ਤੇ ਮਾੜਾ ਪ੍ਰਭਾਵ ਪਾਉਂਦੀ ਹੈ । ਵਿਦਿਆਰਥੀ ਇਕਾਗਰਚਿੱਤ ਹੋ ਕੇ ਪੜ੍ਹਾਈ ਨਹੀਂ ਕਰ ਸਕਦਾ। ਹਾਲ ਹੀ ਵਿੱਚ ਯੂਨੈਸਕੋ (UNESCO) ਨੇ 14 ਦੇਸ਼ਾਂ ਦੇ ਵਿਦਿਆਰਥੀਆਂ ਦਾ ਇਕ ਵੱਡਾ ਸੈਂਪਲ ਲੈ ਕੇ ਅਧਿਐਨ ਕੀਤਾ । ਇਹ ਰਿਪੋਰਟ ਵੀ ਇਸ ਨਤੀਜੇ ’ਤੇ ਪਹੁੰਚੀ ਹੈ ਕਿ ਵਿਦਿਆਰਥੀਆਂ ਦੁਆਰਾ ਮੋਬਾਈਲ ਦੀ ਵਧੇਰੇ ਵਰਤੋਂ ਅਤੇ ਵਿਦਿਅਕ ਪ੍ਰਾਪਤੀ ਦੇ ਪੱਧਰ ਵਿੱਚ ਨਿਘਾਰ ਨਾਲ ਸਿੱਧਾ ਅਤੇ ਸਪੱਸ਼ਟ ਸੰਬੰਧ ਹੈ ਅਤੇ ਇਹ ਹਰ ਪ੍ਰਕਾਰ ਦੇ, ਪ੍ਰਾਇਮਰੀ, ਮਿਡਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੱਕ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਦਾ ਹੈ । ਬੱਚੇ ਇਸ ਦੀ ਲਗਾਤਾਰ ਤੇ ਨਿਰੰਤਰ ਵਰਤੋਂ ਕਰਨ ਦੇ ਆਦੀ ਹੋ ਰਹੇ ਹਨ, ਕਿਉਂਕਿ ਕਲਾਸ ਵਿੱਚ ਜਦੋਂ ਕਿਤਾਬ ਦੀ ਜਗ੍ਹਾ ਸਕਰੀਨ ਅਤੇ ਪੈਨ-ਪੈਨਸਿਲ ਦੀ ਜਗ੍ਹਾ ਕੀਬੋਰਡ ਆ ਜਾਂਦਾ ਹੈ ਤਾਂ ਇਹ ਤਕਨੀਕੀ ਸਰੋਤ ਪੜ੍ਹਾਈ ਵਿੱਚ ਮਦਦਗਾਰ ਹੋਣ ਦੀ ਥਾਂ ਵਿਦਿਆਰਥੀ ਦੀ ਮਾਨਸਿਕਤਾ ਉੱਪਰ ਹਾਵੀ ਹੋਣ ਲੱਗਦੇ ਹਨ । ਵਿਦਿਆਰਥੀ ਦਾ ਸਮਾਂ ਅਧਿਆਪਕ ਦੇ ਦੱਸੇ ਸਰੋਤ/ਸਾਈਟ ਦੀ ਥਾਂ ਹੋਰ ਸਮੱਗਰੀ ਦੇਖਣ/ ਫਰੋਲਣ ਵਿੱਚ ਨਸ਼ਟ ਹੋਣ ਲੱਗਦਾ ਹੈ । ਬੱਚੇ ਦਾ ਸਕਰੀਨ ਸਮਾਂ ਵਧਣ ਲੱਗਦਾ ਹੈ । ਸਕਰੀਨ ਦੀ ਨੀਲੀ ਰੌਸ਼ਨੀ ਦਾ ਨਜ਼ਰ ਉਪਰ ਮਾੜਾ ਪ੍ਰਭਾਵ ਪੈਂਦਾ ਹੈ । ਕੋਵਿਡ -19 ਦੌਰਾਨ ਮਜਬੂਰੀ ਵਸ ਸੋਸ਼ਲ ਦੂਰੀ ਰੱਖਣ ਦੇ ਮਨਸ਼ੇ ਨੂੰ ਪੂਰਾ ਕਰਨ ਲਈ ਸਭ ਵਿਦਿਅਕ ਅਦਾਰੇ, ਦਫਤਰ, ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਆਦਿ ਬੰਦ ਕਰ ਦਿੱਤੇ ਗਏ ਸਨ । ਦਫਤਰਾਂ ਦਾ ਕੰਮ ਘਰੇ ਬੈਠੇ ਹੀ ਹੋਣ ਲੱਗ ਗਿਆ ਸੀ ।ਕੁੱਝ ਦੇਰ ਬਾਅਦ ਪੜ੍ਹਾਈ ਦਾ ਕਾਰਜ ਜਾਰੀ ਰੱਖਣ ਵਾਸਤੇ ਵਿਦਿਅਕ ਅਦਾਰਿਆਂ ਵਿੱਚ ਆਨਲਾਈਨ ਕਲਾਸਾਂ ਦਾ ਸੰਕਲਪ ਮਾਰਕੀਟ ਵਿੱਚ ਆਇਆ । ਰਵਾਇਤ ਦੇ ਉਲਟ ਜਾਂਦੇ ਹੋਏ ਵਿਦਿਆਰਥੀਆਂ ਦੇ ਹੱਥ ਮਜਬੂਰਨ ਸਮਾਰਟ ਫੋਨ ਫੜਾਏ ਗਏ । ਇਹ ਉਸ ਵੇਲੇ ਦੀ ਮਜਬੂਰੀ ਕਹਿ ਲਓ, ਪਰ ਨਿੱਜੀ ਕੰਪਨੀਆਂ ਨੂੰ ਇਹ ਘਰੇ ਬੈਠ ਕੇ ਕੰਮ ਕਰਵਾਉਣਾ ਅਤੇ ਆਪਸੀ ਸੰਪਰਕ ਦੇ ਉਲਟ ਸੋਸ਼ਲ ਦੂਰੀ ਬਣਾਈ ਰੱਖਣ ਦਾ ਸਿਧਾਂਤ ਰਾਸ ਆ ਗਿਆ, ਜਿਹੜਾ ਹੁਣ ਤੱਕ ਵੀ ਬਹੁਤੀਆਂ ਕੰਪਨੀਆਂ ਵਿੱਚ ਜਾਰੀ ਹੈ । ਵਿਦਿਆਰਥੀਆਂ ਉੱਪਰ ਸਮਾਰਟ ਫੋਨ ਦੀ ਵਧੇਰੇ ਵਰਤੋਂ ਦੇ ਪੈ ਰਹੇ ਨਕਾਰਾਤਮਕ ਪ੍ਰਭਾਵ ਸੰਬੰਧੀ ਯੂਨੈਸਕੋ ਦੀ ਰਿਪੋਰਟ ਆਉਣ ਉਪਰੰਤ ਵੀ ਕੇਵਲ 25% ਸਕੂਲਾਂ ਨੇ ਇਸ ਦੀ ਵਰਤੋਂ ਨੂੰ ਸਕੂਲਾਂ ਵਿੱਚ ਬੰਦ ਕਰਨ ਦੇ ਆਦੇਸ਼ ਦਿੱਤੇ ਹਨ ।

ਜਦੋਂ ਆਮ ਨਾਗਰਿਕ ਵਟਸਐਪ ਫੇਸਬੁੱਕ ਜਾਂ ਹੋਰ ਸਾਈਟਾਂ ਉੱਪਰ ਰੁੱਝੇ ਰਹਿੰਦੇ ਹਨ ਤਾਂ ਸਮੇਂ ਦੀ ਬਰਬਾਦੀ ਦੇ ਨਾਲ-ਨਾਲ ਹੋਰ ਅਨੇਕਾਂ ਬਿਮਾਰੀਆਂ ਆਣ ਘੇਰਦੀਆਂ ਹਨ, ਕਿਉਂਕਿ ਇਹਨਾਂ ਸਾਈਟਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ ਆਪਣੇ ਮੁਫਾਦਾਂ ਦੀ ਪੂਰਤੀ ਵਾਸਤੇ ਇਹੋ ਜਿਹੀ ਸਮੱਗਰੀ ਅਤੇ ਮਸ਼ਹੂਰੀਆਂ ਆਦਿ ਪੇਸ਼ ਕਰਦੀਆਂ ਹਨ ਕਿ ਇਸ ਨੂੰ ਵਰਤਦੇ ਹੋਏ ਸਮੇਂ ਦਾ ਧਿਆਨ ਹੀ ਨਹੀਂ ਰਹਿੰਦਾ । ਬਹੁਤੀ ਵਾਰ ਭਟਕਣ ਅਤੇ ਉਤੇਜਨਾ ਭਰਪੂਰ ਇਸ਼ਤਿਹਾਰਬਾਜ਼ੀ ਵੀ ਕੀਤੀ ਜਾਂਦੀ ਹੈ । ਸੋਸ਼ਲ ਮੀਡੀਆ ਉੱਪਰ ਜੋ ਕੁਝ ਪੇਸ਼ ਹੋ ਰਿਹਾ ਹੈ ਜ਼ਰੂਰੀ ਨਹੀਂ ਕਿ ਉਹ ਸਹੀ ਹੋਵੇ । ਪ੍ਰਿੰਟ ਮੀਡੀਆ ਵਿੱਚ ਆਮ ਤੌਰ ’ਤੇ ਕੋਈ ਖਬਰ/ ਘਟਨਾ ਨੂੰ ਪਰਖ ਕੇ ਅਤੇ ਉਸ ਦੀ ਅਸਲੀਅਤ ਬਾਰੇ ਯਕੀਨ ਹੋਣ ਉਪਰੰਤ ਹੀ ਛਾਪਿਆ ਜਾਂਦਾ ਹੈ, ਪ੍ਰੰਤੂ ਬੋਲਣ ਅਤੇ ਆਪਣੇ ਵਿਚਾਰ ਪੇਸ਼ ਕਰਨ ਦੀ ਆਜ਼ਾਦੀ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਕਿਸ ਕਿਸਮ ਦੀ ਯੂਟਿਊਬ ਬਣਾਉਣੀ ਹੈ, ਉਸ ਵਿੱਚ ਕੀ ਵਿਚਾਰ ਪੇਸ਼ ਕਰਨੇ ਹਨ, ਉਹ ਕਿੱਥੋਂ ਤੱਕ ਸਹੀ ਹਨ, ਇਹਨਾਂ ਵਿਚਾਰਾਂ ਦੀ ਜਾਂਚ ਪੜਤਾਲ ਵੀ ਹੋਈ ਹੈ ਕਿ ਨਹੀਂ, ਇਸ ਸਾਰੇ ਕੁਝ ਬਾਰੇ ਕੋਈ ਪ੍ਰਸ਼ਨ ਨਹੀਂ ਕਰ ਸਕਦਾ । ਪੜ੍ਹਨ ਤੇ ਸੁਣਨ ਵਾਲਾ ਅਫਵਾਹਾਂ ਉੱਪਰ ਵੀ ਵਿਸ਼ਵਾਸ ਕਰ ਬੈਠਦਾ ਹੈ । ਧਾਰਮਿਕ ਕੱਟੜਵਾਦ ਅਤੇ ਭਾਈਚਾਰਕ ਨਫਰਤਾਂ ਫੈਲਾਉਣ ਦਾ ਕੰਮ ਸੋਸ਼ਲ ਮੀਡੀਆ ਬਹੁਤ ਹੀ ਸੁਚੱਜੇ ਅਤੇ ਯੋਜਨਾਬੱਧ ਤਰੀਕੇ ਨਾਲ ਕਰ ਰਿਹਾ ਹੈ । ਸੰਬੰਧਤ ਸਰਕਾਰਾਂ ਆਪਣੇ ਨਿੱਜੀ ਹਿੱਤਾਂ ਦੀ ਸੁਰੱਖਿਆ ਵਾਸਤੇ ਕੌਮ ਦੇ ਹਿੱਤਾਂ ਨੂੰ ਦਾਅ ’ਤੇ ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀਆਂ । ਮੌਜੂਦਾ ਕੰਪਨੀਆਂ ਤੇ ਸਿਆਸੀ ਪਾਰਟੀਆਂ ਵੀ ਇਸ ਪ੍ਰਕਾਰ ਦੀ ਸਮੱਗਰੀ ਨੂੰ ਉਤਸ਼ਾਹਤ ਕਰਦੀਆਂ ਹਨ ਤਾਂ ਕਿ ਜਨਤਾ ਦਾ ਧਿਆਨ ਅਸਲੀ ਮੁੱਦਿਆਂ ਵੱਲ ਨਾ ਜਾ ਸਕੇ । ਸੋਸ਼ਲ ਮੀਡੀਆ ਦੀ ਵਰਤੋਂ ਦਾ ਇਹ ਸਭ ਤੋਂ ਵੱਡਾ ਨੁਕਸਾਨ ਹੈ।

ਸੋਸ਼ਲ ਮੀਡੀਆ ਦੀ ਵਰਤੋਂ ਦੌਰਾਨ ਵਿਅਕਤੀਗਤ ਨਿੱਜਤਾ ਵੀ ਸੁਰੱਖਿਅਤ ਨਹੀਂ । ਜਦੋਂ ਅਸੀਂ ਕਿਸੇ ਨਾਲ ਗੱਲਬਾਤ ਕਰਦੇ ਹਾਂ ਜਾਂ ਸੁਨੇਹਾ ਭੇਜਦੇ ਹਾਂ ਤਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸੁਨੇਹੇ ਅਤੇ ਸਾਰੀ ਜਾਣਕਾਰੀ ਸੰਬੰਧਤ ਕੰਪਨੀਆਂ ਦੇ ਸਰਵਰ ਰਾਹੀਂ ਇੱਕ ਜਗ੍ਹਾ ਇਕੱਠੀ ਹੋ ਰਹੀ ਹੈ । ਭਾਵੇਂ ਕਿਹਾ ਜਾਂਦਾ ਹੈ ਕਿ ਐਂਡ -ਟੂ -ਐਂਡ ਇਨਕਰਿਪਸ਼ਨ ਦੀ ਸੁਵਿਧਾ ਨਾਲ ਜਾਣਕਾਰੀ ਅਤੇ ਸੁਨੇਹਾ ਭੇਜਣ ਅਤੇ ਪ੍ਰਾਪਤ ਕਰਨ ਵਿਚਾਲੇ ਹੀ ਰਹਿੰਦਾ ਹੈ। ਪਰ ਇਹ ਭੁਲੇਖਾ ਹੀ ਹੈ । ਇਸ ਪਿੱਛੇ ਕੰਮ ਕਰ ਰਿਹਾ ਸਰਵਰ ਸਾਰਾ ਕੁਝ ਮੋਨੀਟਰ ਕਰ ਰਿਹਾ ਹੁੰਦਾ ਹੈ । ਕੰਪਨੀ ਵਾਲੇ ਜਿਸ ਕਿਸੇ ਦੀ ਵੀ ਜਾਣਕਾਰੀ ਚਾਹੁਣ, ਉਸ ਦੇ ਸਮਾਰਟ ਫੋਨ ਦੁਆਰਾ ਵਰਤੋਂ ਕੀਤੇ ਸੋਸ਼ਲ ਮੀਡੀਆ ਨੂੰ ਖੰਘਾਲ ਕੇ ਕੱਢ ਸਕਦੇ ਹਨ । ਖੁਫੀਆ ਏਜੰਸੀਆਂ ਅਤੇ ਪੁਲਸ ਵਿਭਾਗ ਵਾਲੇ ਸਮਾਜ ਵਿਰੋਧੀ ਕਾਰਵਾਈਆਂ ਅਤੇ ਹੋਈਆਂ ਹਿੰਸਕ ਵਾਰਦਾਤਾਂ ਦੇ ਬਾਰੇ ਜਾਣਕਾਰੀ ਇੱਥੋਂ ਹੀ ਪ੍ਰਾਪਤ ਕਰਦੇ ਹਨ । ਅਸੀਂ ਇਸ ਭਰਮ ਵਿੱਚ ਪਏ ਰਹਿੰਦੇ ਹਾਂ ਕਿ ਸੋਸ਼ਲ ਮੀਡੀਆ ਦੇ ਰਾਹੀਂ ਅਸੀਂ ਆਪਣੇ ਆਲੇ-ਦੁਆਲੇ, ਚਾਰ-ਚੁਫੇਰੇ, ਦੋਸਤਾਂ, ਮਿੱਤਰਾਂ, ਸਨੇਹੀਆਂ, ਪਰਵਾਰਕ ਮੈਂਬਰਾਂ ਸਾਰਿਆਂ ਦੇ ਸੰਪਰਕ ਵਿੱਚ ਹਾਂ, ਪਰ ਇਹ ਵੀ ਸਾਡਾ ਵਹਿਮ ਹੀ ਹੈ । ਨਿੱਜੀ ਤੌਰ ’ਤੇ ਜਾ ਕੇ ਮਿਲਣ ਅਤੇ ਆਨਲਾਈਨ ਗੱਲਬਾਤ ਕਰਨ ਵਿੱਚ ਬਹੁਤ ਅੰਤਰ ਹੈ। ਜਿਵੇਂ ਜਾਣਕਾਰੀ ਹੋਣ ਅਤੇ ਗਿਆਨ ਪ੍ਰਾਪਤੀ ਵਿੱਚ ਅੰਤਰ ਹੈ । ਅਸੀਂ ਸੋਸ਼ਲ ਮੀਡੀਆ ਜ਼ਰੀਏ ਇਨਫੋਰਮੇਸ਼ਨ ਤਾਂ ਇਕੱਠੀ ਕਰ ਰਹੇ ਹਾਂ, ਪਰ ਗਿਆਨ ਨਹੀਂ। ਦੂਜਾ, ਇੰਝ ਕਰਕੇ ਅਸੀਂ ਬਾਹਰ ਵਿਚਰਨ ਦੀ ਥਾਂ ਅੰਤਰਮੁਖੀ ਹੋ ਰਹੇ ਹਾਂ। ਜਿਸ ਦਾ ਸਾਡੇ ਉਪਰ ਦੂਰਗਾਮੀ ਪ੍ਰਭਾਵ ਪੈਂਦਾ ਹੈ। ਸਰੀਰਕ ਅਤੇ ਮਾਨਸਿਕ ਬਿਮਾਰੀਆਂ ਤੇ ਇਕੱਲਤਾ ਦਾ ਅਹਿਸਾਸ ਹੁੰਦਾ ਹੈ । ਦੂਜੇ ਦੀਆਂ ਹੱਸਦਿਆਂ ਖੇਡਦਿਆਂ, ਮੌਜ-ਮਸਤੀ ਕਰਦਿਆਂ ਦੀਆਂ ਤਸਵੀਰਾਂ ਵੇਖ ਕੇ ਆਪਣੇ ਆਪ ਵਿੱਚ ਹੀਣਭਾਵਨਾ ਦਾ ਸ਼ਿਕਾਰ ਹੋਣ ਲੱਗਦੇ ਹਾਂ , ਤੇ ਅੰਤ ਸਿੱਧੇ ਸੰਪਰਕ ਨਾਲੋਂ ਟੁੱਟ ਜਾਂਦੇ ਹਾਂ। ਇਵੇਂ ਸੋਸ਼ਲ ਮੀਡੀਆ ਸਮਾਜ ਨੂੰ ਸਮਾਜੀਕਰਨ (socialisation) ਦੇ ਵਿਰੁੱਧ ਕੋਈ ਅਣਕਿਆਸੀ ਦਲਦਲ ਵਿੱਚ ਧਕੇਲ ਰਿਹਾ ਹੈ ਅਤੇ ਅਸੀਂ ਸੁੱਤੇ ਸਿੱਧ ਮਾਨਸਿਕ ਗੁਲਾਮੀ ਵੱਲ ਜਾ ਰਹੇ ਹਾਂ ।

ਇਸ ਵਿੱਚ ਸਰਕਾਰਾਂ ਤੇ ਸੰਬੰਧਤ ਕੰਪਨੀਆਂ ਦੋਵੇਂ ਜ਼ਿੰਮੇਵਾਰ ਹਨ । ਗ਼ਲਤ, ਬੇਲੋੜੀਂਦੀਆਂ ਅਤੇ ਨਿਯੰਤਰਣ ਰਹਿਤ ਪੋਸਟਾਂ, ਭਾਵੇਂ ਉਹ ਯੂਟਿਊਬ ’ਤੇ ਹੋਣ, ਕਿਸੇ ਭਾਸ਼ਣ ਜਾਂ ਇੰਟਰਵਿਊ ਦੇ ਰੂਪ ਵਿੱਚ ਹੋਣ ਜਾਂ ਸੁਨੇਹੇ ਦੇ ਰੂਪ ਵਿੱਚ, ਜਦੋਂ ਤੱਕ ਉਹ ਜਾਂਚ-ਪੜਤਾਲ ਅਤੇ ਪੂਰਨ ਤਫਸ਼ੀਲ ਰਹਿਤ ਹੋਣਗੀਆਂ, ਉਹਨਾਂ ਦਾ ਅੰਜਾਮ ਮਾੜਾ ਹੀ ਹੋਵੇਗਾ। ਨਿਯੰਤਰਣ ਅਤੇ ਕੰਟਰੋਲ ਰਹਿਤ ਇੰਟਰਨੈੱਟ ਤੇ ਹੋਰ ਸਾਈਟਾਂ ਦੀ ਮੌਜੂਦਗੀ ਜਮਹੂਰੀਅਤ ਅਤੇ ਮੁੱਢਲੇ ਅਧਿਕਾਰਾਂ ਲਈ ਵੀ ਖਤਰਾ ਹੈ। ਜਦੋਂ ਇਸ ਨਾਲ ਸਾਡੀ ਨਿੱਜੀ ਜ਼ਿੰਦਗੀ ਅਤੇ ਨਿੱਜਤਾ ਉਪਰ ਹਮਲਾ ਹੁੰਦਾ ਹੈ ਜਾਂ ਅਫਵਾਹਾਂ ਦੁਆਰਾ ਇੱਕ-ਦੂਜੇ ਭਾਈਚਾਰੇ ਵਿੱਚ ਨਫਰਤ ਫੈਲਾਈ ਜਾਂਦੀ ਹੈ, ਪਰ ਸਮਾਜ ਕਿੱਧਰ ਨੂੰ ਜਾ ਰਿਹਾ ਹੈ, ਨੌਜਵਾਨ ਜਾਂ ਵਿਦਿਆਰਥੀ ਕਿਸ ਸੋਚ ਦੇ ਧਾਰਨੀ ਹੋ ਰਹੇ ਹਨ, ਇਸ ਬਾਰੇ ਕਿਸੇ ਨੂੰ ਫ਼ਿਕਰ ਨਹੀਂ । ਸਮਾਜ ਵਿੱਚ ਕੀ ਹੋ ਰਿਹਾ ਹੈ, ਇਸ ਬਾਰੇ ਸੋਚਣ, ਸਮਝਣ ਜਾਂ ਸਿੱਖਣ ਦੀ ਜ਼ਰੂਰਤ ਨਹੀਂ । ਮਾਨਸਿਕ ਗੁਲਾਮੀ ਦੀ ਹੱਦ ਉਸ ਵਕਤ ਚਰਮ ਸੀਮਾ ’ਤੇ ਪਹੁੰਚ ਜਾਂਦੀ ਹੈ, ਜਦੋਂ ਦੋ ਪਰਵਾਰ ਇਸ ਮੁੱਦੇ ਨੂੰ ਲੈ ਬਹਿਸ ਕਰਦੇ ਹਨ ਕਿ ਇੱਕ ਖਾਸ ਰਾਜਨੀਤਕ ਪਾਰਟੀ ਦੂਜੀ ਪਾਰਟੀ ਤੋਂ ਵਧੀਆ ਹੈ । ਆਪਸੀ ਅਸਹਿਮਤੀ ਦੌਰਾਨ ਦੋਵੇਂ ਪਰਵਾਰ ਇਕ ਦੂਜੇ ਤੋਂ ਦੂਰੀ ਰੱਖਣ ਲੱਗਦੇ ਹਨ । ਇਹੀ ਹਾਲ ਦੋਸਤਾਂ-ਮਿੱਤਰਾਂ ਵਿਚਾਲੇ ਵੀ ਹੁੰਦਾ ਹੈ । ਇਵੇਂ ਕੰਪਨੀਆਂ ਵੀ ਖ਼ੁਸ਼ ਤੇ ਸਰਕਾਰਾਂ ਵੀ । ਕੰਪਨੀਆਂ ਤੁਹਾਡੀ ਨਿੱਜਤਾ (privacy ) ਤੇ ਨਿੱਜਵਾਦ (individualism ) ਦੀ ਸੁਰੱਖਿਆ ਦੀ ਆੜ ਵਿੱਚ ਆਪਣੇ ਮੁਫਾਦਾਂ ਨੂੰ ਪੂਰਿਆਂ ਕਰਨ ਵਿੱਚ ਦਿਲਚਸਪੀ ਰੱਖਦੀਆਂ ਹਨ। ਪ੍ਰੰਤੂ ਅਸਲ ਵਿੱਚ ਐਪਸ ਰਾਹੀਂ ਤੁਹਾਡੀ ਨਿੱਜਤਾ ਤੇ ਹਮਲਾ ਹੋ ਰਿਹਾ ਹੈ ਜੋ ਤੁਹਾਨੂੰ ਨਿੱਜ ਵਾਦ ਵੱਲ ਲਿਜਾ ਰਿਹਾ ਹੈ। ਹੁਣ ਜੇਕਰ ਵਟਸਐੱਪ ਇੱਕ ਪੇਡ ਸਾਈਟ ਬਣਾ ਦਿੰਦੇ ਹਾਂ ਤਾਂ ਕੋਈ ਵੀ ਗੁੱਡ ਮੋਰਨਿੰਗ ਜਾਂ ਗੁੱਡ ਨਾਈਟ ਦੇ ਰੋਜ਼ਾਨਾ ਸੁਨੇਹੇ ਨਹੀਂ ਪਾਏਗਾ। ਸਗੋਂ ਆਪਣੇ ਕੰਮ ਵੱਲ ਧਿਆਨ ਦੇਵੇਗਾ । ਸੋਸ਼ਲ ਮੀਡੀਆ ਸਾਡੀ ਮਾਨਸਿਕਤਾ ਉੱਪਰ ਇਨਾਂ ਜਿਆਦਾ ਹਾਵੀ ਹੋ ਗਿਆ ਹੈ ਕਿ ਸੌਣ ਵੇਲੇ ਵੀ ਅਸੀਂ ਸਮਾਰਟਫੋਨ ਸਰਾਹਣੇ ਰਖਦੇ ਹਾਂ ਕਿ ਕਿਸ ਵੇਲੇ ਕਿਸੇ ਦਾ ਵਟਸਐਪ ਤੇ ਸੁਨੇਹਾ ਆ ਜਾਵੇ। ਦੇਖਣਾ ਤਾਂ ਜ਼ਰੂਰੀ ਹੈ। ਨੀਂਦ ਦਾ ਅਨਿਯਮਤ ਹੋਣਾ ਇਸੇ ਭੈੜੀ ਵਾਦੀ ਦਾ ਨਤੀਜਾ ਹੈ।

ਇਸ ਵਿੱਚ ਸਾਰਾ ਦੋਸ਼ ਕੰਪਨੀਆਂ ਜਾਂ ਸਰਕਾਰਾਂ ਦਾ ਨਹੀਂ । ਸਮਾਰਟ ਫੋਨ ਜੇਕਰ ਤੁਹਾਡਾ ਹੈ ਤਾਂ ਇਸ ਦਾ ਕੰਟਰੋਲ ਵੀ ਤੁਹਾਡੇ ਹੱਥ ਹੈ । ਸੋਸ਼ਲ ਮੀਡੀਆ ਦੀ ਦਲਦਲ ਵਿੱਚੋਂ ਨਿਕਲਣਾ, ਸਮਾਜਿਕ ਮੁੱਦਿਆਂ ਬਾਰੇ ਸੋਚਣਾ, ਸਮਝਣਾ ਜਾਂ ਪਰਖਣਾ ਸਭ ਆਪਣੇ ਹੱਥ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ । ਸਮਾਜ ਬਾਰੇ ਚਿੰਤਿਤ ਹੋਣਾ ਸਾਡਾ ਫਰਜ਼ ਹੈ । ਇਸ ਲਈ ਇਹਨਾਂ ਉਪਕਰਨਾਂ ਦੀ ਸੁਚੇਤ ਹੋ ਕੇ ਅਤੇ ਜ਼ਰੂਰਤ ਅਨੁਸਾਰ ਹੀ ਵਰਤੋਂ ਕਰਨੀ ਚਾਹੀਦੀ ਹੈ । ਇਵੇਂ ਸੋਸ਼ਲ ਮੀਡੀਆ ਸਹੀ ਜਾਣਕਾਰੀ ਉਪਲੱਬਧ ਕਰਵਾ ਕੇ ਸਮਾਜੀਕਰਨ ਦੇ ਹੱਕ ਵਿੱਚ ਵੀ ਭੁਗਤ ਸਕਦਾ ਹੈ । ਬਸ਼ਰਤੇ ਟੈਕਨੋਲੋਜੀ ਨੂੰ ਇੱਕ ਸਰੋਤ ਦੇ ਤੌਰ ’ਤੇ ਵਰਤੋਂ ਕਰਦੇ ਹੋਏ ਇਸ ਤੋਂ ਮਦਦ ਲਈ ਜਾਵੇ । ਇਸ ਨੂੰ ਆਪਣੀ ਜੀਵਨ ਸ਼ੈਲੀ ਉੱਪਰ ਕਦੇ ਵੀ ਹਾਵੀ ਨਹੀਂ ਹੋਣ ਦੇਣਾ ਚਾਹੀਦਾ ।ਇਸ ਪ੍ਰਤੀ ਜਾਗਰੂਕ ਲੋਕਾਂ ਨੂੰ ਆਵਾਜ਼ ਵੀ ਉਠਾਉਣੀ ਚਾਹੀਦੀ ਹੈ ਅਤੇ ਆਲੇ-ਦੁਆਲੇ ਨੂੰ ਇਸ ਦੇ ਮਾਰੂ ਪ੍ਰਭਾਵਾਂ ਪ੍ਰਤੀ ਸੁਚੇਤ ਕਰਦੇ ਰਹਿਣਾ ਚਾਹੀਦਾ ਹੈ । ਸੋਸ਼ਲ ਮੀਡੀਆ ਉੱਪਰ ਨਫਰਤ ਆਦਿ ਫੈਲਾਉਣ ਵਾਲੇ ਸੁਨੇਹੇ ਪੜ੍ਹਨ ਅਤੇ ਅੱਗੇ ਭੇਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਆਧੁਨਿਕ ਤਕਨੀਕ ਦੀ ਵਰਤੋਂ ਕਰਨਾ ਸਮੇਂ ਦੇ ਹਾਣੀ ਹੋਣਾ ਹੈ, ਪ੍ਰੰਤੂ ਹੱਦੋਂ ਬਾਹਰੀ ਵਰਤੋਂ ਮਾਨਸਿਕ ਗੁਲਾਮੀ ਹੋ ਨਿੱਬੜਦੀ ਹੈ ।

**# ਸੰਪਰਕ : 98551-22857**

20-SEP-PAGE-5.qxd 9/19/2024 10:55 PM Page 1



# ਕਾਂਗਰਸ ਵਰਕਰਾਂ ਨੇ ਮੋਦੀ ਤੇ ਰਵਨੀਤ ਬਿੱਟੂ ਦਾ ਪੁਤਲਾ ਫੂਕਿਆ





**ਸਮਰਾਲਾ (ਸੁਰਜੀਤ ਸਿੰਘ)**-ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਭਾਜਪਾ ਨੇਤਾ ਰਘੁਰਾਜ ਸਿੰਘ ਤੇ ਹੋਰ ਭਾਜਪਾ ਆਗੂਆਂ ਵੱਲੋਂ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕਰਨ 'ਤੇ ਗੁੱਸੇ ਵਿੱਚ ਆਏ ਕਾਂਗਰਸ ਵਰਕਰਾਂ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿਰਦੇਸ਼ਾਂ 'ਤੇ ਇਥੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਲਖਬੀਰ ਸਿੰਘ ਲੱਖਾ ਤੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਅਗੁਵਾਈ ਵਿੱਚ ਨਰਿੰਦਰ ਮੋਦੀ ਤੇ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਸਾੜ ਕੇ ਜਬਦਸਤ ਰੋਸ ਪ੍ਰਦਰਸ਼ਨ ਕੀਤਾ ਅਤੇ ਭਾਜਪਾ ਆਗੂਆਂ ਤੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰਬਾਜ਼ੀ ਕਰਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ।ਕਾਂਗਰਸ ਆਗੂਆਂ ਨੇ ਕਿਹਾ ਕਿ ਰਾਹੁਲ ਗਾਂਧੀ ਨੂੰ ਭਾਰਤ ਵਿੱਚ ਹੀ ਨਹੀਂ, ਬਲਕਿ ਦੁਨੀਆ ਭਰ ਵਿੱਚ ਮਕਬੂਲੀਅਤ ਹਾਸਲ ਹੈ।ਉਹ ਇੱਕ ਦੂਰਅੰਦੇਸ਼ੀ ਸੋਚ ਵਾਲੇ ਲੀਡਰ ਹਨ।ਉਨ੍ਹਾਂ ਕਿਹਾ ਕਿ ਜਿਹੜਾ ਪਰਵਾਰ ਹਿੰਸਾ ਦੇ ਖਿਲਾਫ ਲੜ ਰਿਹਾ ਹੋਵੇ ਅਤੇ ਪਰਵਾਰ ਦੇ ਮੈਂਬਰ ਹਿੰਸਾ ਦਾ ਸ਼ਿਕਾਰ ਹੋ ਕੇ ਦੇਸ਼ ਲਈ ਸ਼ਹੀਦ ਹੋਏ ਹਨ, ਉਨ੍ਹਾਂ ਲਈ ਅਜਿਹੀ ਸ਼ਬਦਾਵਲੀ ਹੋਛੇ ਆਗੂ ਦੇ ਦਿਮਾਗ ਦੀ ਸੋਚ ਦਾ ਹਿੱਸਾ ਹੀ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਲੀਡਰਸ਼ਿਪ ਨੂੰ ਰਾਹੁਲ ਗਾਂਧੀ ਦੀ ਭਾਰਤ ਸਮੇਤ ਦੁਨੀਆ ਭਰ ਵਿੱਚ ਵਧਦੀ ਲੋਕਪ੍ਰਿਅਤਾ ਹਜਮ ਨਹੀਂ ਹੋ ਰਹੀ।ਕਾਂਗਰਸ ਆਗੂ ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ ਨੇ ਕਿਹਾ ਕਿ ਹਿੰਦੁਸਤਾਨ ਦੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਰੋਧੀ ਧਿਰ ਦੇ ਨੇਤਾ ਨੂੰ ਅੱਤਵਾਦੀ ਕਹਿਣਾ ਕਾਂਗਰਸ ਪਾਰਟੀ ਦੇ ਕਰੋੜਾਂ ਵਰਕਰਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ।ਸੰਨੀ ਦੁਆ ਨੇ ਕਿਹਾ ਕਿ ਭਾਜਪਾ ਰਾਹੁਲ ਗਾਂਧੀ ਦੀ ਲੋਕਪ੍ਰਿਅਤਾ ਤੋਂ ਖੌਫ਼ਜ਼ਦਾ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲਾ ਸਮਾਂ ਰਾਹੁਲ ਗਾਂਧੀ ਤੇ ਕਾਂਗਰਸ ਦਾ ਹੈ।ਇਸ ਮੌਕੇ ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ, ਬਲਾਕ ਸਮਰਾਲਾ ਸ਼ਹਿਰੀ ਦੇ ਪ੍ਰਧਾਨ ਕੌਂਸਲਰ ਸਨੀ ਦੂਆ, ਮਾਛੀਵਾੜਾ ਸਾਹਿਬ ਬਲਾਕ ਦੇ ਪ੍ਰਧਾਨ ਪਰਮਿੰਦਰ ਤਿਵਾੜੀ, ਸਾਬਕਾ ਪ੍ਰਧਾਨ ਨਗਰ ਕੌਂਸਲ ਮਾਛੀਵਾੜਾ ਸਾਹਿਬ ਸੁਰਿੰਦਰ ਕੁੰਦਰਾ ਨੇ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਨਾਥ ਟਾਗਰਾ, ਜਤਿੰਦਰ ਸਿੰਘ ਜੋਗਾ ਬਲਾਲਾ, ਦਿਲਜੀਤ ਗਿੱਲ ਸਾਹਿਬ ਨਗਰ ਕੌਂਸਲ ਪ੍ਰਧਾਨ ਮਾਛੀਵਾੜਾ ਆਦਿ ਹਾਜ਼ਰ ਸਨ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਲ ਇੰਡੀਆ ਕਾਂਗਰਸ ਕਮੇਟੀ ਦੇ ਕੋਆਰਡੀਨੇਟਰ ਤੇ ਪਟਿਆਲਾ ਜ਼ਿਲ੍ਹਾ ਕਾਂਗਰਸ ਦੇ ਸਾਬਕਾ ਪ੍ਰਧਾਨ ਨਰਿੰਦਰ ਲਾਲੀ ਦੀ ਅਗਵਾਈ ਹੇਠ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ ਦੇ ਰੋਸ ਵਜੋਂ ਅੱਜ ਸ਼ੇਰਾਂ ਵਾਲੇ ਗੇਟ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਰੇਲ ਮੰਤਰੀ ਰਵਨੀਤ ਬਿੱਟੂ ਦਾ ਪੁਤਲਾ ਫੂਕ ਕੇ ਪਿੱਟ ਸਿਆਪਾ ਕੀਤਾ ਗਿਆ। ਇਸ ਮੌਕੇ ਲਾਲੀ ਨੇ ਬੋਲਦਿਆਂ ਕਿਹਾ ਕਿ ਦੇਸ਼ ਦੇ ਭਾਵੀ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਨੂੰ ਅੱਤਵਾਦੀ ਦੱਸਣਾ ਇੱਕ ਗਿਰੀ ਹੋਈ ਮਾਨਸਿਕਤਾ ਦਾ ਸਬੂਤ ਹੈ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਲੋਕਪ੍ਰਿਅਤਾ ਤੋਂ ਵਿਰੋਧੀ ਡਰੇ ਹੋਏ ਹਨ, ਜਿਸ ਕਰਕੇ ਇਹੋ ਜਿਹੇ ਬਿਆਨ ਦੇ ਕੇ ਦੇਸ਼ ਵਿੱਚ ਅਰਾਜਕਤਾ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਹਾਲ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮੌਕੇ ਨਰਿੰਦਰ ਪਪਾ, ਸੰਜੇ ਸ਼ਰਮਾ, ਗੋਪੀ ਰੰਗੀਲਾ, ਸਤਪਾਲ ਮਹਿਤਾ, ਅਨੁਜ ਤ੍ਰਿਵੇਦੀ, ਦੀਵਾਨ ਜੀ, ਸਤੀਸ਼ ਕੰਬੋਜ, ਅਸ਼ੋਕ ਖੰਨਾ ਸਵੀਟੀ, ਬਲਿਹਾਰ ਸਿੰਘ, ਐਡ.ਦੇਵੀਦਾਸ ਸ਼ਰਮਾ, ਰਜਿੰਦਰ ਸਿੰਘ ਥਿੰਦ, ਸਤਵੀਰ ਸਿੰਘ ਭਿੰਡਰ, ਅੰਗਰੇਜ਼ ਸਿੰਘ, ਪਰਵੀਨ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਸ਼ਹੀਦ-ਏ-ਆਜ਼ਮ ਦਾ ਜਨਮ ਦਿਨ ਮਨਾਉਣ ਲਈ ਵਿਆਪਕ ਲਾਮਬੰਦੀ

**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਹਰ ਸਾਲ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਇਹ ਦਿਨ ਮੋਗਾ ਦੇ ਗੋਧੇਵਾਲਾ ਸਟੇਡੀਅਮ ਵਿਖੇ ਬਾ-ਵਰਦੀ ਵਲੰਟੀਅਰ ਮਾਰਚ ਅਤੇ ਸੰਮੇਲਨ ਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੀ ਸਿਲਵਰ ਜੁਬਲੀ ਸਮਾਗਮ ਕਰਕੇ ਮਨਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਪੂਰੇ ਪੰਜਾਬ ਵਿੱਚ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਵਰਦੀਧਾਰੀ ਨੌਜਵਾਨ ਤੇ ਵਿਦਿਆਰਥੀ ਮੁਫ਼ਤ, ਲਾਜ਼ਮੀ, ਮਿਆਰੀ ਤੇ ਵਿਗਿਆਨਕ ਵਿੱਦਿਆ ਅਤੇ ਹਰ ਇੱਕ ਨੂੰ ਰੁਜ਼ਗਾਰ ਦੀ ਗਾਰੰਟੀ ਦਾ ਹੱਕ ਦਿੰਦਾ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਦੀ ਪ੍ਰਾਪਤੀ ਲਈ ਮਾਰਚ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮੋਗਾ ਸ਼ਹਿਰ ਦੇ ਬਜ਼ਾਰਾਂ 'ਚ ਕੀਤੀ ਫੰਡ ਉਗਰਾਹੀ ਮੁਹਿੰਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਛਾਂਗਾਰਾਏ ਨੇ ਕੀਤਾ।

ਆਗੂਆਂ ਕਿਹਾ ਕਿ ਪ੍ਰੋਗਰਾਮ ਦੀਆਂ ਤਿਆਰੀਆਂ ਸੰਬੰਧੀ ਜਥੇਬੰਦੀਆਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਮੋਗਾ, ਜਿਥੇ ਕਿ 28 ਸਤੰਬਰ ਨੂੰ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ, ਦੇ ਬਾਜ਼ਾਰ ਵਿੱਚ ਲੰਗਰ/ਪਾਣੀ ਲਈ ਦੋ ਰੋਜ਼ਾ ਫੰਡ ਉਗਰਾਹੀ ਮੁਹਿੰਮ ਰਾਹੀਂ ਜਿਥੇ ਦੁਕਾਨਦਾਰਾਂ ਤੋਂ ਪ੍ਰੋਗਰਾਮ ਦੀ ਸਫਲਤਾ ਲਈ ਸਹਾਇਤਾ ਮੰਗੀ ਜਾਵੇਗੀ, ਉਥੇ ਨਾਲ ਹੀ ਉਹਨਾਂ ਨੂੰ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਦਾ ਸੁਨੇਹਾ ਵੀ ਲਾਇਆ ਜਾਵੇਗਾ। ਇਸ ਦੇ ਚਲਦਿਆਂ ਵੱਡੀ ਗਿਣਤੀ 'ਚ ਨੌਜਵਾਨਾਂ ਨੇ ਹਰ ਦੁਕਾਨ 'ਤੇ ਜਾ ਕੇ ਇਸ ਪ੍ਰੋਗਰਾਮ ਸੰਬੰਧੀ ਦੋਵਰਕੀ ਵੰਡਦਿਆਂ ਜਾਣਕਾਰੀ ਦਿੱਤੀ ਤੇ ਮਾਇਕ ਸਹਾਇਤਾ ਵੀ ਇਕੱਠੀ ਕੀਤੀ। ਸ਼ਹਿਰ ਦੇ ਹਰ ਵਰਗ ਦੇ ਲੋਕਾਂ ਨੇ ਨੌਜਵਾਨਾਂ/ ਵਿਦਿਆਰਥੀਆਂ ਦੇ ਪ੍ਰੋਗਰਾਮ ਦੀ ਸਰਾਹਨਾ ਕਰਦਿਆਂ ਭਰਪੂਰ ਸਾਥ ਦਿੱਤਾ। ਉਹਨਾਂ ਕਿਹਾ ਅੱਜ ਰਾਸ਼ਟਰੀ ਸਿੱਖਿਆ ਨੀਤੀ ਤਹਿਤ ਪੂਰੇ ਵਿੱਦਿਅਕ ਢਾਂਚੇ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ, ਜਿਸ ਦੇ ਚੱਲਦਿਆਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਵਿੱਦਿਆ ਦਾ ਹੱਕ ਲੈਣ ਤੋਂ ਵਾਂਝੇ ਹੋਣ ਦੀ ਕਗਾਰ 'ਤੇ ਹਨ, ਉੱਥੇ ਨਾਲ ਹੀ ਦੇਸ਼ ਦੇ ਹੁਕਮਰਾਨ ਜਿਸ ਜਵਾਨੀ ਨੇ ਦੇਸ਼ ਦਾ ਭਵਿੱਖ ਬਣ ਨਵੀਆਂ ਖੋਜਾਂ ਕਰਕੇ ਦੇਸ਼ ਨੂੰ ਵਿਸ਼ਾਲ ਬਣਾਉਣਾ ਹੈ, ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕ ਕੇ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਨ, ਜਿਸ ਕਾਰਨ ਅੱਜ ਦੇਸ਼ ਦਾ ਹਰ ਵਰਗ ਸੰਤਾਪ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੁੱਖਾਂ ਦਾ ਇੱਕੋ-ਇੱਕ ਹੱਲ ਹੈ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਜਵਾਨੀ ਆਵਾਜ਼ ਬੁਲੰਦ ਕਰੇ, ਜਿਸ ਦਾ ਸੁਨੇਹਾ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 'ਤੇ ਲਾਲ ਵਰਦੀਧਾਰੀ ਭਗਤ ਸਿੰਘ ਦੀਆਂ ਫੋਟੋ ਵਾਲੀਆਂ ਟੀ ਸ਼ਰਟਾਂ ਪਾਈ ਮਾਰਚ ਕਰਦੇ ਨੌਜਵਾਨ/ਵਿਦਿਆਰਥੀ ਮੋਗਾ ਦੀ ਧਰਤੀ 'ਤੇ ਦੇਣਗੇ। ਇਹ ਮਾਰਚ ਰੁਜ਼ਗਾਰ ਦੀ ਗਰੰਟੀ ਦਾ ਹੱਕ ਪ੍ਰਾਪਤ ਕਰਨ ਲਈ ਇੱਕ ਇਤਿਹਾਸਕ ਮਾਰਚ ਹੋ ਨਿਬੜੇਗਾ।

ਉਨ੍ਹਾਂ ਸ਼ਹਿਰ ਦੇ ਦੁਕਾਨਦਾਰਾਂ/ਨੌਜਵਾਨਾਂ/ ਵਿਦਿਆਰਥੀਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਆਓ ਹਰ ਇਕ ਦੀ ਖੁਸ਼ੀ ਦੀ ਗਰੰਟੀ ਕਰਦੇ ਇਨ੍ਹਾਂ ਕਾਨੂੰਨਾਂ, ਮੁਫ਼ਤ ਸਿਹਤ ਸਹੂਲਤਾਂ, ਬਲਾਕ ਪੱਧਰ 'ਤੇ ਸਟੇਡੀਅਮ, ਖੇਡਾਂ ਦੇ ਮੈਦਾਨ, ਲਾਇਬ੍ਰੇਰੀਆਂ ਦੀ ਪ੍ਰਾਪਤੀ ਲਈ ਵੱਡੀ ਗਿਣਤੀ 'ਚ ਮੋਗਾ ਦੇ ਗੋਧੇਵਾਲਾ ਸਟੇਡੀਅਮ 'ਚ ਪਹੁੰਚੀਏ ਅਤੇ ਇਸ ਦਿਨ ਨੂੰ ਤਿਉਹਾਰ ਬਣਾਉਂਦੇ ਹੋਏ ਘਰਾਂ-ਦੁਕਾਨਾਂ ਦੇ ਬਨੇਰਿਆਂ 'ਤੇ ਦੀਪਮਾਲਾ ਕਰੀਏ। ਉਹਨਾਂ ਉਸ ਹਰ ਸ਼ਹਿਰ ਵਾਸੀ ਦਾ ਧੰਨਵਾਦ ਕੀਤਾ, ਜਿਨ੍ਹਾਂ ਭਾਵੇਂ ਬਜ਼ਾਰ ਦੀ ਹਾਲਤ ਸਹੀ ਨਹੀਂ, ਲੋਕਾਂ ਕੋਲ ਰੁਜ਼ਗਾਰ ਦੇ ਸਾਧਨਾਂ ਦੀ ਘਾਟ/ ਪੈਸੇ ਦੀ ਕਮੀ ਕਾਰਨ ਦੁਕਾਨਦਾਰੀ ਵੀ ਔਖੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਦੇ ਬਾਵਜੂਦ ਆਪਣੀ ਮਿਹਨਤ ਦੀ ਕਮਾਈ ਦਾ ਹਿੱਸਾ ਇਸ ਪਵਿੱਤਰ ਕਾਰਜ ਲਈ ਦਿੱਤਾ ਤੇ ਨਾਲ ਹੀ ਆਸ ਪ੍ਰਗਟਾਈ ਕਿ ਜਿੰਨੀ ਸ਼ਿੱਦਤ ਨਾਲ ਲੋਕਾਂ ਨੇ ਇਹਨਾਂ ਦੋ ਦਿਨਾਂ 'ਚ ਸਾਥ ਦਿੱਤਾ, ਓਨੇ ਹੀ ਜੋਸ਼ ਨਾਲ ਪ੍ਰੋਗਰਾਮ ਦਾ ਹਿੱਸਾ ਵੀ ਬਣਨਗੇ। ਇਸ ਸਮੇਂ ਨੌਜਵਾਨਾਂ ਦੀ ਹੌਸਲਾ-ਅਫਜ਼ਾਈ ਲਈ ਜਥੇਬੰਦੀਆਂ ਦੇ ਸੂਬਾ ਸਲਾਹਕਾਰ ਜਗਰੂਪ, ਸਾਬਕਾ ਨੌਜਵਾਨ ਸੂਬਾ ਸਕੱਤਰ ਕੁਲਦੀਪ ਭੋਲਾ, ਜ਼ਿਲ੍ਹਾ ਸਲਾਹਕਾਰ ਇੰਦਰਵੀਰ ਗਿੱਲ, ਸਵਰਨ ਖੋਸਾ ਤੇ ਸਾਬਕਾ ਨੌਜਵਾਨ ਆਗੂ ਜਗਸੀਰ ਖੋਸਾ ਵੀ ਹਾਜ਼ਰ ਸਨ. ਉਨ੍ਹਾਂ ਨਾਲ ਏ ਆਈ ਐੱਸ ਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਸੂਬਾ ਮੀਤ ਪ੍ਰਧਾਨ ਸੁਖਵਿੰਦਰ ਮੁਕਤਸਰ, ਸੂਬਾਈ ਆਗੂ ਨਵਜੋਤ ਬਿਲਾਸਪੁਰ, ਰਾਹੁਲ ਪਟਿਆਲਾ, ਸੂਬਾ ਗਰਲਜ਼ ਕੋ-ਕਨਵੀਨਰ ਜਸਪ੍ਰੀਤ ਬੱਧਨੀ, ਨੌਜਵਾਨ ਆਗੂ ਗੁਰਦਿਆਲ ਫਾਜ਼ਿਲਕਾ, ਸਤੀਸ਼ ਜਲਾਲਾਬਾਦ, ਗੁਰਦਿੱਤ ਦੀਨਾ, ਵਿਦਿਆਰਥੀ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ, ਜ਼ਿਲ੍ਹਾ ਪ੍ਰਧਾਨ ਹਰਪ੍ਰੀਤ ਨਿਹਾਲ ਸਿੰਘ ਵਾਲਾ, ਸੂਬਾਈ ਆਗੂ ਇੰਦਰਜੀਤ ਦੀਨਾ, ਮਨੀਸ਼ਾ ਮਹੇਸਰੀ, ਰਾਜੂ ਮਹੇਸਰੀ, ਬੋਹੜ ਬੁੱਟਰ, ਸੁਮਨ ਦੁਨੇਕੇ, ਜੋਤੀ ਮਹੇਸਰੀ ਆਦਿ ਆਗੂਆਂ ਸਮੇਤ ਵੱਡੀ ਗਿਣਤੀ 'ਚ ਨੌਜਵਾਨ/ਵਿਦਿਆਰਥੀ ਮੌਜੂਦ ਸਨ।



## ਕਾਤਰਾਂ

### ਸਵੱਦੀ ਕਲਾਂ 'ਚ ਜਾਗਰਣ 28 ਨੂੰ

**ਚੌਕੀਮਾਨ/ਮੁੱਲਾਂਪੁਰ ਦਾਖਾ (ਬਲਬੀਰ ਮਾਨ)**-ਹਲਕਾ ਦਾਖਾ ਦੇ ਪਿੰਡ ਸਵੱਦੀ ਕਲਾਂ ਵਿਖੇ ਮਾਤਾ ਚਿੰਤਪੁਰਨੀ ਕਲੱਬ ਸਵੱਦੀ ਕਲਾਂ ਵੱਲੋਂ ਪਿੰਡ ਵਾਸੀਆਂ, ਸਮੂਹ ਗ੍ਰਾਮ ਪੰਚਾਇਤ ਤੇ ਐਨ ਆਰ ਆਈਜ਼ ਵੀਰਾਂ ਦੇ ਸਹਿਯੋਗ ਨਾਲ 28 ਸਤੰਬਰ ਨੂੰ ਦਾਨਾ ਮੰਡੀ ਸਵੱਦੀ ਕਲਾਂ ਵਿੱਚ 10ਵਾਂ ਵਿਸ਼ਾਲ ਜਾਗਰਣ ਕਰਾਇਆ ਜਾ ਰਿਹਾ ਹੈ, ਜਿਸ ਨੂੰ ਮੱਦੇਨਜ਼ਰ ਸ਼ਰਧਾਲੂਆਂ ਦੀਆਂ ਡਿਊਟੀਆਂ ਲਾ ਦਿੱਤੀਆਂ ਹਨ। ਕਲੱਬ ਪ੍ਰਧਾਨ ਕੁਲਦੀਪ ਸਿੰਘ ਸੋਨੀ ਤੇ ਖ਼ਜ਼ਾਨਚੀ ਗੁਰਸੇਵਕ ਸਿੰਘ ਸਿੰਮਕ ਨੇ ਕਿਹਾ ਕਿ ਇਹ ਵਿਸ਼ਾਲ ਜਾਗਰਣ ਸਵੱਦੀ ਕਲਾਂ ਦੀ ਦਾਨਾ ਮੰਡੀ ਵਿੱਚ ਕਰਾਇਆ ਜਾਵੇਗਾ।ਸ਼ਾਮ ਨੂੰ ਸ਼ੁਰੂਆਤ ਦੌਰਾਨ ਮਾਤਾ ਜੀ ਦੀ ਜੋਤ ਨੂੰ ਧਾਰਮਿਕ ਰਵਾਇਤਾਂ ਅਨੁਸਾਰ ਜਨਤਾ ਬਰਤਨ ਸਟੋਰ ਮੁੱਲਾਂਪੁਰ ਦਾਖਾ (ਹਿੱਸੋਵਾਲ ਵਾਲੇ) ਪਿੰਡ ਸਵੱਦੀ ਕਲਾਂ ਲੈ ਕੇ ਪੁੱਜਣਗੇ, ਜਿਸ ਨੂੰ ਲੈ ਕੇ ਬੈਂਡ ਦੀਆਂ ਮਧੁਰ ਧੁਨਾਂ ਨਾਲ ਸਮੁੱਚੇ ਨਗਰ ਦੀ ਪਰਕਰਮਾ ਕਰਾਈ ਜਾਵੇਗੀ।ਮਾਤਾ ਚਿੰਤਪੁਰਨੀ ਕਲੱਬ ਵੱਲੋਂ ਇਸ ਜਾਗਰਣ 'ਤੇ ਪੁੱਜਣ ਵਾਲੀ ਹਰ ਇਕ ਸ਼ਖਸੀਅਤ ਦਾ ਧੰਨਵਾਦ ਕੀਤਾ ਜਾਵੇਗਾ, ਉਪਰੰਤ ਉਹਨਾਂ ਦਾ ਵਿਸ਼ੇਸ਼ ਸਨਮਾਨ ਵੀ ਹੋਵੇਗਾ।

### ਕਾਰ ਤੇ ਸਫਾਰੀ ਦੀ ਟੱਕਰ 'ਚ ਇੱਕ ਦੀ ਮੌਤ, ਤਿੰਨ ਜ਼ਖਮੀ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਦੇ ਨਜ਼ਦੀਕ ਅਬੋਹਰ ਰੋਡ 'ਤੇ ਕੋਰਟ ਕੰਪਲੈਕਸ ਦੇ ਨਜ਼ਦੀਕ ਇੱਕ ਰਿਟਜ ਕਾਰ ਤੇ ਸਫਾਰੀ ਗੱਡੀ ਦੀ ਟੱਕਰ ਹੋ ਗਈ, ਜਿਸ ਵਿੱਚ ਤਿੰਨ ਨੌਜਵਾਨ ਗੰਭੀਰ ਜ਼ਖਮੀ ਤੇ ਇੱਕ ਦੀ ਮੌਤ ਹੋ ਗਈ। ਸਿਵਲ ਹਸਪਤਾਲ ਮਲੋਟ ਦੇ ਡਾਕਟਰ ਨੇ ਦੱਸਿਆ ਕਿ ਰਾਤ ਕਰੀਬ 12 ਵਜੇ ਚਾਰ ਵਿਅਕਤੀ ਜ਼ਖਮੀ ਹਸਪਤਾਲ ਆਏ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ ਜੋ ਕਿ ਅਬੋਹਰ ਦਾ ਰਹਿਣ ਵਾਲਾ ਸੀ ਅਤੇ ਜ਼ਖਮੀਆਂ ਦੀ ਗੰਭੀਰ ਨੂੰ ਹਾਲਤ ਵਿੱਚ ਦੇਖਦੇ ਹੋਏ ਬਠਿੰਡਾ ਲਈ ਰੈਫਰ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਿਕ ਮ੍ਰਿਤਕ ਡਿਪਟੀ ਬਜਾਜ ਆਪਣੇ ਸਾਥੀ ਸਮੇਤ ਬਠਿੰਡਾ ਤੋਂ ਅਬੋਹਰ ਵੱਲ ਜਾ ਰਿਹਾ ਸੀ ਤਾਂ ਅੱਗੇ ਤੋਂ ਆ ਰਹੀ ਸਫਾਰੀ ਗੱਡੀ ਨਾਲ ਟੱਕਰ ਹੋ ਗਈ, ਜਿਸ ਵਿੱਚ ਸਫਾਰੀ ਚਾਲਕ ਨੌਜਵਾਨ ਮਲੋਟ ਦੇ ਵਾਸੀ ਦੱਸੇ ਜਾ ਰਹੇ ਹਨ।

### 'ਆਫ਼ਿਸ ਅਸਿਸਟੈਂਟ' ਦੇ ਮੁਫ਼ਤ ਕੋਰਸ ਲਈ ਦਾਖ਼ਲੇ ਸ਼ੁਰੂ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਇੱਥੋਂ ਦੀ ਨਾਮਵਰ ਵਿੱਦਿਅਕ ਸੰਸਥਾ ਮਾਸਟਰ ਮਾਈਂਡ ਡਿਜੀਟਲ ਐਜੂਕੇਸ਼ਨ ਦੇ ਡਾਇਰੈਕਟਰ ਅੰਮ੍ਰਿਤਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸਕਿੱਲ ਇੰਡੀਆ ਤਹਿਤ ਸਵਰਾਜ ਮਹਿੰਦਰਾ ਗਰੁੱਪ ਦੇ ਜ਼ਰੀਏ 18 ਤੋਂ 35 ਸਾਲ ਦੀਆਂ ਲੜਕੀਆਂ ਤੇ ਔਰਤਾਂ ਲਈ ਇੱਕ ਮਹੀਨੇ ਦਾ ਮੁਫ਼ਤ 'ਆਫ਼ਿਸ ਅਸਿਸਟੈਂਟ' ਕੋਰਸ ਕਰਵਾਇਆ ਜਾ ਰਿਹਾ ਹੈ, ਜਿਸ ਦੇ ਦਾਖ਼ਲੇ ਸ਼ੁਰੂ ਹਨ।ਉਨ੍ਹਾਂ ਦੱਸਿਆ ਕਿ ਐੱਮ.ਐੱਨ.ਐੱਸ. ਸਕਿੱਲ ਇੰਡੀਆ ਫਾਊਂਡੇਸ਼ਨ ਮੋਹਾਲੀ ਦੇ ਵੱਡੇ ਸਹਿਯੋਗ ਸਦਕਾ ਮਾਛੀਵਾੜਾ ਸਾਹਿਬ ਵਿਖੇ ਇਹ ਕੋਰਸ ਬਿਨਾਂ ਕਿਸੇ ਫੀਸ ਤੋਂ ਕਰਵਾਇਆ ਜਾਵੇਗਾ।ਕੋਰਸ ਪੂਰਾ ਹੋਣ ਉਪਰੰਤ ਸਭਨਾਂ ਨੂੰ ਸਰਟੀਫਿਕੇਟ ਮੁਹੱਈਆ ਕਰਵਾਏ ਜਾਣਗੇ ਤੇ ਨੌਕਰੀਆਂ ਵੀ ਦਿਵਾਈਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਕਿਸੇ ਵੀ ਰੂਪ 'ਚ ਅਪਾਹਜ ਮੁੰਡੇ-ਕੁੜੀਆਂ ਵੀ ਦਾਖ਼ਲਾ ਲੈ ਸਕਦੇ ਹਨ।ਉਨ੍ਹਾਂ ਅਪੀਲ ਕੀਤੀ ਕਿ ਇਹ ਮੁਫ਼ਤ ਕੋਰਸ ਕਰਨ ਦੇ ਇੱਛੁਕ 25 ਸਤੰਬਰ 2024 ਤੱਕ ਆਪਣੇ ਡਾਕੂਮੈਂਟ ਮਾਸਟਰ ਮਾਈਂਡ ਡਿਜੀਟਲ ਐਜੂਕੇਸ਼ਨ, ਅਨਾਜ ਮੰਡੀ ਦੇ ਸਾਹਮਣੇ, ਪੰਜਾਬ ਐਂਡ ਸਿੰਧ ਬੈਂਕ ਉੱਪਰ, ਮਾਛੀਵਾੜਾ ਸਾਹਿਬ ਵਿਖੇ ਜਮ੍ਹਾਂ ਕਰਵਾ ਦੇਣ।

### ਤੇਜ਼ ਰਫਤਾਰ ਕਾਰ ਨੇ ਦੋ ਵਿਅਕਤੀਆਂ ਨੂੰ ਮਾਰੀ ਫੇਟ, ਗੰਭੀਰ ਜ਼ਖਮੀਂ

**ਨਾਭਾ (ਵਰਿੰਦਰ ਵਰਮਾ)**-ਪੁਰਾਣਾ ਹਾਥੀ ਖਾਨਾ ਨੇੜੇ ਸਰਦਾਰੀ ਕੁਲੈਕਸ਼ਨ ਦੀ ਦੁਕਾਨ ਦੇ ਬਾਹਰ ਸਵੇਰੇ 6 ਵਜੇ ਇੱਕ ਤੇਜ਼ ਰਫ਼ਤਾਰ ਕਾਰ ਵੱਲੋਂ ਦੋ ਵਿਅਕਤੀਆਂ ਨੂੰ ਟੱਕਰ ਮਾਰ ਕੇ ਫ਼ਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸੰਬੰਧੀ ਸਮਾਜ ਸੇਵਕ ਤੇ ਕੌਂਸਲਰ ਰੋਜ਼ੀ ਨਾਗਪਾਲ ਦੇ ਪਤੀ ਦੀਪਕ ਨਾਗਪਾਲ ਨੇ ਦੱਸਿਆ ਕਿ ਮੇਰਾ ਨੌਕਰ ਨਾਮ ਪ੍ਰਿੰਸ ਤ੍ਰਿਪਾਠੀ ਤੇ ਮੇਰਾ ਬੇਟਾ ਹਰਿਤਿਕ ਨਾਗਪਾਲ ਜੋ ਕਿ ਬੁੱਧਵਾਰ ਸਵੇਰੇ ਐਕਟਿਵਾ 'ਤੇ ਸਵਾਰ ਹੋ ਕੇ ਅਲੋਹਰਾਂ ਗੇਟ ਵੱਲ ਜਾ ਰਹੇ ਸਨ, ਬੜੀ ਤੇਜ਼ ਰਫਤਾਰ ਨਾਲ ਚਿੱਟੇ ਰੰਗ ਦੀ ਸਵਿਫਟ ਕਾਰ ਪੀ ਬੀ 34 ਸੀ 5193 ਨੇ ਪਿੱਛੋਂ ਦੀ ਆ ਕੇ ਫੇਟ ਮਾਰ ਦਿੱਤੀ ਤੇ ਚਾਲਕ ਗੱਡੀ ਸਮੇਤ ਫਰਾਰ ਹੋ ਗਿਆ।ਇਸ ਫੇਟ 'ਚ ਪ੍ਰਿੰਸ ਤ੍ਰਿਪਾਠੀ ਦੇ ਨਾਮ ਲੜਕੇ ਦੀ ਲੱਤ ਟੁੱਟ ਗਈ ਤੇ ਹਰੀਤਿਕ ਨਾਗਪਾਲ ਨੂੰ ਗੰਭੀਰ ਜ਼ਖਮੀ ਹੋਣ ਕਾਰਨ ਫੋਰਟਿਸ ਹੋਸਪਿਟਲ ਮੋਹਾਲੀ ਦਾਖਲ ਕਰਾ ਦਿੱਤਾ ਗਿਆ ਹੈ, ਜਿਸ ਦਾ ਇਲਾਜ ਫੋਰਟਿਸ ਹੋਸਪਿਟਲ ਵਿਖੇ ਚੱਲ ਰਿਹਾ।ਉਨ੍ਹਾ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕਾਰ ਚਾਲਕ ਦੀ ਭਾਲ ਕਰਕੇ ਉਸ ਉੱਪਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

# ਘਟੀਆ ਮਟੀਰੀਅਲ ਵਰਤਣ 'ਤੇ ਲੋਕਾਂ 'ਚ ਠੇਕੇਦਾਰ ਤੇ ਵਿਭਾਗ ਪ੍ਰਤੀ ਰੋਸ

*ਵਿਜੀਲੈਂਸ ਤੋਂ ਮਾਮਲੇ ਦੀ ਨਿਰਪੱਖ ਜਾਂਚ ਕਰਨ ਦੀ ਮੰਗ*

**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ ਦੇ ਕੁਲਰੀਆਂ ਰੋਡ ਦੇ ਵਾਟਰ ਵਰਕਸ 'ਚ ਨਵੇਂ ਬਣ ਰਹੇ ਡੱਗ ਦੇ ਕਾਰਜ 'ਚ ਠੇਕੇਦਾਰ ਵੱਲੋਂ ਘਟੀਆ ਮਟੀਰੀਅਲ ਪਾਉਣ ਨੂੰ ਲੈ ਕੇ ਬਰੇਟਾ ਵਾਸੀਆਂ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ ਤੇ ਨਿਰਮਾਣ ਕਾਰਜ 'ਚ ਘਟੀਆ ਮਟੀਰੀਅਲ ਵਰਤਣ ਦੇ ਦੋਸ਼ ਵੀ ਲਾਏ। ਇਸ ਤੋਂ ਇਲਾਵਾ ਠੇਕੇਦਾਰ ਤੇ ਸਬੰਧਤ ਵਿਭਾਗ ਵਿਰੁੱਧ ਰੋਸ ਪ੍ਰਗਟ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਰੇਟਾ ਦੇ ਕੌਂਸਲਰ ਦਰਸ਼ਨ ਸਿੰਘ ਮੱਘੀ ਤੇ ਸਾਬਕਾ ਕੌਂਸਲਰ ਸੁਮੇਸ਼ ਬਾਲੀ ਨੇ ਦੱਸਿਆ ਕਿ ਉਕਤ ਵਾਟਰ ਵਰਕਸ 'ਚ ਲੋਕਾਂ ਨੂੰ ਸ਼ੁੱਧ ਪਾਣੀ ਦੀ ਸਪਲਾਈ ਦੇਣ ਲਈ ਸਰਕਾਰ ਵੱਲੋਂ ਵੱਡੀ ਲਾਗਤ ਨਾਲ ਨਵੇਂ ਡੱਗ ਦਾ ਕਾਰਜ ਕਰਵਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਾਨੂੰ ਬੀਤੇ ਦਿਨ ਇਸ ਗੱਲ ਦੀ ਭਿਣਕ ਲੱਗੀ ਕਿ ਚੱਲ ਰਹੇ ਕਾਰਜ 'ਚ ਠੇਕੇਦਾਰ ਵੱਲੋਂ ਬਰੇਤੀ ਪਾਉਣ ਦੀ ਥਾਂ ਤੇ ਨਿਰੀ ਮਿੱਟੀ ਪਾ ਕੇ ਸਰਕਾਰ ਨੂੰ ਮੋਟਾ ਚੂਨਾ ਲਗਾਇਆ ਜਾ ਰਿਹਾ ਹੈ। ਕੌਂਸਲਰਾਂ ਨੇ ਇਹ ਵੀ ਦੱਸਿਆ ਕਿ ਸਾਡੇ ਵੱਲੋਂ ਠੇਕੇਦਾਰ ਦੇ ਘਟੀਆ ਮਟੀਰੀਅਲ ਪਾਉਣ ਦਾ ਪਰਦਾਫਾਸ਼ ਕਰਨ ਲਈ ਮੌਕੇ 'ਤੇ ਹੀ ਵੀਡੀਓ ਬਣਾਈ ਗਈ ਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਵਾਟਰ ਵਰਕਸ ਦੇ ਕੁਝ ਉੱਚ ਅਧਿਕਾਰੀਆਂ ਵੱਲੋਂ ਸਾਨੂੰ ਵੀਡੀਓ ਡਲੀਟ ਕਰਨ ਨੂੰ ਵੀ ਕਿਹਾ ਗਿਆ, ਜਿਸ ਨੂੰ ਸੁਣ ਕੇ ਸਾਨੂੰ ਵਿਸ਼ਵਾਸ ਹੋਇਆ ਕਿ ਇੱਥੇ ਦਾਲ 'ਚ ਕੁਝ ਕਾਲਾ ਨਹੀਂ, ਸਗੋਂ ਸਾਰੀ ਦਾਲ ਹੀ ਕਾਲੀ ਹੈ। ਦੱਸਣਯੋਗ ਹੈ ਕਿ ਕੌਂਸਲਰਾਂ ਵੱਲੋਂ ਇਸ ਮੁੱਦੇ 'ਚ ਇਹ ਮੰਗ ਕੀਤੀ ਗਈ ਸੀ ਕਿ ਇਸ ਮਾਮਲੇ 'ਚ ਵਿਜੀਲੈਂਸ ਵੱਲੋਂ ਜਾਂਚ ਕਰਕੇ ਆਰੋਪੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਜਿਸ 'ਤੇ ਹੁਣ ਕੌਂਲਸਰਾਂ ਦੀ ਮੰਗ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਹੈ, ਕਿਉਂਕਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਸ ਮਾਮਲੇ 'ਚ ਬਹੁਤ ਜਲਦ ਹੀ ਵਿਜੀਲੈਂਸ ਜਾਂਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਜਦ ਇਸ ਮਾਮਲੇ ਨੂੰ ਲੈ ਕੇ ਵਾਟਰ ਵਰਕਸ ਵਿਭਾਗ ਦੇ ਜੇ ਈ ਰਮਨੀਕ ਕੁਮਾਰ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਠੇਕੇਦਾਰ ਵੱਲੋਂ ਜੋ ਬਰੇਤੀ ਦੀ ਥਾਂ 'ਤੇ ਮਿੱਟੀ ਪਾਈ ਜਾ ਰਹੀ ਸੀ, ਉਸ ਨੂੰ ਕੁਝ ਹੀ ਸਮੇਂ ਬਾਅਦ ਚੁੱਕਵਾ ਦਿੱਤਾ ਗਿਆ ਸੀ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵੱਲੋਂ ਰੋਸ ਰੈਲੀ ਤੇ ਧਰਨਾ



**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਫ਼ੈਸਲੇ ਮੁਤਾਬਿਕ ਸਮੁੱਚੇ ਪੰਜਾਬ ਵਿਖੇ ਜ਼ਿਲ੍ਹਾ ਪੱਧਰ 'ਤੇ ਵਿਸ਼ਾਲ ਰੋਸ ਰੈਲੀਆਂ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ/ਨੋਟਿਸ ਮੁੱਖ ਮੰਤਰੀ ਨੂੰ ਭੇਜਿਆ ਗਿਆ, ਜਿਸ ਦੇ ਤਹਿਤ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜੁਆਇੰਟ ਫਰੰਟ ਦੇ ਕੰਨਵੀਨਰਾਂ ਸ੍ਰੀ ਅਵਿਨਾਸ਼ ਸ਼ਰਮਾ, ਕਰਨੈਲ ਸਿੰਘ ਬਿਜਲੀ ਬੋਰਡ, ਰਾਜ ਕੁਮਾਰ ਅਰੋੜਾ, ਆਰ. ਐੱਲ. ਪਾਂਧੀ ਕੰਨਫੈਡਰੇਸ਼ਨ, ਜਗਦੀਸ਼ ਸ਼ਰਮਾ, ਬਿਕਰ ਸਿੰਘ ਸਿਬੀਆ ਪੈਨਸ਼ਨਰ ਮਹਾਂਸੰਗ, ਅਜਮੇਰ ਸਿੰਘ, ਸ਼ਿਵ ਕੁਮਾਰ ਸ਼ਰਮਾ ਪੰਜਾਬ ਪੁਲਸ ਪੈਨਸ਼ਨਰਜ਼ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਵਿਸ਼ਾਲ ਰੋਸ ਰੈਲੀ ਤੇ ਧਰਨਾ ਲਗਾਇਆ ਗਿਆ।ਇਸ ਰੈਲੀ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂਆਂ ਹਰਵਿੰਦਰ ਸਿੰਘ ਭੱਠਲ, ਭੁਪਿੰਦਰ ਸਿੰਘ ਜੱਸੀ, ਡਾ. ਅਮਰਜੀਤ ਸਿੰਘ, ਜਸਦੇਵ ਸਿੰਘ ਧੂਰੀ, ਕੁਲਵੰਤ ਸਿੰਘ, ਸਤਪਾਲ ਕਲਸੀ, ਸੁਖਵਿੰਦਰ ਸਿੰਘ, ਗੁਰਜੰਟ ਸਿੰਘ, ਗੋਪਾਲ ਕਿਸ਼ਨ, ਕਰਮਦਾਸ ਪਨਵਾ, ਸੁਖਦੇਵ ਸਿੰਘ ਭਵਾਨੀਗੜ੍ਹ, ਭਰਥਲੀ ਸਿੰਘ, ਇੰਦਰਜੀਤ ਸਿੰਘ, ਫੈਜ ਖਾਨ, ਪਵਨ ਸ਼ਰਮਾ, ਗੁਰਜੰਟ ਸਿੰਘ, ਗੁਰਬਖ਼ਸ਼ ਸਿੰਘ ਜਖੇਪਲ, ਚੇਤ ਰਾਮ ਢਿੱਲੋਂ ਸੁਨਾਮ, ਦਰਸ਼ਨ ਸਿੰਘ ਰੋਗਲਾ ਦਿੜ੍ਹਬਾ, ਰਵਿੰਦਰ ਸਿੰਘ ਗੁੱਡੂ, ਕਰਨੈਲ ਸਿੰਘ ਸੇਖੋਂ, ਲਾਭ ਸਿੰਘ, ਸਤਪਾਲ ਸਿੰਗਲਾ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਪੈਨਸ਼ਨਰਾਂ ਦੀ ਇੱਕ ਵੀ ਮੰਗ ਨਹੀਂ ਮੰਨੀ ਗਈ।

ਆਗੂਆਂ ਵੱਲੋਂ ਮੰਗ ਕੀਤੀ ਗਈ ਕਿ 01 ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਦਾ 2.59 ਫੈਕਟਰ ਲਗਾ ਕੇ ਪੈਨਸ਼ਨਾਂ ਫਿਕਸ ਕੀਤੀਆਂ ਜਾਣ, 01 ਜਨਵਰੀ 2016 ਤੋਂ ਲੈ ਕੇ 30 ਜੂਨ, 2021 ਤੱਕ ਦੀ ਰਵਾਇਜ਼ ਪੈਨਸ਼ਨ ਦਾ ਬਕਾਇਆ ਜਲਦ ਦਿੱਤਾ ਜਾਵੇ।ਮਹਿੰਗਾਈ ਭੱਤੇ ਦੀਆਂ ਕਿਸਤਾਂ ਤੇ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕੀਤੇ ਜਾਣ। ਮੈਡੀਕਲ ਭੱਤੇ ਵਿੱਚ ਵਾਧਾ ਕੀਤਾ ਜਾਵੇ।ਕੈਸ਼ਲੈੱਸ ਮੈਡੀਕਲ ਸਕੀਮ ਸੋਧਾਂ ਤਹਿਤ ਲਾਗੂ ਕੀਤੀ ਜਾਵੇ।01-01-2016 ਤੋਂ ਬਾਅਦ ਰਿਟਾਇਰ ਹੋਏ ਪੈਨਸ਼ਨਰਾਂ ਨੂੰ ਰਿਵਾਇਜ਼ ਹੋਏ ਸਕੇਲਾਂ ਵਿੱਚ ਸੋਧੀ ਲੀਵ ਇਨਕੈਸ਼ਮੈਂਟ ਜਾਰੀ ਕੀਤੀ ਜਾਵੇ।ਇਸ ਉਪਰੰਤ ਫਰੰਟ ਦੇ ਕਨਵੀਨਰਾਂ ਵੱਲੋਂ ਮੈਡਮ ਓਪਿੰਦਰਜੀਤ ਕੌਰ ਬਰਾੜ ਸਹਾਇਕ ਕਮਿਸ਼ਨਰ (ਜ) ਨੂੰ ਮੰਗ ਪੱਤਰ ਤੇ ਨੋਟਿਸ ਦਿੰਦੀਆਂ ਕਿਹਾ ਗਿਆ ਕਿ ਜੇਕਰ ਪੰਜਾਬ ਸਰਕਾਰ ਨੇ 15 ਅਕਤੂਬਰ ਤੱਕ ਪੈਨਸ਼ਨ ਫਰੰਟ ਨੂੰ ਮੀਟਿੰਗ ਦੇ ਕੇ ਮਸਲੇ ਹੱਲ ਨਾ ਕੀਤੇ ਤਾਂ 22 ਅਕਤੂਬਰ 2024 ਨੂੰ ਮੋਹਾਲੀ/ਚੰਡੀਗੜ੍ਹ ਵਿਖੇ ਸੂਬਾ ਪੱਧਰੀ ਵਿਸ਼ਾਲ ਮਹਾਂਰੈਲੀ ਕੀਤੀ ਜਾਵੇਗੀ ਤੇ ਰੋਸ ਮਾਰਚ ਕੀਤਾ ਜਾਵੇਗਾ।ਇਸ ਮੌਕੇ ਦਰਸ਼ਨ ਸਿੰਘ ਨੌਰਥ, ਇੰਦਰਜੀਤ, ਲਾਭ ਸਿੰਘ, ਗੁਰਦੇਵ ਸਿੰਘ, ਜਗਦੇਵ ਸਿੰਘ ਲੂੰਬਾ, ਓਮ ਪ੍ਰਕਾਸ਼ ਖਿੱਪਲ, ਜਰਨੈਲ ਸਿੰਘ, ਵੇਦ ਸਿੰਘ ਸਿੱਧੂ, ਮੇਘ ਸਿੰਘ, ਪਵਨ ਕੁਮਾਰ ਸ਼ਰਮਾ, ਰਜਿੰਦਰ ਕੁਮਾਰ, ਭੀਮ ਸੈਨ, ਮਾਸਟਰ ਅਜੀਤ ਸਿੰਘ ਕੋਹਰੀਆਂ, ਕਸ਼ਮੀਰ ਸਿੰਘ ਰੋੜੇਵਾਲ ਆਦਿ ਤੋਂ ਇਲਾਵਾ ਵੱਡੀ ਸਮੁੱਚੇ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ।

# ਚੇਅਰਮੈਨ ਹਡਾਨਾ ਵੱਲੋਂ ਸਵਾਰੀ ਦਾ ਤਿੰਨ ਲੱਖ ਰੁਪਏ ਮੋੜਨ ਵਾਲੇ ਕੰਡਕਟਰ ਤੇ ਡਰਾਈਵਰ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਚੇਅਰਮੈਨ ਪੀ ਆਰ ਟੀ ਸੀ ਰਣਜੋਧ ਸਿੰਘ ਹਡਾਨਾ ਵੱਲੋਂ ਇੱਕ ਡਰਾਇਵਰ ਤੇ ਕਡੰਕਟਰ ਵੱਲੋਂ ਸਵਾਰੀ ਦੀ ਗਲਤੀ ਨਾਲ ਬੱਸ ਵਿੱਚ ਰਹਿ ਗਏ ਤਿੰਨ ਲੱਖ ਰੁਪਏ ਮੁੜ ਸਵਾਰੀ ਤੱਕ ਪਹੁੰਚਾਉਣ ਲਈ ਮੁੱਖ ਦਫਤਰ ਬੁਲਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਹਡਾਨਾ ਵੱਲੋਂ ਸਮੇਂ ਸਮੇਂ ਅਜਿਹੇ ਮੁਲਾਜ਼ਮਾਂ ਦਾ ਸਨਮਾਨ ਕੀਤਾ ਜਾਂਦਾ ਹੈ।ਇਸ ਮੌਕੇ ਚੇਅਰਮੈਨ ਹਡਾਨਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਕਾਰੀ ਬੱਸ ਵਿੱਚ ਸਫਰ ਕਰ ਰਹੀ ਇੱਕ ਸਵਾਰੀ 10 ਅਗਸਤ ਨੂੰ ਤਿੰਨ ਲੱਖ ਰੁਪਏ ਭੁੱਲ ਗਈ ਜੋ ਗੁਰਮੁੱਖ ਸਿੰਘ ਕਡੰਕਟਰ ਨੰਬਰ ਪੀਸੀਬੀ 132 ਤੇ ਡਰਾਇਵਰ ਬਲਵਿੰਦਰ ਸਿੰਘ ਨੰਬਰ ਪੀਸੀਬੀ 115 ਪਟਿਆਲਾ ਡਿੱਪੂ ਵੱਲੋਂ ਸਵਾਰੀ ਦੀ ਜਾਣਕਾਰੀ ਕੱਢ ਕੇ ਉਸ ਨੂੰ ਸਪੁਰਦ ਕੀਤੇ ਗਏ।ਇਸ ਨਾਲ ਜਿੱਥੇ ਮਹਿਕਮੇ ਦਾ ਨਾਮ ਰੋਸ਼ਨ ਹੁੰਦਾ ਹੈ, ਉਥੇ ਹੀ ਲੋਕਾਂ ਦਾ ਵਿਸ਼ਵਾਸ ਵੀ ਮਹਿਕਮੇ ਦੇ ਮੁਲਾਜ਼ਮਾਂ ਪ੍ਰਤੀ ਕਿਤੇ ਵੱਧਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਬੀਤੇ ਕੁਝ ਸਮਾਂ ਪਹਿਲਾਂ ਵੀ ਪਟਿਆਲਾ ਬੱਸ ਅੱਡੇ ਵਿੱਚ ਬੱਸ ਨੂੰ ਅਚਨਚੇਤ ਲੱਗੀ ਅੱਗ ਦੇ ਨਾਲ ਹੀ ਕਡੰਕਟਰ ਸੁਖਚੈਨ ਸਿੰਘ, ਕਡੰਕਟਰ ਨਰਿੰਦਰ ਸਿੰਘ ਤੇ ਡਰਾਇਵਰ ਜ਼ਸਪਾਲ ਸਿੰਘ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਖੜ੍ਹੀਆਂ ਬੱਸਾਂ ਨੂੰ ਅੱਗ ਤੋ ਬਚਾਇਆ ਤੇ ਅੱਗ ਬੁਝਾਊ ਯੰਤਰ ਨਾਲ ਨੇੜੇ ਤੇੜੇ ਦੀ ਲੱਗੀ ਅੱਗ ਵੀ ਬੁਝਾਈ।

ਰਣਜੋਧ ਸਿੰਘ ਹਡਾਨਾ ਨੇ ਕਿਹਾ ਕਿ ਮਹਿਕਮੇ ਵੱਲੋਂ ਅਜਿਹੇ ਮੁਲਾਜ਼ਮਾਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਟੀਮ ਬਣਾਈ ਗਈ ਹੈ, ਕਿਓਂਕਿ ਅਜਿਹੇ ਮੁਲਾਜ਼ਮਾਂ ਦੀ ਮਿਹਨਤ ਤੇ ਇਮਾਨਦਾਰੀ ਨਾਲ ਮਹਿਕਮੇ ਦੀ ਆਮਦਨ ਤੇ ਸੁਰੱਖਿਆਂ ਵਿੱਚ ਵਾਧਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਬੀਤੇ ਕੁੱਝ ਸਮਾਂ ਪਹਿਲਾਂ ਵੀ 15 ਅਗਸਤ ਨੂੰ ਮਹਿਕਮੇ ਵਿਚਲੇ ਹੈੱਡ ਆਫਿਸ ਤੇ ਡਿੱਪੂਆਂ ਵਿੱਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਮੁਲਾਜ਼ਮਾਂ ਦਾ ਸਨਮਾਨ ਕੀਤਾ ਗਿਆ ਸੀ।ਆਖਰ ਵਿੱਚ ਉਨ੍ਹਾਂ ਖਾਸ ਤੌਰ 'ਤੇ ਕਿਹਾ ਕਿ ਮਹਿਕਮੇ ਦੀ ਆਮਦਨੀ ਵਿੱਚ ਵਾਧੇ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮਕਸਦ ਨਾਲ ਨਵੀਆਂ ਬੱਸਾਂ ਪਾਉਣ ਦਾ ਟੈਂਡਰ ਵੀ ਕੱਢਿਆ ਗਿਆ ਹੈ।

ਇਸ ਮੌਕੇ ਚੇਅਰਮੈਨ ਰਣਜੋਧ ਸਿੰਘ ਹਡਾਨਾ, ਡਾ: ਹਰਨੇਕ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਅਮਨਵੀਰ ਟਿਵਾਣਾ ਜੀ. ਐੱਮ. ਪਟਿਆਲਾ ਡਿੱਪੂ ਤੋਂ ਇਲਾਵਾ ਉਪਰੋਕਤ ਕੰਡਕਟਰ ਤੇ ਡਰਾਈਵਰ ਹਾਜ਼ਰ ਸਨ।

# ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੀ ਚੋਣ

## ਸਰਬਸੰਮਤੀ ਨਾਲ ਉਂਕਾਰ ਸਿੰਘ ਬਣੇ ਪ੍ਰਧਾਨ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਏਟਕ ਬ੍ਰਾਂਚ ਫਿਰੋਜ਼ਪੁਰ ਦੀ ਤਿੰਨ ਸਾਲਾ ਚੋਣ ਸੈਂਟਰ ਬਾਡੀ ਤੋਂ ਆਏ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ ਤੇ ਡਿਪਟੀ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਵਿੱਚ ਸਰਬਸੰਮਤੀ ਨਾਲ ਕੀਤੀ ਗਈ। ਸੂਬਾ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਕਿ ਇਨਕਲਾਬ ਦਾ ਨਾਮ ਵਰਤ ਕੇ ਸੱਤਾ ਤੇ ਕਾਬਜ਼ ਹੋਈ ਹੈ।ਇਸ ਸਰਕਾਰ ਵੱਲੋਂ ਪੰਜਾਬ ਰੋਡਵੇਜ਼ ਤੇ ਪੀਆਰਟੀ ਸ ਮਹਿਕਮਿਆਂ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਵੇਂ ਕਿ ਪੰਜਾਬ ਰੋਡਵੇਜ਼ ਤੇ ਪੀਆਰਟੀਸੀ ਮਹਿਕਮਿਆਂ ਵਿੱਚ ਪੁਨਰਗਠਨ ਦੇ ਨਾਮ ਪੋਸਟਾਂ ਖ਼ਤਮ ਕਰਨ ਬਾਰੇ ਵਿਚਾਰ ਕਰ ਰਹੀ ਹੈ ਜੋ ਕਿ ਜਥੇਬੰਦੀ ਵੱਲੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਵੱਲੋਂ ਕਿਹਾ ਗਿਆ ਕਿ ਮੁੱਖ ਮੰਤਰੀ ਵਾਰ ਵਾਰ ਮੁਲਾਜ਼ਮਾਂ ਨਾਲ ਮੀਟਿੰਗਾਂ ਕਰਨ ਦੀ ਬਜਾਏ ਮੁਲਤਵੀ ਕਰ ਰਿਹਾ ਹੈ, ਜਿਸ ਦੀ ਅਸੀਂ ਜਥੇਬੰਦੀ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ।ਸੂਬਾ ਡਿਪਟੀ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ ਨੇ ਬੋਲਦਿਆਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਕੇਂਦਰ ਸਰਕਾਰ ਵੱਲੋਂ ਐੱਨ ਪੀ ਐੱਸ/ਯੂਪੀਐੱਸ ਪੈਨਸ਼ਨ ਸਕੀਮ ਮੁਲਾਜ਼ਮਾਂ 'ਤੇ ਧੱਕੇ ਨਾਲ ਲਾਗੂ ਕਰ ਰਹੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਜਥੇਬੰਦੀ ਵੱਲੋਂ ਸੰਘਰਸ਼ ਕੀਤਾ ਜਾਵੇਗਾ।ਇਸ ਤੋਂ ਬਾਅਦ ਡਿੱਪੂ ਫਿਰੋਜ਼ਪੁਰ ਦੀ ਨਵੀਂ ਆਗੂ ਟੀਮ ਚੁਣੀ ਗਈ, ਜਿਸ ਵਿੱਚ ਉਂਕਾਰ ਸਿੰਘ ਪ੍ਰਧਾਨ, ਅਰਜੁਨ ਚੋਪੜਾ ਸੀਨੀਅਰ ਮੀਤ ਪ੍ਰਧਾਨ, ਜਗਦੀਪ ਸਿੰਘ ਜਨਰਲ ਸਕੱਤਰ, ਅਮਿਤ ਕੈਸ਼ੀਅਰ, ਮੁਖਤਿਆਰ ਸਿੰਘ ਚੇਅਰਮੈਨ ਤੇ ਅਰਵਿੰਦਰ ਸਿੰਘ ਰੂਬੀ ਮੁੱਖ ਸਲਾਹਕਾਰ ਅਹੁਦੇਦਾਰ ਚੁਣੇ ਗਏ।ਇਸ ਮੌਕੇ ਪੈਨਸ਼ਨਰਜ਼ ਜਥੇਬੰਦੀ ਤੋਂ ਜਨਰਲ ਸਕੱਤਰ ਉਮ ਪ੍ਰਕਾਸ਼, ਮਲਕੀਅਤ ਚੰਦ ਪਾਸੀ, ਮਨਜਿੰਦਰ ਸਿੰਘ, ਹਰੀਸ਼ ਸਿੰਘ, ਪਵਨ, ਸੋਹਣ ਸਿੰਘ, ਰਾਜਪਾਲ ਬੇਰੀ, ਸੁਰਜੀਤ ਸਿੰਘ ਆਦਿ ਸਾਥੀ ਹਾਜ਼ਰ ਸਨ।

# ਸਨਮਤੀ ਸਕੂਲ ਦੇ ਵਿਦਿਆਰਥੀਆਂ ਜ਼ੋਨਲ ਖੇਡਾਂ 'ਚ 16 ਤਮਗੇ ਜਿੱਤੇ



**ਜਗਰਾਓਂ (ਸੰਜੀਵ ਅਰੋੜਾ, ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਮਾਲਪੁਰਾ ਵਿਖੇ ਕਰਵਾਏ ਗਏ ਜ਼ੋਨਲ ਪੱਧਰੀ ਐਥਲੈਟਿਕਸ ਮੀਟ ਮੁਕਾਬਲਿਆ ਵਿੱਚ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਸਕੂਲ ਦੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੇ ਵਿਦਿਆਰਥੀਆਂ ਨੇ ਖੇਡ ਗਤੀਵਿਧੀਆਂ ਵਿੱਚ ਭਾਗ ਲੇ ਕੇ ਖੇਡਾਂ ਪ੍ਰਤੀ ਬੜਾ ਹੀ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਅੰਡਰ-19 ਦੀ ਖਿਡਾਰਣ ਸਿਮਰਨਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕਰ ਕੇ ਚਾਂਦੀ ਦੇ ਤਮਗੇ ਜਿੱਤੇ। ਇਸੇ ਹੀ ਲੜੀ ਵਿੱਚ ਅੰਡਰ-19 ਦੀ ਸੁਮਨਪ੍ਰੀਤ ਕੌਰ ਨੇ 100 ਮੀਟਰ ਦੌੜ 'ਚੋਂ ਪਹਿਲਾ, ਅੰਡਰ-17 ਦੀ ਖਿਡਾਰਣ ਅਰਸ਼ਪ੍ਰੀਤ ਕੌਰ 3000 ਮੀਟਰ ਦੌੜ 'ਚ ਪਹਿਲਾ ਤੇ ਮਨਦੀਪ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕਰ ਕੇ ਕ੍ਰਮਵਾਰ ਸੋਨੇ ਤੇ ਚਾਂਦੀ ਦੇ ਤਮਗੇ ਹਾਸਲ ਕੀਤੇ। ਇਸੇ ਹੀ ਤਰ੍ਹਾਂ ਜਿੱਥੇ ਲੜਕੀਆਂ ਨੇ ਜ਼ੋਨ ਪੱਧਰੀ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ, ਉਥੇ ਲੜਕਿਆਂ ਵਿੱਚ ਵੀ ਖੇਡਾਂ ਪ੍ਰਤੀ ਜੋਸ਼ ਕਾਫੀ ਸ਼ਲਾਘਾਯੋਗ ਰਿਹਾ। ਅੰਡਰ-19 ਦੇ ਖਿਡਾਰੀ ਅਰਮਾਨ ਸਿੰਘ ਨੇ 3000 ਮੀਟਰ ਦੌੜ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗਾ ਪ੍ਰਾਪਤ ਕੀਤਾ। ਅੰਡਰ-19 ਦੇ ਵਿਦਿਆਰਥੀ ਹਰਮਨਪ੍ਰੀਤ ਸਿੰਘ ਨੇ 5000 ਮੀਟਰ ਵਿੱਚ ਦੂਜਾ ਤੇ ਜੈਵਲਿਨ ਥਰੋ ਵਿੱਚ ਤੀਜਾ, ਅੰਡਰ-19 ਦੇ ਅਰਮਾਨ ਸਿੰਘ 1500 ਮੀਟਰ ਦੌੜ 'ਚ ਤੀਜਾ ਹਾਸਲ ਕਰਕੇ ਕਾਂਸੀ ਦਾ ਤਮਗਾ ਜਿੱਤਿਆ। ਅੰਡਰ-14 ਦੇ ਖਿਡਾਰੀ ਮਨੀਸ਼ ਕੁਮਾਰ ਨੇ 600 ਮੀਟਰ ਦੌੜਾਂ 'ਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਤਮਗਾ ਹਾਸਲ ਕੀਤਾ। ਅੰਡਰ-14 ਰਿਲੇਅ ਦੌੜ ਮੀਟਰ ਵਿੱਚ ਮਨੀਸ਼ ਕੁਮਾਰ, ਜੈਸਨੂਰ, ਬਲਰਾਜ, ਪੰਕਜ ਤੇ ਅਵੀਰਾਜ ਨੇ ਭਾਗ ਲੇ ਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੇ ਦੇ ਤਮਗੇ ਹਾਸਲ ਕੀਤੇ। ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਅਤੇ ਮੈਨੇਜਿੰਗ ਕਮੇਟੀ ਨੇ ਨਿੱਘਾ ਸਵਾਗਤ ਕੀਤਾ ਤੇ ਡੀ.ਪੀ. ਅਧਿਆਪਕਾ ਦਾ ਧੰਨਵਾਦ ਕੀਤਾ।

# ਗੈਸ ਪਾਈਪ ਲਾਈਨ 'ਚ ਵੱਡਾ ਧਮਾਕਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਜਗਤਾਰ ਨਗਰ ਵਿੱਚ ਉਸ ਵੇਲੇ ਹਾਲਾਤ ਭਿਆਨਕ ਬਣ ਗਏ, ਜਦੋਂ ਇੱਕ ਘਰ ਵਿੱਚ ਜ਼ੋਰਦਾਰ ਧਮਾਕਾ ਹੋ ਗਿਆ।ਇਹ ਧਮਾਕਾ ਉਸ ਸਮੇਂ ਹੋਇਆ, ਜਦੋਂ ਪੂਰਾ ਪਰਵਾਰ ਬੈਠ ਕੇ ਰੋਟੀ ਖਾ ਰਿਹਾ ਸੀ।ਜ਼ੋਰਦਾਰ ਧਮਾਕੇ ਨਾਲ ਪਰਵਾਰ ਤੇ ਆਂਢ ਗੁਆਂਢ ਦੇ ਲੋਕ ਸਹਿਮ ਗਏ।ਪਰਵਾਰ ਦੇ ਦੱਸਣ ਮੁਤਾਬਿਕ ਘਰ ਵਿੱਚ ਗੈਸ ਪਾਈਪ ਲਾਈਨ ਪੈ ਰਹੀ ਸੀ, ਜਿਸ ਦੀ ਅਜੇ ਸ਼ੁਰੂਆਤ ਨਹੀਂ ਹੋਈ, ਪਰ ਗੈਸ ਪਾਈਪ ਲਾਈਨ ਵਾਲੀ ਟੀਮ ਪੂਰੇ ਮੁਹੱਲੇ ਵਿੱਚ ਇਸ ਗੈਸ ਪਾਈਪ ਲਾਈਨ ਦਾ ਜਾਇਜ਼ਾ ਲੈ ਰਹੇ ਸੀ ਤਾਂ ਉਸੇ ਵੇਲੇ ਇਹ ਬਲਾਸਟ ਹੋ ਗਿਆ।ਇਸ ਗੈਸ ਪਾਈਪ ਲਾਈਨ ਨਾਲ ਘਰ ਵਿੱਚ ਵੱਡਾ ਹਾਦਸਾ ਹੋਣ ਤੋਂ ਬਚਾਅ ਹੋਇਆ ਹੈ।ਘਰ ਵਿੱਚ ਹੋਏ ਬਲਾਸਟ ਤੋਂ ਬਾਅਦ ਪਰਵਾਰ ਤੇ ਇਲਾਕੇ ਵਿੱਚ ਸਹਿਮ ਦਾ ਮਾਹੌਲ ਹੈ।

# ਦਰਜਾ ਚਾਰ ਕਰਮਚਾਰੀ ਯੂਨੀਅਨ ਦੀ ਸੂਬਾ ਪੱਧਰੀ ਚੋਣ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬੀਤੇ ਦਿਨੀਂ ਸਿਹਤ ਵਿਭਾਗ ਦੀ ਮੈਟ੍ਰਿਕ ਪਾਸ ਦਰਜਾ ਚਾਰ ਕਰਮਚਾਰੀ ਯੂਨੀਅਨ ਪੰਜਾਬ ਦੀ ਸਪੈਸ਼ਲ ਮੀਟਿੰਗ ਚੇਅਰਮੈਨ ਪੰਜਾਬ ਹਰਜਿੰਦਰਪਾਲ ਸ਼ਰਮਾ ਦੀ ਅਗਵਾਈ ਹੇਠ ਹੋਈ।ਇਸ ਦੀ ਸਾਰੀ ਕਾਰਵਾਈ ਪ੍ਰਧਾਨ ਕੌਰ ਸਿੰਘ ਦੀ ਰਿਹਾਇਸ਼ ਡੱਬਵਾਲੀ ਵਿਖੇ ਹੋਈ। ਅੱਗੇ ਜਥੇਬੰਦੀ ਨੂੰ ਸੰਘਰਸ਼ਸ਼ੀਲ ਬਣਾਉਣ ਵਾਸਤੇ ਸੂਬਾ ਪੱਧਰੀ ਜਥੇਬੰਦੀ ਵਿੱਚ ਅਹੁਦੇਦਾਰਾਂ ਦੀ ਨਵੀਂ ਸੂਚੀ ਤਿਆਰ ਕਰਨ ਦੀ ਇਜ਼ਾਜਤ ਦਿੱਤੀ ਹੈ।ਨਵੇਂ ਚੁਣੇ ਅਹੁਦੇਦਾਰਾਂ ਦੀ ਸੂਬਾ ਪੱਧਰੀ ਸੂਚੀ ਅਨੁਸਾਰ ਹਰਜਿੰਦਰਪਾਲ ਸ਼ਰਮਾ ਫੂਲ ਚੇਅਰਮੈਨ, ਸੁਰਿੰਦਰ ਸਿੰਘ, ਰਾਮਪੁਰਾ ਵਾਇਸ ਚੇਅਰਮੈਨ, ਕੌਰ ਸਿੰਘ ਲੰਬੀ ਪ੍ਰਧਾਨ, ਸੱਤਪਾਲ ਸਿੰਘ ਚੱਕ ਫਤਿਹ ਸਿੰਘ ਵਾਲਾ ਜਰਨਲ ਸਕੱਤਰ, ਸੁਖਦੇਵ ਸਿੰਘ ਸੁਨਾਮ ਜੁਆਇੰਟ ਸਕੱਤਰ, ਬਲਵਿੰਦਰ ਸਿੰਘ, ਘੁੱਦਾ ਵਿੱਤ ਸਕੱਤਰ, ਅਜੀਤ ਕੁਮਾਰ ਮੌੜ ਮੰਡੀ ਸੀਨੀਅਰ ਮੀਤ ਪ੍ਰਧਾਨ, ਰਾਜ ਕੁਮਾਰ ਲੰਬੀ ਪ੍ਰਚਾਰ ਸਕੱਤਰ ਆਦਿ ਦੀ ਚੋਣ ਕੀਤੀ ਗਈ ਹੈ।

# ਬਾਬਾ ਫਰੀਦ ਪੁਸਤਕ ਮੇਲੇ ਦਾ ਵਿਧਾਇਕ ਸੇਖੋਂ ਵੱਲੋਂ ਆਗਾਜ਼

- ਗਿਆਨ ਦੇ ਦਾਇਰੇ ਨੂੰ ਵਿਸ਼ਾਲ ਕਰਨ ਲਈ ਸਾਹਿਤ ਦੀ ਸਿਰਜਣਾ ਜ਼ਰੂਰੀ : ਸੇਖੋਂ
- ਦੁਨੀਆ ਦੇ ਮਹਾਨ ਗ੍ਰੰਥਾਂ ਦੀ ਰਚਨਾ ਪੰਜਾਬ 'ਚ ਹੋਈ : ਜ਼ਫ਼ਰ
- ਕਿਤਾਬਾਂ ਸਾਡਾ ਮਾਰਗ-ਦਰਸ਼ਨ : ਵਿਨੀਤ ਕੁਮਾਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੀ ਸ਼ੁਰੂਆਤ ਮੌਕੇ ਸਾਹਿਤ ਵਿਚਾਰ ਮੰਚ ਫਰੀਦਕੋਟ ਤੇ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.) ਫਰੀਦਕੋਟ ਵੱਲੋਂ ਸਰਕਾਰੀ ਬ੍ਰਿਜਿੰਦਰਾ ਕਾਲਜ ਵਿਖੇ ਸਵ. ਡਾ. ਸੁਰਜੀਤ ਪਾਤਰ ਜੀ ਦੀ ਯਾਦ ਨੂੰ ਸਮਰਪਤ ਪੰਜ ਰੋਜ਼ਾ ਬਾਬਾ ਫਰੀਦ ਸਾਹਿਤ ਮੇਲੇ ਦਾ ਉਦਘਾਟਨ ਵਿਧਾਇਕ ਫਰੀਦਕੋਟ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਤੇ ਸ. ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਐਸ.ਡੀ.ਐਮ. ਕੋਟਕਪੂਰਾ ਮੈਡਮ ਵੀਰਪਾਲ ਕੌਰ, ਚੇਅਰਮੈਨ ਮਾਰਕਿਟ ਕਮੇਟੀ ਸ੍ਰ. ਅਮਨਦੀਪ ਬਾਬਾ ਵੀ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਵਿਧਾਇਕ ਸੇਖੋਂ ਨੇ ਸਮੂਹ ਹਾਜ਼ਰੀਨ ਨੂੰ ਬਾਬਾ ਫਰੀਦ ਆਗਮਨ ਪੁਰਬ ਦੀ ਵਧਾਈ ਦਿੰਦਿਆਂ 5 ਰੋਜ਼ਾ ਪੁਸਤਕ ਮੇਲਾ ਸ਼ੁਰੂ ਕਰਨ ਲਈ ਸਾਹਿਤ ਮੰਚ ਦੇ ਸਮੂਹ ਅਹੁਦੇਦਾਰਾਂ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅੱਜ ਭਾਵੇਂ ਗਿਆਨ ਵੱਖਰੇ ਵੱਖਰੇ ਸੰਚਾਰ ਸਾਧਨਾਂ ਤੋਂ ਪ੍ਰਾਪਤ ਕੀਤਾ ਜਾ ਰਿਹਾ ਹੈ, ਪਰ ਕਿਤਾਬਾਂ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਕੇ ਸਾਡੇ ਗਿਆਨ ਦੇ ਸੋਮੇ ਨੂੰ ਹੋਰ ਭਰਪੂਰ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਅਜਿਹੇ ਪੁਸਤਕ ਮੇਲੇ ਸਿੱਖਣ ਦੀ ਜਗਿਆਸਾ ਨੂੰ ਹੋਰ ਵਧਾਉਣ ਲਈ ਵੱਡਾ ਉਪਰਾਲਾ ਸਾਬਿਤ ਹੁੰਦੇ ਹਨ।ਉਨ੍ਹਾ ਕਿਹਾ ਕਿ ਅੱਜ ਦੇ ਸਮੇਂ ਵਿੱਚ ਜੋ ਲੋਕ ਕਿਤਾਬਾਂ ਪੜ੍ਹਨ ਦੀ ਰੁੱਚੀ ਰੱਖਦੇ ਹਨ, ਨੂੰ ਸਾਨੂੰ ਨਵੀਂ ਸੇਧ ਦੇਣ ਵਾਲੇ ਸਹਿਤ ਨੂੰ ਪੜ੍ਹਨਾ ਚਾਹੀਦਾ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਕਿਹਾ ਕਿ ਸਾਨੂੰ ਸਭ ਨੂੰ ਆਪਣੇ ਸਮੇਂ ਵਿੱਚੋਂ ਕੁਝ ਸਮਾਂ ਕਿਤਾਬਾਂ ਨੂੰ ਦੇਣਾ ਚਾਹੀਦਾ ਹੈ, ਕਿਉਂਕਿ ਕਿਤਾਬਾਂ ਹੀ ਮਨੁੱਖ ਦੀ ਸਭ ਤੋਂ ਵਧੀਆ ਦੋਸਤ ਹੁੰਦੀਆਂ ਹਨ, ਜੋ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿੱਚ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ।ਉਨ੍ਹਾਂ ਬਾਬਾ ਫਰੀਦ ਆਗਮਨ ਪੁਰਬ ਦੀ ਵਧਾਈ ਦਿੰਦਿਆਂ ਆਯੋਜਕ ਵੱਲੋਂ ਅਜਿਹੇ ਪੁਸਤਕ ਮੇਲੇ ਦਾ ਆਯੋਜਨ ਕਰਨ ਦੀ ਪ੍ਰਸੰਸਾ ਕੀਤੀ।ਇਸ ਮੌਕੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਤੇ ਪ੍ਰਸਿੱਧ ਸਹਿਤਕਾਰ ਡਾ. ਜਸਵੰਤ ਜ਼ਫ਼ਰ ਨੇ ਬਾਬਾ ਫਰੀਦ ਮੇਲੇ 'ਤੇ ਲਗਾਏ ਗਏ ਵਿਸ਼ਾਲ ਪੁਸਤਕ ਮੇਲੇ ਲਈ ਪ੍ਰਬੰਧਕਾਂ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਭਾਸ਼ਾ ਵਿਭਾਗ ਅਜਿਹੇ ਮੇਲਿਆਂ ਨੂੰ ਉਤਸ਼ਾਹਤ ਕਰਨ ਲਈ ਹਰ ਤਰ੍ਹਾਂ ਦੀ ਮਦਦ ਲਈ ਅੱਗੇ ਆਵੇਗਾ। ਉਨ੍ਹਾ ਕਿਹਾ ਕਿ ਪੰਜਾਬੀ ਪੂਰੀ ਤਰ੍ਹਾਂ ਸਾਹਿਤ ਪ੍ਰੇਮੀ ਹਨ ਤੇ ਦੁਨੀਆ ਦੇ ਸਭ ਤੋਂ ਪਹਿਲੇ ਗਰੰਥ ਰਿਗਵੇਦ ਦੀ ਸਿਰਜਣਾ ਵੀ ਪੰਜਾਬ ਵਿੱਚ ਹੋਈ ਤੇ ਦੁਨੀਆ ਦੇ ਸਭ ਤੋਂ ਮਹਾਨ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਪੰਜਾਬ ਦੀ ਧਰਤੀ 'ਤੇ ਹੋਈ।ਉਨ੍ਹਾ ਕਿਹਾ ਕਿ ਪੰਜਾਬ ਦੇ ਇਸ ਮਹਾਨ ਗ੍ਰੰਥ ਹਮੇਸ਼ਾ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਹਨ ਤੇ ਕਿਤਾਬਾਂ ਮਨੁੱਖ ਨੂੰ ਜੀਵਨ ਜਾਂਚ ਸਿਖਾਉਂਦੀਆਂ ਹਨ ਅਤੇ ਇਸ ਦੇ ਨਾਲ ਨਾਲ ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੋੜਦੇ ਹਨ।ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਮਨਜੀਤ ਪੁਰੀ ਨੇ ਦੱਸਿਆ ਕਿ ਪਿਛਲੇ ਸਾਲ ਲੱਗੇ ਬਾਬਾ ਫਰੀਦ ਪੁਸਤਕ ਮੇਲੇ ਵਿੱਚ ਲੋਕਾਂ ਨੇ 30 ਲੱਖ ਤੋਂ ਵਧੇਰੇ ਦੀਆਂ ਪੁਸਤਕਾਂ ਖ੍ਰੀਦੀਆਂ, ਜੋ ਉਨ੍ਹਾਂ ਦੇ ਸਹਿਤ ਪ੍ਰਤੀ ਲਗਨ ਤੇ ਪ੍ਰੇਮ ਨੂੰ ਦਰਸਾਉਂਦਾ ਹੈ।ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰਸਿੱਧ ਮੰਚ ਸੰਚਾਲਕ ਸ੍ਰੀ ਜਸਬੀਰ ਜੱਸੀ ਵੱਲੋਂ ਨਿਭਾਈ ਗਈ।


tru

**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ : 27AAACD9887D1ZC

ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 24 ਸਤੰਬਰ 2024 ਨੂੰ ਅਬੋਹਰ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।

ਸ਼ਾਖਾ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ ਪਹਿਲੀ ਮੰਜ਼ਲ, ਮੇਵਾ ਮਾਰਕੀਟ ਕੰਪਲੈਕਸ ਸਰਕੂਲਰ ਰੋਡ ਗਲੀ ਨੰ. 3, ਅਬੋਹਰ, ਪੰਜਾਬ-152116

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਹੇਠਾਂ ਦਰਸਾਏ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸ਼ਾਖਾ ਦੇ ਨਾਂਅ ਨਾਲ ਸੰਬੰਧਤ ਹਨ।

ਬਠਿੰਡਾ ਬਰਾਂਚ : GL0000000208913, GL0000000239075, GL0000000245929.

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ।

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ ਨੂੰ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ 'ਚ ਤਬਦੀਲੀ ਅਤੇ ਮੁਲਤਵੀ/ਬਿਨਾਂ ਅਗਾਊਂ ਨੋਟਿਸ ਨਿਲਾਮੀ ਰੱਦ ਕਰਨ ਦਾ ਅਧਿਕਾਰ ਹੈ।

ਟਰੂਕੈਪ ਫਾਇਨਾਂਸ ਲਿਮਟਿਡ



tru

**ਟਰੂਕੈਪ ਫਾਇਨਾਂਸ ਲਿਮਟਿਡ**

ਰਜਿਸਟਰਡ ਦਫਤਰ : ਰਜਿਸਟਰਡ ਦਫਤਰ, ਤੀਜੀ ਮੰਜ਼ਲ, ਏ-ਵਿੰਗ, ਡੀ.ਜੇ. ਹਾਊਸ, ਪੁਰਾਣੀ ਨਾਗਰਦਾਸ ਰੋਡ, ਅੰਧੇਰੀ (ਪੂਰਬ), ਮੁੰਬਈ-400069, ਮਹਾਰਾਸ਼ਟਰ ਵਿਖੇ

ਜੀ ਐੱਸ ਟੀ ਨੰਬਰ : 27AAACD9887D1ZC

ਕਾਰਪੋਰੇਟ ਪਛਾਣ ਨੰਬਰ : L64920MH1994PLC334457

**ਜਨਤਕ ਨੋਟਿਸ**

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਹਿਣ ਕੀਤੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਟਰੂਕੈਪ ਫਾਇਨਾਂਸ ਲਿਮਟਿਡ ਵੱਲੋਂ 24 ਸਤੰਬਰ 2024 ਨੂੰ ਲੁਧਿਆਣਾ ਵਿਖੇ ਸਵੇਰੇ 11.00 ਵਜੇ ਕੀਤੀ ਜਾਵੇਗੀ।

ਸ਼ਾਖਾ ਦਾ ਪਤਾ : ਟਰੂਕੈਪ ਫਾਇਨਾਂਸ ਲਿਮਟਿਡ ਆਰ ਕੇ ਟਾਵਰ ਹੈਬੋਵਾਲ ਰੋਡ, ਬੀ-1461/1 ਰਾਮ ਸ਼ਰਨਮ ਚੌਕ ਹੰਬੜਾਂ ਰੋਡ, ਲੁਧਿਆਣਾ, ਪੰਜਾਬ-141001 ਵਿਖੇ ਸਥਿਤ

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸੰਬੰਧਤ ਹਨ, ਜੋ ਆਪਣੇ ਬਕਾਏ ਅਦਾ ਕਰਨ 'ਚ ਅਸਫਲ ਰਹੇ ਹਨ। ਸਾਡੇ ਨਿਲਾਮੀ ਦੇ ਨੋਟਿਸ ਬਕਾਇਦਾ ਇਨ੍ਹਾਂ ਕਰਜ਼ਦਾਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਨਿਲਾਮ ਕੀਤੇ ਜਾ ਰਹੇ ਸੋਨੇ ਦੇ ਗਹਿਣੇ ਸਾਡੇ ਹੇਠਾਂ ਦਰਸਾਏ ਬਹੁਤ ਸਾਰੇ ਗਾਹਕਾਂ ਦੇ ਕਰਜ਼ਾ ਖਾਤਿਆਂ ਨਾਲ ਸ਼ਾਖਾ ਦੇ ਨਾਂਅ ਨਾਲ ਸੰਬੰਧਤ ਹਨ।

ਲੁਧਿਆਣਾ ਬਰਾਂਚ : GL0000000163469.

ਜਲੰਧਰ ਬਰਾਂਚ : GL0000000129736, GL0000000130146, GL0000000132301, GL0000000138846, GL0000000139572, GL0000000168334, GL0000000217157, GL0000000233760, GL0000000234390, GL0000000234405, GL0000000242687, GL0000000245659, GL0000000134475.

ਸਰਹਿੰਦ ਬਰਾਂਚ : GL0000000201454, GL0000000204324, GL0000000224112, GL0000000228070, GL0000000228140, GL0000000243194, GL0000000130789

ਹੋਰ ਵੇਰਵਿਆਂ ਲਈ ਕ੍ਰਿਪਾ ਕਰਕੇ ਟਰੂਕੈਪ ਫਾਇਨਾਂਸ ਲਿਮਟਿਡ ਨਾਲ ਸੰਪਰਕ ਕੀਤਾ ਜਾਵੇ।

**ਸੰਪਰਕ ਵਿਅਕਤੀ : ਸਤੀਸ਼ ਕੁਮਾਰ**

**ਸੰਪਰਕ ਨੰ. 95607-35444**

ਟਰੂਕੈਪ ਫਾਇਨਾਂਸ ਲਿਮਟਿਡ ਨੂੰ ਨਿਲਾਮੀ ਕੀਤੇ ਜਾ ਰਹੇ ਖਾਤਿਆਂ ਦੇ ਨੰਬਰ 'ਚ ਤਬਦੀਲੀ ਅਤੇ ਮੁਲਤਵੀ/ਬਿਨਾਂ ਅਗਾਊਂ ਨੋਟਿਸ ਨਿਲਾਮੀ ਰੱਦ ਕਰਨ ਦਾ ਅਧਿਕਾਰ ਹੈ।

ਟਰੂਕੈਪ ਫਾਇਨਾਂਸ ਲਿਮਟਿਡ

## ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਡੀ ਸੀ ਨੂੰ 22 ਅਕਤੂਬਰ ਦੀ ਸੂਬਾ ਪੱਧਰੀ ਰੈਲੀ ਸੰਬੰਧੀ ਨੋਟਿਸ ਤੇ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਮੋਗਾ ਵੱਲੋਂ ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਨੂੰ 22 ਅਕਤੂਬਰ ਦੀ ਸੂਬਾ ਪੱਧਰੀ ਰੈਲੀ ਸਬੰਧੀ ਮੁੱਖ ਮੰਤਰੀ ਦੇ ਨਾਮ ਨੋਟਿਸ ਦਿੱਤਾ ਗਿਆ ਤੇ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਦੇਣ ਸਮੇਂ ਪੈਨਸ਼ਨਰ ਐਸੋ ਸੀਏਸ਼ਨ ਵੱਲੋਂ ਸੁਖਮੰਦਰ ਸਿੰਘ, ਭਜਨ ਸਿੰਘ ਗਿੱਲ ਤੇ ਸਰਬਜੀਤ ਦਾਉਧਰ ਸ਼ਾਮਲ ਹੋਏ। ਪੰਜਾਬ ਪੁਲੀਸ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸੁਖਦੇਵ ਸਿੰਘ, ਬਲਵਿੰਦਰ ਸਿੰਘ ਬਰਾੜ, ਡਗੰਬਰ ਸਿੰਘ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਜਾਗੀਰ ਸਿੰਘ ਖੋਖਰ, ਗੁਰਦੇਵ ਸਿੰਘ ਡੇਮਰੂ, ਬਲਵੰਤ ਸਿੰਘ ਘੋਲੀਆ ਸਮੇਤ ਬਹੁਤ ਸਾਰੇ ਪੈਨਸ਼ਨਰ ਸ਼ਾਮਲ ਹੋਏ। ਆਗੂਆਂ ਨੇ ਦੱਸਿਆ ਕਿ ਜੇ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰਾਂ ਦੀਆਂ ਡੀ.ਏ 50 % ਕਰਨ, 2.59 ਦਾ ਗੁਣਾਂਕ, ਸਾਢੇ ਪੰਜ ਸਾਲ ਦਾ ਬਕਾਇਆ ਤੇ ਕੈਸ਼ਲੈੱਸ ਹੈਲਥ ਸਕੀਮ ਤੇ ਮਾਨਯੋਗ ਕੋਰਟ ਦੇ ਫੈਸਲੇ ਜਨਰਲਾਈਜ਼ ਕਰਨ ਵਰਗੀਆ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪੈਨਸ਼ਨਰ 22 ਅਕਤੂਬਰ ਦੀ ਮਹਾਂ ਰੈਲੀ ਤੋਂ ਬਾਅਦ ਤਿੱਖਾ ਸੰਘਰਸ਼ ਕਰਨ ਵਿੱਢਿਆ ਜਾਵੇਗਾ ਤੇ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਸਾਂਝਾ ਫਰੰਟ ਦੇ ਕਨਵੀਨਰਾਂ 'ਤੇ ਬਣਾਏ ਝੂਠੇ ਕੇਸ ਰੱਦ ਕੀਤੇ ਜਾਣ। ਗਿਆਨ ਸਿੰਘ ਡੀ ਪੀ ਆਰ ਓ ਵੀ ਮੌਜੂਦ ਸਨ।

## ਕਿਸਾਨ ਮੋਹਣਦੀਪ ਪ੍ਰਿੰਸ 'ਬੈੱਸਟ ਫਾਰਮਰ' ਐਵਾਰਡ ਨਾਲ ਸਨਮਾਨਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਦਿਨੀਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਕਰਵਾਏ ਗਏ ਕਿਸਾਨ ਮੇਲੇ ਦੌਰਾਨ ਮਾਛੀਵਾੜਾ ਇਲਾਕੇ ਦੇ ਪਿੰਡ ਹਿਯਾਤਪੁਰ ਬੇਟ ਦੇ ਕਿਸਾਨ ਮੋਹਣਦੀਪ ਸਿੰਘ ਨੂੰ 'ਬੈਸਟ ਫਾਰਮਰ' ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਕਿਸਾਨ ਮੋਹਣਦੀਪ ਸਿੰਘ ਨੂੰ 'ਸਰਦਾਰ ਉਜਾਗਰ ਸਿੰਘ ਧਾਲੀਵਾਲ' ਐਵਾਰਡ ਨਾਲ ਸਨਮਾਨਤ ਕੀਤਾ ਗਿਆ, ਜਿਸ ਦੀ ਰਸਮ ਖੇਤੀਬਾੜੀ ਮੰਤਰੀ ਗੁਰਪ੍ਰੀਤ ਸਿੰਘ ਖੁੱਡੀਆ ਨੇ ਅਦਾ ਕੀਤੀ। ਐਵਾਰਡ ਮਿਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮੋਹਣਦੀਪ ਸਿੰਘ ਨੇ ਦੱਸਿਆ ਕਿ ਇਸ ਪ੍ਰਾਪਤੀ ਪਿੱਛੇ ਸਾਰੇ ਪਰਿਵਾਰ ਦੀ ਮਿਹਨਤ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਉਨ੍ਹਾਂ ਦੇ ਪਿਤਾ ਬਲਵਿੰਦਰ ਸਿੰਘ ਕਾਹਲੋਂ ਫੀਲਡ ਮੈਨੇਜਮੈਂਟ ਤੇ ਲੇਬਰ ਦੀ ਦੇਖ-ਰੇਖ ਕਰਦੇ ਹਨ, ਉੱਥੇ ਉਨ੍ਹਾਂ ਦੇ ਭਰਾ ਜਗਰੂਪ ਕਾਹਲੋਂ ਫਾਰਮ ਵਿੱਚ ਮਸ਼ੀਨਰੀ ਦੀ ਜ਼ਿੰਮੇਵਾਰੀ ਸੰਭਾਲਦਾ ਹੈ। ਉਸ ਨੇ ਦੱਸਿਆ ਕਿ ਅਸੀਂ ਕਿਸੇ ਪੱਕੀ ਫਸਲ 'ਤੇ ਨਿਰਭਰ ਨਹੀਂ ਸਗੋਂ ਮਾਰਕੀਟ ਵਿੱਚ ਵਧਦੇ ਭਾਅ ਵਾਲੀਆਂ ਫਸਲਾਂ ਦੀ ਬਿਜਾਈ ਕਰਦੇ ਹਾਂ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਉਹ ਹੋਰ ਵੀ ਵਧੀਆ ਢੰਗ ਤੇ ਨਵੀਂ ਤਕਨੀਕ ਨਾਲ ਖੇਤੀਬਾੜੀ ਕਰਨਗੇ।

## ਮੈਕਰੋ ਗਲੋਬਲ ਨੇ ਲਵਾਇਆ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ : ਡੱਲਾ



**ਜਗਰਾਉਂ (ਸੰਜੀਵ ਅਰੋੜਾ)**-ਆਈਲਟਸ ਤੇ ਇਮੀਗ੍ਰੇਸ਼ਨ ਸਰਵਿਸ ਦੇਣ ਵਿੱਚ ਪੰਜਾਬ ਦੀ ਮੰਨੀ ਪ੍ਰਮੰਨੀ ਸੰਸਥਾ ਮੈਕਰੋ ਗਲੋਬਲ ਅੱਜ-ਕੱਲ੍ਹ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ। ਸੰਸਥਾ ਦੇ ਐੱਮ. ਡੀ. ਗੁਰਮਿਲਾਪ ਸਿੰਘ ਡੱਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਦੇ ਤਜਰਬੇਕਾਰ ਤੇ ਮਿਹਨਤੀ ਸਟਾਫ਼ ਵੱਲੋਂ ਦਿੱਤੀਆਂ ਜਾ ਰਹੀਆਂ ਯੋਗ ਸੇਵਾਵਾਂ ਕਰਕੇ ਸੰਸਥਾ ਦੇ ਵਿਦਿਆਰਥੀ ਆਈਲਟਸ ਵਿੱਚ ਵਧੀਆ ਸਕੋਰ ਪ੍ਰਾਪਤ ਕਰ ਰਹੇ ਹਨ ਤੇ ਇਮੀਗ੍ਰੇਸ਼ਨ ਦੇ ਪਾਰਦਰਸ਼ੀ ਢੰਗ ਨਾਲ ਕੀਤੇ ਜਾ ਰਹੇ ਕੰਮ ਕਰਕੇ ਵੱਡੀ ਗਿਣਤੀ ਵਿੱਚ ਲਗਾਤਾਰ ਕੈਨੇਡਾ, ਆਸਟ੍ਰੇਲੀਆ, ਜਾਣ ਵਾਲੇ ਚਾਹਵਾਨ ਲੋਕਾਂ ਦੇ ਵਿਜ਼ਟਰ ਵੀਜ਼ੇ ਲੱਗ ਰਹੇ ਹਨ, ਜਿਨ੍ਹਾਂ 'ਚੋਂ ਰਣਜੀਤ ਕੌਰ ਖੰਡਲ ਨਿਵਾਸੀ ਸ਼ੇਖੂਪੁਰਾ, ਜ਼ਿਲ੍ਹਾ ਲੁਧਿਆਣਾ ਮੈਕਰੋ ਗਲੋਬਲ ਜਗਰਾਉਂ ਨੇ ਇਨ੍ਹਾਂ ਦਾ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ 15 ਦਿਨਾਂ ਵਿੱਚ ਲਗਵਾ ਕੇ ਦਿੱਤਾ ਹੈ। ਵੀਜ਼ੇ ਦੀ ਕਾਪੀ ਲੈਣ ਸਮੇਂ ਰਣਜੀਤ ਕੌਰ ਖੰਡਲ ਦੇ ਪਤੀ ਹਰਨੇਕ ਸਿੰਘ ਨੇ ਮੈਕਰੋ ਗਲੋਬਲ ਦੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਮਿਲਾਪ ਸਿੰਘ ਡੱਲਾ ਨੇ ਰਣਜੀਤ ਕੌਰ ਖੰਡਲ ਤੇ ਉਨ੍ਹਾਂ ਦੇ ਪਰਵਾਰ ਨੂੰ ਵਧਾਈ ਦਿੱਤੀ।

## ਆਨੰਦ'ਸ ਮੈਡੀਸਿਟੀ ਹਸਪਤਾਲ 'ਚ ਲਿਵਰ ਜਾਂਚ ਸੰਬੰਧੀ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਨੰਦ'ਸ ਮੈਡੀਸਿਟੀ ਹਸਪਤਾਲ ਵਿੱਚ ਲਿਵਰ ਫਾਈਬਰ ਸਕੈਨ ਜਾਂਚ ਕੈਂਪ ਲਗਾਇਆ ਗਿਆ, ਜਿਸ ਦਾ ਭਾਰੀ ਗਿਣਤੀ 'ਚ ਮਰੀਜ਼ਾਂ ਨੇ ਲਾਭ ਲਿਆ। ਕੈਂਪ ਵਿੱਚ 78 ਤੋਂ ਵੱਧ ਮਰੀਜ਼ਾਂ ਨੇ ਆਪਣੇ ਲਿਵਰ ਦੀ ਜਾਂਚ ਕਰਵਾਈ, ਜਿਨ੍ਹਾਂ ਦੀ ਐੱਮ.ਬੀ.ਬੀ.ਐੱਸ, ਐੱਮ.ਡੀ. (ਮੈਡੀਸਨ) ਡਾ. ਦੀਪ ਆਨੰਦ ਨੇ ਮੁਫ਼ਤ ਜਾਂਚ ਕੀਤੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡਾ. ਦੀਪ ਆਨੰਦ ਨੇ ਦੱਸਿਆ ਕਿ ਜਾਂਚ ਦੌਰਾਨ ਭਾਰੀ ਗਿਣਤੀ 'ਚ ਮਰੀਜ਼ਾਂ ਦਾ ਲਿਵਰ ਫੈਟੀ ਪਾਇਆ ਗਿਆ, ਜੋ ਕਿ ਸ਼ਰਾਬ ਦਾ ਸੇਵਨ ਵੱਧ ਕਰਨਾ ਤੇ ਜੰਕ ਫੂਡ ਖਾਣ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਲਿਵਰ ਸਾਡੇ ਸਰੀਰ ਦਾ ਅਹਿਮ ਅੰਗ ਹੈ, ਜਿਸ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ, ਜਿਸ ਲਈ ਸਾਨੂੰ ਕੇਵਲ ਪੌਸ਼ਟਿਕ ਅਹਾਰ ਖਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬੱਚੇ ਤੇ ਨੌਜਵਾਨ ਵੀ ਫੈਟੀ ਲਿਵਰ ਦਾ ਸ਼ਿਕਾਰ ਹੋ ਰਹੇ ਹਨ, ਇਸ ਲਈ ਮਾਪੇ ਉਨ੍ਹਾਂ ਨੂੰ ਕੇਵਲ ਵਧੀਆ ਭੋਜਨ ਦੇਣ। ਇਸ ਮੌਕੇ ਆਨੰਦ'ਸ ਮੈਡੀਸਿਟੀ ਹਸਪਤਾਲ ਦੇ ਚੇਅਰਮੈਨ ਸ਼ਕਤੀ ਆਨੰਦ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਲੋਕਾਂ ਦੀ ਸਹੂਲਤ ਲਈ ਅਜਿਹੇ ਕੈਂਪ ਹੋਰ ਲਗਾਏ ਜਾਣਗੇ।

## ਸੀਵਰੇਜ ਦੇ ਪਾਣੀ 'ਚੋਂ ਲੰਘਣ ਲਈ ਮਜਬੂਰ ਵਿਦਿਆਰਥੀ ਤੇ ਆਮ ਲੋਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਮੁਕਤਸਰ ਸ਼ਹਿਰ 'ਚ ਸੀਵਰੇਜ ਦੇ ਗੰਦੇ ਪਾਣੀ ਨੇ ਲੋਕਾਂ ਦਾ ਜਿਓਣਾ ਹਰਾਮ ਕੀਤਾ ਹੋਇਆ ਹੈ।ਗਲੀਆਂ 'ਚ ਫਿਰਦਾ ਗੰਦਾ ਪਾਣੀ ਰਹਿਣ ਵਾਲੀ ਲੋਕਾਂ ਅਤੇ ਰਾਹਗੀਰਾਂ ਲਈ ਡਾਢੀ ਮੁਸੀਬਤ ਬਣਿਆ ਹੈ।ਗਲੀਆਂ 'ਚ ਲੱਗੇ ਲਾਕ ਟਾਇਲਾਂ ਦੇ ਫਰਸ਼ ਇਸ ਪਾਣੀ ਕਾਰਣ ਤਿਲਕਵੇਂ ਹੋ ਜਾਂਦੇ ਹਨ, ਜਿਸ ਕਰਕੇ ਦੋ ਪਹੀਆ ਵਾਹਨ ਤੇ ਪੈਦਲ ਲੋਕ ਤਿਲਕੇ ਲੱਤਾਂ ਬਾਹਾਂ ਤੁੜਵਾ ਰਹੇ ਹਨ।ਅਜਿਹੇ ਹੀ ਹਾਲਤ ਖਾਲਸਾ ਸਕੂਲ ਚੌਕ ਦੇ ਹਨ, ਜਿੱਥੇ ਦਿਨ-ਰਾਤ ਸੀਵਰੇਜ ਵਿੱਚੋਂ ਗੰਦਾ ਪਾਣੀ ਲੀਕ ਹੋ ਕੇ ਗਲੀ ਵਿੱਚ ਤਿਲਕਣ ਕਰਦਾ ਰਹਿੰਦਾ ਹੈ।ਵਿਦਿਆਰਥੀ ਗੰਦੇ ਪਾਣੀ ਵਿੱਚੋਂ ਲੰਘਕੇ ਸਕੂਲ ਜਾਣ ਲਈ ਮਜਬੂਰ ਹਨ।ਸੀਵਰੇਜ ਵਿੱਚੋਂ ਪਾਣੀ ਚੱਲਦਾ ਕਰਨ ਲਈ ਮਹੀਨਿਆਂ ਬੱਧੀ ਕੋਈ ਕਰਮਚਾਰੀ ਨਹੀਂ ਬਹੁੜਦਾ।ਲੋਕਾਂ ਦੀ ਮੰਗ ਹੈ ਕਿ ਸੀਵਰੇਜ ਦੀ ਸਫਾਈ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ।

## ਗਣੇਸ਼ ਵਿਸਰਜਨ ਮੌਕੇ ਨੌਜਵਾਨ ਨਹਿਰ 'ਚ ਡਿੱਗਾ, ਭਾਲ ਜਾਰੀ



**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੀ ਸ਼ਾਮ ਨੂੰ ਮਲੋਟ ਦੇ ਕੁੱਝ ਸ਼ਰਧਾਲੂ ਸ੍ਰੀ ਗਣੇਸ਼ ਜੀ ਦਾ ਵਿਸਰਜਨ ਕਰਨ ਲਈ ਮਲੋਟ-ਬਠਿੰਡਾ ਰੋਡ ਤੋਂ ਗੁਜ਼ਰਦੀ ਸਰਹੰਦ ਨਹਿਰ ਵਿੱਚ ਗਏ ਸਨ ਤਾਂ ਇਸ ਮੌਕੇ ਇੱਕ ਨੌਜਵਾਨ ਨਹਿਰ ਵਿੱਚ ਰੁੜ੍ਹ ਗਿਆ, ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਸ਼ਹਿਰ ਦੇ ਸਤਨਾਮ ਨਗਰ ਦੇ ਰਹਿਣ ਵਾਲੇ ਨੌਜਵਾਨ ਦੇ ਪਿਤਾ ਰਾਜੇਸ਼ ਗਿਰੀ ਨੇ ਦੱਸਿਆ ਕਿ ਕੁੱਝ ਲੋਕ ਗਣੇਸ਼ ਜੀ ਦਾ ਵਿਸਰਜਨ ਕਰਨ ਗਏ ਸੀ ਤਾਂ ਉਨ੍ਹਾਂ ਦੇ 18 ਸਾਲ ਦਾ ਬੇਟਾ ਸੂਰਜ ਗਿਰੀ ਜਿਸ ਦਾ ਅੱਜ ਜਨਮ ਦਿਨ ਵੀ ਹੈ, ਅਚਾਨਕ ਨਹਿਰ ਵੀ ਰੁੜ੍ਹ ਗਿਆ। ਉਨ੍ਹਾਂ ਦੱਸਿਆ ਕਿ ਉਹ ਆਪਣੇ ਪੱਧਰ 'ਤੇ ਭਾਲ ਕਰ ਰਹੇ ਹਨ, ਪ੍ਰੰਤੂ ਉਹ ਨਹੀਂ ਮਿਲਿਆ। ਉਨ੍ਹਾਂ ਇਸ ਬਾਰੇ ਥਾਣਾ ਗਿੱਦੜਬਾਹਾ ਦੀ ਪੁਲਸ ਨੂੰ ਸੂਚਿਤ ਕੀਤਾ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਆਪਣੇ ਪੱਧਰ 'ਤੇ ਗੋਤਾਖੋਰਾਂ ਰਾਹੀਂ ਭਾਲ ਕਰੋ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਲੜਕੇ ਦੀ ਭਾਲ ਵਿਚ ਮੱਦਦ ਕੀਤੀ।

## 'ਚਾਨਣ ਰਿਸ਼ਮਾਂ' ਟੀਮ ਨੇ ਬਡਾਲੀ ਮਾਈ ਕੀ ਸਕੂਲ ਦਾ ਕੀਤਾ ਦੌਰਾ




**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਤੇ ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ 'ਚਾਨਣ ਰਿਸ਼ਮਾ' ਦੀ ਟੀਮ ਵੱਲੋਂ ਹਾਈ ਸਕੂਲ ਬਡਾਲੀ ਮਾਈ ਕੀ ਦਾ ਦੌਰਾ ਕੀਤਾ ਗਿਆ।ਇਸ ਟੀਮ ਵਿੱਚ ਕਾਥੀ ਆਸਟਰੀਆ ਤੋਂ, ਜੋਸਫ਼ ਯੁਗਾਂਡਾ (ਅਫਰੀਕਾ) ਤੋਂ, ਹੈਲਨ ਸਵੀਡਨ ਤੋਂ, ਆਸ਼ਾ ਇੰਗਲੈਂਡ ਤੋਂ, ਏਬਾ ਸਵੀਡਨ ਤੋਂ ਅਤੇ ਮਾਈਕਲ ਇੰਗਲੈਂਡ ਤੋਂ ਸ਼ਾਮਲ ਸਨ।ਇਨ੍ਹਾਂ ਤੋਂ ਇਲਾਵਾ ਇਸ ਟੀਮ ਵਿੱਚ ਸੁਨੀਤਾ ਮੈਨਨ, ਜਤਿਨ ਮੌਡਰ, ਪਾਲਿਨ ਗੋਮਸ, ਰਸ਼ਮੀ ਦਿਵੇਦੀ, ਅਰਵਿੰਦਰ ਸਿੰਘ ਤੇ ਮਨੀਸ਼ ਸ਼ਰਮਾ ਸ਼ਾਮਲ ਸਨ।ਇਸ ਟੀਮ ਦਾ ਮਨੋਰਥ ਲਿੰਗ ਸਮਾਨਤਾ ਨੂੰ ਪ੍ਰਮੋਟ ਕਰਨਾ ਤੇ ਲੜਕੀਆਂ ਦੀ ਸਮਾਜ ਵਿੱਚ ਬਰਾਬਰਤਾ ਕਾਇਮ ਰੱਖਣਾ ਹੈ।ਸਾਰੀ ਟੀਮ ਨੇ ਸਰਸ ਬਡਾਲੀ ਮਾਈ ਕੀ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਗੁਰਦਮਨਪ੍ਰੀਤ ਕੌਰ ਨੇ ਸਮੂਹ ਟੀਮ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਮਾਜ ਵਿੱਚ ਲਿੰਗ ਸਮਾਨਤਾ 'ਤੇ ਕੰਮ ਕਰਨ ਦੀ ਹਾਲੇ ਹੋਰ ਵੀ ਬੜੀ ਜ਼ਰੂਰਤ ਹੈ।

## ਸੀ ਆਈ ਏ ਸਟਾਫ ਵੱਲੋਂ ਅਸਲੇ ਸਮੇਤ 5 ਵਿਅਕਤੀ ਕਾਬੂ

**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ 5 ਵਿਅਕਤੀਆਂ ਨੂੰ ਸਮੇਤ ਕਾਰ ਕਾਰ ਫੋਰਡ ਇੰਡੇਵਰ ਨੰਬਰ ਸੀ ਐੱਚ 01 ਬੀ ਜੇ-0321 ਰੰਗ ਚਿੱਟਾ ਨੂੰ ਕਾਬੂ ਕਰਦੇ 08 ਦੇਸੀ ਪਿਸਟਲ 32 ਬੋਰ 16 ਰੌਂਦ ਜ਼ਿੰਦਾ 32 ਬੋਰ ਬਰਾਮਦ ਕੀਤੇ। ਬੀਤੀ 17 ਸਤੰਬਰ ਨੂੰ ਏ.ਐੱਸ.ਆਈ. ਅਸ਼ੋਕ ਕੁਮਾਰ ਸੀ.ਆਈ.ਏ ਸਟਾਫ ਮੋਗਾ ਸਮੇਤ ਪੁਲਸ ਪਾਰਟੀ ਦੇ ਗਸ਼ਤ ਬਾ ਤਲਾਸ਼ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਬੱਸ ਅੱਡਾ ਮਹਿਣਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਏ.ਐੱਸ.ਆਈ. ਅਸ਼ੋਕ ਕੁਮਾਰ ਨੂੰ ਇਤਲਾਹ ਦਿੱਤੀ ਕਿ ਸੁਖਚੈਨ ਸਿੰਘ ਉਰਫ ਸੁੱਖਾ ਪੁੱਤਰ ਗੁਰਪਿਆਰ ਸਿੰਘ ਵਾਸੀ ਜੰਡਾ ਵਾਲਾ ਥਾਣਾ ਨਹੀਆਂਵਾਲਾ ਜ਼ਿਲ੍ਹਾ ਬਠਿੰਡਾ ਜਿਸ ਖਿਲਾਫ ਕਾਫੀ ਮੁਕੱਦਮੇ ਦਰਜ ਹਨ ਤੇ ਜੋ ਹੁਣ ਫਰੀਦਕੋਟ ਜੇਲ੍ਹ ਵਿੱਚ ਬੰਦ ਹੈ, ਨੇ ਕਰਨਦੀਪ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਹਰੀਏਵਾਲਾ ਥਾਣਾ ਸਦਰ ਮਾਨਸਾ ਜ਼ਿਲ੍ਹਾ ਮਾਨਸਾ, ਗੁਰਲਾਲ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ ਭਲਾਈਕੇ ਥਾਣਾ ਝਨੀਰ ਜ਼ਿਲ੍ਹਾ ਮਾਨਸਾ, ਅਭਿਸ਼ੇਕ ਪੁੱਤਰ ਅਸ਼ੋਕ ਕੁਮਾਰ ਪੁੱਤਰ ਅਮਰਜੀਤ ਸਿੰਘ ਵਾਸੀ ਡੱਡੂ ਮਾਜਰਾ ਕਲੋਨੀ ਥਾਣਾ ਮਲੋਏ ਚੰਡੀਗੜ੍ਹ, ਰਾਕੇਸ਼ ਕੁਮਾਰ ਪੁੱਤਰ ਸੂਆ ਰਾਮ ਵਾਸੀ ਪਿੰਡ ਚੋਪੜਾ ਥਾਣਾ ਪਾਲੀ ਜ਼ਿਲ੍ਹਾ ਪਾਲੀ ਰਾਜਸਥਾਨ, ਅਮਿਤ ਥਾਪਾ ਪੁੱਤਰ ਲਛਮਣ ਥਾਪਾ ਵਾਸੀ ਮੰਡੀ ਗੋਬਿੰਦਗੜ੍ਹ ਥਾਣਾ ਮੰਡੀ ਗੋਬਿੰਦਗੜ੍ਹ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਨਜਾਇਜ਼ ਅਸਲੇ ਮੁਹੱਈਆ ਕਰਵਾਏ ਹਨ, ਜੋ ਉਕਤਾਨ ਵਿਅਕਤੀ ਨਜਾਇਜ਼ ਅਸਲਾ ਲੈ ਕੇ ਇਸ ਸਮੇਂ ਕਾਰ ਫੋਰਡ ਇੰਡੇਵਰ ਰੰਗ ਚਿੱਟਾ ਵਿੱਚ ਸਵਾਰ ਹੋ ਕੇ ਸਕਾਈਰਿੰਗ ਰੀਸੋਟ ਮੇਨ ਜੀ ਟੀ ਰੋਡ ਮੋਗਾ-ਲੁਧਿਆਣਾ ਨੇੜੇ ਖੜ ਕੇ ਕਿਸੇ ਦੀ ਉਡੀਕ ਕਰ ਰਹੇ ਹਨ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਉਕਤ ਵਿਅਕਤੀ ਨਜਾਇਜ਼ ਅਸਲੇ ਸਮੇਤ ਕਾਬੂ ਆ ਸਕਦੇ ਹਨ, ਜਿਸ 'ਤੇ ਸ ਥ ਅਸ਼ੋਕ ਕੁਮਾਰ ਵੱਲੋਂ ਉਕਤਾਨ ਵਿਅਕਤੀਆਂ ਖਿਲਾਫ ਮੁਕੱਦਮਾ ਥਾਣਾ ਮਹਿਣਾ ਦਰਜ ਕਰਵਾਇਆ ਤੇ ਮੁਖਬਰ ਵੱਲੋਂ ਦੱਸੀ ਜਗ੍ਹਾ 'ਤੇ ਰੇਡ ਕਰਕੇ ਕਥਿਤ ਦੋਸ਼ੀ ਕਰਨਦੀਪ ਸਿੰਘ, ਗੁਰਲਾਲ ਸਿੰਘ, ਅਭਿਸ਼ੇਕ, ਰਾਕੇਸ਼ ਕੁਮਾਰ ਤੇ ਅਮਿਤ ਥਾਪਾ ਉਕਤਾਨ ਨੂੰ ਸਮੇਤ ਕਾਰ ਫੋਰਡ ਇੰਡੇਵਰ ਰੰਗ ਚਿੱਟਾ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 8 ਪਿਸਟਲ ਦੇਸੀ 32 ਬੋਰ ਸਮੇਤ 16 ਰੌਂਦ 32 ਬੋਰ ਬਰਾਮਦ ਕੀਤੇ। ਦੋਸ਼ੀਆਂ ਨੂੰ ਜਾਬਤੇ ਅਨੁਸਾਰ ਮੁਕੱਦਮਾ ਉਕਤ ਵਿੱਚ ਗ੍ਰਿਫਤਾਰ ਕੀਤਾ ਗਿਆ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਐੱਸ.ਐੱਸ.ਪੀ. ਮੋਗਾ ਡਾ. ਅੰਕੁਰ ਗੁਪਤਾ ਤੇ ਹੋਰ ਪੁਲਸ ਅਧਿਕਾਰੀ।

## ਸਮੁੱਚੇ ਲੋੜਵੰਦ ਲੋਕਾਂ ਨੂੰ ਪਲਾਟ ਤੇ ਮਕਾਨ ਬਣਾ ਕੇ ਦੇਵੇ ਸਰਕਾਰ : ਚੌਹਾਨ/ਉੱਡਤ

### ਬਾਜੇ ਵਾਲਾ 'ਚ ਬਾਰਸ਼ਾਂ ਕਾਰਨ ਡਿੱਗੇ ਮਕਾਨਾਂ ਦੇ ਮੁਆਵਜ਼ੇ ਲਈ ਪੀੜਤਾਂ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)**

ਆਮ ਲੋਕਾਂ ਦੀ ਸਰਕਾਰ ਕਹਿ ਕੇ ਸੱਤਾ ਹਥਿਆਉਣ ਵਾਲੀ ਸੂਬੇ ਦੀ ਮਾਨ ਸਰਕਾਰ ਲੋੜਵੰਦ ਤੇ ਪੀੜਤ ਲੋਕਾਂ ਨੂੰ ਇਨਸਾਫ ਦੇਣ ਦੀ ਬਜਾਏ ਗੁੰਮਰਾਹ ਕਰ ਰਹੀ ਹੈ। ਆਮ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਨਿਰਾਸ਼ ਤੇ ਨਾਰਾਜ਼ ਦਿਖਾਈ ਦੇ ਰਹੇ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾ. ਕ੍ਰਿਸ਼ਨ ਸਿੰਘ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਪਿੰਡ ਬਾਜੇ ਵਾਲਾ 'ਚ ਬਾਰਸ਼ ਕਾਰਨ ਡਿੱਗੇ ਮਕਾਨਾਂ ਦੇ ਮੁਆਵਜ਼ੇ ਸਬੰਧੀ ਡਿਪਟੀ ਕਮਿਸ਼ਨਰ ਮਾਨਸਾ ਨੂੰ ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਸਮੁੱਚੇ ਲੋੜਵੰਦ ਲੋਕਾਂ ਲਈ 10-10 ਮਰਲੇ ਦੇ ਪਲਾਟ ਤੇ ਮਕਾਨ ਉਸਾਰੀ ਲਈ ਪੰਜ-ਪੰਜ ਲੱਖ ਜਾਰੀ ਕੀਤੇ ਜਾਣ। ਬਾਰਸ਼ਾਂ ਕਰਕੇ ਡਿੱਗੇ ਮਕਾਨਾਂ ਦੇ ਪੀੜਤਾਂ ਨੂੰ ਵੀਇਨਸਾਫ ਦਿੱਤਾ ਜਾਵੇ ਤੇ ਮੁਆਵਜ਼ੇ ਦੀ ਰਾਸ਼ੀ ਬਿਨਾਂ ਦੇਰੀ ਜਾਰੀ ਕੀਤੀ ਜਾਵੇ।

ਵਫਦ ਮੌਕੇ ਸੀ ਪੀ ਆਈ ਸਬ ਡਵੀਜ਼ਨ ਮਾਨਸਾ ਦੇ ਸਕੱਤਰ ਰੂਪ ਸਿੰਘ ਢਿੱਲੋਂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸਬ ਡਵੀਜ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਪੰਧੇਰ, ਪਿੰਡ ਇਕਾਈ ਦੇ ਪ੍ਰਧਾਨ ਬੂਟਾ ਸਿੰਘ ਬਾਜੇਵਾਲਾ ਨੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਬਾਰਸ਼ਾਂ ਕਰਕੇ ਡਿੱਗੇ ਮਕਾਨਾਂ ਦੇ ਮੁਆਵਜ਼ੇ ਲਈ ਪ੍ਰਸ਼ਾਸਨ ਵੱਲੋਂ ਕੋਈ ਪੜਤਾਲ ਨਹੀਂ ਕੀਤੀ ਗਈ ਅਤੇ ਨਾ ਹੀ ਡਿੱਗੇ ਮਕਾਨਾਂ ਦੇ ਹੋਏ ਨੁਕਸਾਨ ਲਈ ਕੋਈ ਅਧਿਕਾਰੀ ਹੀ ਪਹੁੰਚਿਆ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਗਰੀਬ ਲੋਕਾਂ ਦੀ ਆਰਥਿਕ ਮੰਦਹਾਲੀ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਸਹਾਇਤਾ ਕੀਤੀ ਜਾਵੇ। ਇਸ ਮੌਕੇ ਗਿੰਦਰ ਸਿੰਘ, ਪਾਲ ਸਿੰਘ, ਬਿੰਦਰ ਸਿੰਘ, ਕਰਮਜੀਤ ਕੌਰ, ਰਾਣੀ ਕੌਰ ਤੇ ਪਰਮਜੀਤ ਕੌਰ ਹਾਜ਼ਰ ਸਨ।




## ਕਾਮਰੇਡ ਬਲਵੀਰ ਸਿੰਘ ਔਲਖ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਕਾਮਰੇਡ ਬਲਵੀਰ ਸਿੰਘ ਔਲਖ ਦੇ ਜੱਦੀ ਪਿੰਡ ਸਹਿਜ ਪਾਠ ਦਾ ਭੋਗ ਤੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋਏ ਕਿਰਤੀ ਲੋਕਾਂ ਨੇ ਆਪਣੇ ਮਹਿਬੂਬ ਆਗੂ ਕਾਮਰੇਡ ਬਲਵੀਰ ਸਿੰਘ ਔਲਖ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਢਿਲਵਾਂ ਨੇ ਕਿਹਾ ਕਿ ਕਾਮਰੇਡ ਅਮੋਲਕ ਤੋਂ ਬਾਅਦ ਪਾਰਟੀ ਦਾ ਲਾਲ ਝੰਡਾ ਚੁੱਕਣ ਵਾਲਾ ਸਾਥੀ ਬਲਵੀਰ ਸਿੰਘ ਔਲਖ ਜੋ ਮਰਦੇ ਦਮ ਤੱਕ ਕਿਰਤੀ ਲੋਕਾਂ ਲਈ ਸੰਘਰਸ਼ ਕਰਦਾ ਰਿਹਾ।ਉਸ ਦੇ ਇਸ ਸੰਘਰਸ਼ ਨੂੰ ਕਿਰਤੀ ਲੋਕ ਹਮੇਸ਼ਾ ਯਾਦ ਰੱਖਣਗੇ। ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਆਗੂ ਕਾਮਰੇਡ ਜਗਰੂਪ ਸਿੰਘ ਨੇ ਵਿਸ਼ੇਸ਼ ਜ਼ਿਕਰ ਕਰਦਿਆਂ ਕਿਹਾ ਕਿ ਕਾਮਰੇਡ ਅਮੋਲਕ ਦੀ ਸ਼ਹੀਦੀ ਤੋਂ ਬਾਅਦ ਕਾਮਰੇਡ ਬਲਵੀਰ ਸਿੰਘ ਨੇ ਕਾਮਰੇਡ ਅਮੋਲਕ ਤੇ ਸਾਥੀਆਂ ਦੀਆਂ 30 ਬਰਸੀਆਂ ਨਾਲ ਲਗਾਤਾਰ ਭਾਰਤੀ ਕਮਿਊਨਿਸਟ ਪਾਰਟੀ ਤੇ ਕਾਮਰੇਡ ਅਮੋਲਕ ਦਾ ਝੰਡਾ ਬਰਕਰਾਰ ਰੱਖਿਆ।ਮੋਗਾ ਜ਼ਿਲ੍ਹੇ ਦੇ ਪਾਰਟੀ ਸਕੱਤਰ ਕਾਮਰੇਡ ਕੁਲਦੀਪ ਭੋਲਾ ਨੇ ਕਿਹਾ ਕਿ ਖੇਤ ਮਜ਼ਦੂਰਾਂ ਤੇ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਲਈ ਕਾਮਰੇਡ ਬਲਵੀਰ ਨੇ ਅਣਥੱਕ ਮਿਹਨਤ ਕੀਤੀ। ਉਨ੍ਹਾ ਕਿਹਾ ਕਿ ਹੁਣ ਕਿਰਤੀ ਲੋਕ ਆਗੂ ਕਾਮਰੇਡ ਬਲਵੀਰ ਦੀ ਇਸ ਲਹਿਰ ਨੂੰ ਹੋਰ ਤਕੜਾ ਕਰਨ ਲਈ ਇਕੱਠੇ ਹੋਣ।ਆਖਰ ਵਿੱਚ ਜ਼ਿਲ੍ਹਾ ਫਰੀਦਕੋਟ ਦੇ ਪਾਰਟੀ ਸਕੱਤਰ ਕਾਮਰੇਡ ਅਸ਼ੋਕ ਕੌਸ਼ਲ ਨੇ ਸਭਨਾਂ ਦਾ ਧੰਨਵਾਦ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਬਾਖੂਬੀ ਨਿਭਾਈ। ਇਸ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਤੋਂ ਇਲਾਵਾ ਹੋਰ ਵੀ ਭਰਾਤਰੀ ਜਥੇਬੰਦੀਆਂ ਰਾਜਨੀਤਕ ਪਾਰਟੀਆਂ ਸਮਾਜ ਸੇਵੀ ਸੰਸਥਾਵਾਂ ਦੀ ਨੁਮਾਇੰਦੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ।ਇਸ ਸਮੇਂ ਰੇਸ਼ਮ ਸਿੰਘ ਜਟਾਣਾ, ਰੇਸ਼ਮ ਸਿੰਘ ਮਤਾ, ਪੱਪੀ ਸਿੰਘ ਢਿਲਵਾਂ, ਮਨਜੀਤ ਕੌਰ ਨੱਥੇ ਵਾਲਾ, ਸ਼ਸ਼ੀ ਸ਼ਰਮਾ, ਗੁਰਚਰਨ ਮਾਨ, ਗੁਰਨਾਮ ਸਿੰਘ ਮਾਨੀ ਵਾਲਾ, ਵੀਰ ਸਿੰਘ ਕੰਮੇਆਣਾ, ਚਰਨਜੀਤ ਸਿੰਘ ਚਮੇਲੀ ਸੁਖਦਰਸ਼ਨ ਸ਼ਰਮਾ, ਮੁਖਤਿਆਰ ਭਾਣਾ, ਅਪਾਰ ਸੰਧੂ, ਅਸ਼ਵਨੀ ਕੁਮਾਰ, ਆਰਐੱਮਪੀ ਦੇ ਆਗੂ ਬਲਕਾਰ ਸਿੰਘ ਗੁਰਤੇਜ ਸਿੰਘ ਹਰੀਨੌ ਸਾਬਕਾ ਸਰਪੰਚ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਬਲਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੰਚ, ਸਰਪੰਚ ਤੇ ਇਲਾਕੇ ਭਰ ਦੇ ਲੋਕ ਹਾਜ਼ਰ ਸਨ।

## ਪੀ ਆਰ ਟੀ ਸੀ ਪੈਨਸ਼ਨਰਾਂ ਵੱਲੋਂ ਬਕਾਇਆਂ ਨੂੰ ਲੈ ਕੇ ਮੈਨੇਜਮੈਂਟ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ

**ਪਟਿਆਲਾ (ਨ ਜ਼ ਸ)**-ਇੱਥੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਪੀ.ਆਰ.ਟੀ.ਸੀ. ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਡਿੱਪੂਆਂ ਵੱਲੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ।ਵੱਖ-ਵੱਖ ਡਿੱਪੂਆਂ ਦੇ ਬੁਲਾਰਿਆਂ ਨੇ ਦਿਨੋਂ ਦਿਨ ਵਧਦੀ ਜਾ ਰਹੀ ਮਹਿੰਗਾਈ 'ਤੇ ਚਿੰਤਾ ਪ੍ਰਗਟ ਕਰਦਿਆਂ ਰਹਿੰਦੇ ਬਕਾਏ ਦੇਣ ਦੀ ਮੰਗ ਕੀਤੀ।ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ ਨਾ ਦੇਣ ਤੇ ਪੈਨਸ਼ਨਰਾਂ ਨੂੰ ਮੀਟਿੰਗ ਦਾ ਵਾਰ-ਵਾਰ ਸਮਾਂ ਦੇਣ ਦੇ ਬਾਵਜੂਦ ਮੀਟਿੰਗ ਸਬੰਧੀ ਟਾਲ ਮਟੋਲ ਕਰਨ ਤੇ ਪੰਜਾਬ ਸਰਕਾਰ ਵਿਰੁੱਧ ਪੁਰਜ਼ੋਰ ਨਾਅਰੇਬਾਜ਼ੀ ਹੋਈ।ਪੀ.ਆਰ.ਟੀ.ਸੀ. ਦੀ ਮੈਨੇਜਮੈਂਟ ਵੱਲੋਂ ਲੰਮੇ ਸਮੇਂ ਤੋਂ ਰਹਿੰਦੇ ਬਕਾਇਆਂ ਦੀ ਅਦਾਇਗੀ ਸਬੰਧੀ ਆਨਾ-ਕਾਨੀ ਕਰਨ 'ਤੇ ਮੈਨੇਜਮੈਂਟ ਵਿਰੁੱਧ ਵੀ ਜੰਮ ਕੇ ਭੜਾਸ ਕੱਢੀ ਗਈ।ਰੈਲੀ ਰੂਪੀ ਭਰਵੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਕਿਹਾ ਕਿ ਸਾਨੂੰ ਬਕਾਇਆਂ ਸਬੰਧੀ ਮੈਨੇਜਮੈਂਟ ਕੋਲ ਵਾਰ-ਵਾਰ ਜਾਣਾ ਪੈਂਦਾ ਹੈ, ਪ੍ਰੰਤੂ ਮੈਨੇਜਮੈਂਟ ਗੱਲਾਂ ਬਾਤਾਂ ਨਾਲ ਸਾਰ ਕੇ ਸਮਾਂ ਟਪਾ ਰਹੀ ਹੈ ਅਤੇ ਸਾਡੇ ਬਕਾਏ ਲੰਮੇ ਸਮੇਂ ਤੋਂ ਦੱਬੇ ਪਏ ਹਨ, ਜੇਕਰ ਉਦੋਂ ਤੋਂ ਵਿਆਜ ਲਾਇਆ ਜਾਵੇ ਤਾਂ ਇਹ ਚਾਰ ਚੁਣਾਂ ਬਣਦੇ ਹਨ।ਉਨ੍ਹਾਂ ਕਿਹਾ ਕਿ ਮੈਨੇਜਮੈਂਟ ਦੀ ਬਦਨੀਤੀ ਤੇ ਸਾਨੂੰ ਪੂਰਾ-ਪੂਰਾ ਸ਼ੱਕ ਹੈ।ਉਨ੍ਹਾਂ ਕਿਹਾ ਕਿ ਖਤਰਾ ਹੈ ਕਿ ਕਿਤੇ ਸਾਡੀ ਪੈਨਸ਼ਨ ਨੂੰ ਵੀ ਖੋਰਾ ਨਾ ਲੱਗ ਜਾਵੇ।ਉਨ੍ਹਾਂ ਨੇ ਸਮੂਹ ਇਕੱਠ ਨੂੰ ਸੰਬੋਧਨ ਕਰਦਿਆਂ ਸੰਘਰਸ਼ ਲਈ ਤਿਆਰ ਹੋਣ ਲਈ ਕਿਹਾ।ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਕਿਹਾ ਕਿ ਰੰਗਲੇ ਪੰਜਾਬ ਦਾ ਸੁਪਨਾ ਦਿਖਾਉਣ ਵਾਲੀ ਸਰਕਾਰ ਦੇ ਰਾਜ ਵਿੱਚ ਮਹਿੰਗਾਈ ਅਸਮਾਨ ਛੂਹ ਰਹੀ ਹੈ, ਮੰਤਰੀ ਤੇ ਐੱਮ.ਐੱਲ.ਏ. ਅਨੰਦ ਮਾਣ ਰਹੇ ਹਨ।ਕਰਮਚਾਰੀ, ਪੈਨਸ਼ਰਜ਼ ਤੇ ਗਰੀਬ ਲੋਕ ਪੀੜੇ ਜਾ ਰਹੇ ਨੇ ਲੁੱਟ ਦਿਨ ਪ੍ਰਤੀ ਦਿਨ ਵਧ ਰਹੀ ਹੈ। ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨਿੱਜੀਕਰਨ ਦੇ ਰਾਹ 'ਤੇ ਤੁਰੀ ਹੋਈ ਹੈ।ਤਰ੍ਹਾਂ-ਤਰ੍ਹਾਂ ਦੇ ਟੈਕਸ ਲਾ ਕੇ ਪਬਲਿਕ ਦਾ ਕਚੂਮਰ ਕੱਢਿਆ ਜਾ ਰਿਹਾ ਹੈ।ਉਪਰੋਕਤ ਤੋਂ ਇਲਾਵਾ ਮੀਟਿੰਗ ਨੂੰ ਸਰਵਸ੍ਰੀ ਬਚਨ ਸਿੰਘ ਅਰੋੜਾ, ਜਨਰਲ ਸਕੱਤਰ ਕੇਂਦਰੀ ਬਾਡੀ, ਬਚਿੱਤਰ ਸਿੰਘ ਲੁਧਿਆਣਾ, ਭਜਨ ਸਿੰਘ ਚੰਡੀਗੜ੍ਹ, ਕਾਲਾ ਰਾਮ ਕੋਟਕਪੂਰਾ, ਫਰੀਦਕੋਟ, ਪ੍ਰੀਤਮ ਸਿੰਘ ਬਰਾੜ ਬਠਿੰਡਾ, ਸੁਖਦੇਵ ਸਿੰਘ ਬੁੱਢਲਾਡਾ, ਮਾਲਵਿੰਦਰ ਸਿੰਘ ਬਰਨਾਲਾ, ਜੋਗਿੰਦਰ ਸਿੰਘ, ਸ਼ਿਵ ਕੁਮਾਰ ਪਟਿਆਲਾ, ਗੁਰਮੀਤ ਸਿੰਘ ਕਪੂਰਥਲਾ, ਬਲਵੰਤ ਸਿੰਘ ਜੋਗਾ ਸੰਗਰੂਰ ਨੇ ਵੀ ਸੰਬੋਧਨ ਕੀਤਾ।ਸਟੇਜ ਦੀ ਜ਼ਿੰਮੇਵਾਰੀ ਬਚਨ ਸਿੰਘ ਅਰੋੜਾ ਨੇ ਬਾਖੂਬੀ ਨਿਭਾਈ।

## ਸੁਖਮਨੀ ਸਾਹਿਬ ਦੇ ਪਾਠ ਨਾਲ ਬਾਬਾ ਫਰੀਦ ਮੇਲੇ ਦੀ ਹੋਈ ਸ਼ੁਰੂਆਤ

### ਟਿੱਲਾ ਬਾਬਾ ਫਰੀਦ ਵਿਖੇ ਸੰਧਵਾਂ, ਵਿਧਾਇਕ, ਡੀ ਸੀ, ਡੀ ਆਈ ਜੀ ਤੇ ਐੱਸ ਐੱਸ ਪੀ ਹੋਏ ਨਤਮਸਤਕ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ, ਗੁਰਪ੍ਰੀਤ ਬੇਦੀ)**-ਬਾਬਾ ਸ਼ੇਖ ਫ਼ਰੀਦ ਜੀ ਆਗਮਨ ਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਵਿਖੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਤੇ ਕੀਰਤਨ ਨਾਲ ਮੇਲੇ ਦਾ ਆਗਜ਼ ਹੋਇਆ।ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਟਿੱਲਾ ਬਾਬਾ ਫ਼ਰੀਦ ਵਿਖੇ ਨਤਮਸਤਕ ਹੋ ਕੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍. ਕੁਲਤਾਰ ਸਿੰਘ ਸੰਧਵਾਂ, ਐੱਮ.ਐੱਲ.ਏ ਸ੍. ਗੁਰਦਿੱਤ ਸਿੰਘ ਸੇਖੋਂ, ਡੀ ਸੀ ਸ੍ਰੀ ਵਿਨੀਤ ਕੁਮਾਰ ਤੇ ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ, ਡੀ.ਆਈ.ਜੀ. ਸ੍ਰੀ ਅਸ਼ਵਨੀ ਕੁਮਾਰ ਟਿੱਲਾ ਬਾਬਾ ਫਰੀਦ ਵਿਖੇ ਸੁਖਮਨੀ ਸਾਹਿਬ ਦੇ ਪਾਠ ਸਮਾਗਮ ਵਿੱਚ ਸ਼ਾਮਲ ਹੋ ਕੇ ਨਤਮਸਤਕ ਹੋਏ।ਸੰਗਤਾਂ ਨੂੰ ਸੰਬੋਧਨ ਹੁੰਦਿਆਂ ਸਪੀਕਰ ਸ੍. ਕੁਲਤਾਰ ਸਿੰਘ ਨੇ ਕਿਹਾ ਕਿ ਬਾਬਾ ਫਰੀਦ ਦੀ ਬਾਣੀ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੀ ਹੈ।ਸੰਸਾਰ ਵਿੱਚ ਬਾਬਾ ਫਰੀਦ ਨੂੰ ਸ਼ੱਕਰਗੰਜ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦਾ ਮਤਲਬ ਹੈ, ਮਿਠਾਸ ਦਾ ਖਜ਼ਾਨਾ।ਉਨ੍ਹਾ ਕਿਹਾ ਕਿ ਬਾਬਾ ਫਰੀਦ ਜੀ ਦੀ ਜ਼ੁਬਾਨ ਵਿੱਚ ਏਨੀ ਮਿਠਾਸ ਸੀ ਕਿ ਉਹ ਹਰ ਵਿਅਕਤੀ ਤੇ ਵਰਗ ਨੂੰ ਆਪਣੀ ਮਿਠਾਸ ਨਾਲ ਕੀਲ੍ਹ ਲੈਂਦੇ ਸਨ।ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਫ਼ਰੀਦ ਮੇਲੇ ਦਾ ਹਿੱਸਾ ਬਣ ਕੇ ਮਨੁੱਖਤਾ ਦੀ ਸੇਵਾ, ਸ਼ਹਿਰ ਦੀ ਸਫ਼ਾਈ ਆਦਿ ਦਾ ਵਿਸ਼ੇਸ਼ ਖਿਆਲ ਰੱਖਣ।ਹਲਕਾ ਵਿਧਾਇਕ ਸ੍. ਗੁਰਦਿੱਤ ਸਿੰਘ ਸੇਖੋਂ ਨੇ ਸ਼ਹਿਰ ਵਾਸੀਆਂ ਨੂੰ ਬਾਬਾ ਫ਼ਰੀਦ ਆਗਮਨ ਪੁਰਬ ਦੀਆਂ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਫ਼ਰੀਦ ਜੀ ਮਹਾਨ ਸੂਫ਼ੀ ਸੰਤ ਸਨ, ਜਿਨ੍ਹਾਂ ਦੀ ਬਾਣੀ ਸਾਨੂੰ ਮਾਨਸਿਕ, ਆਤਮਿਕ ਤੌਰ 'ਤੇ ਤ੍ਰਿਪਤ ਕਰਦੀ ਹੈ।ਡਿਪਟੀ ਕਮਿਸ਼ਰ ਸ੍ਰੀ ਵਿਨੀਤ ਕੁਮਾਰ ਨੇ ਕਿਹਾ ਕਿ ਪੰਜਾਬ ਦੇ ਪਹਿਲੇ ਸੂਫੀ ਕਵੀ ਬਾਬਾ ਫਰੀਦ ਦੀ ਬਾਣੀ 851 ਸਾਲਾਂ ਬਾਅਦ ਵੀ ਲੋਕਾਂ ਦੇ ਜ਼ਿਹਨ ਵਿੱਚ ਉਸੇ ਹੀ ਤਾਕਤ ਨਾਲ ਗੂੰਜ ਰਹੀ ਹੈ ਤੇ ਹਿੰਦੂ ਸਿੱਖ ਮੁਸਲਮਾਨ ਅਤੇ ਹੋਰ ਵਰਗ ਦੇ ਲੋਕਾਂ ਲਈ ਵੀ ਪ੍ਰੇਰਨਾ ਦਾ ਸਰੋਤ ਬਣੀ ਹੋਈ ਹੈ।ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਇਸ ਵਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਕਿਸਮ ਦੇ ਪਲਾਸਟਿਕ ਦੀ ਮੇਲੇ ਵਿੱਚ ਵਰਤੋਂ ਨਾ ਕੀਤੀ ਜਾਵੇ ਤੇ ਸਫ਼ਾਈ ਦਾ ਖਾਸ ਖਿਆਲ ਰੱਖਿਆ ਜਾਵੇ।ਇਸ ਮੌਕੇ ਸ੍. ਸੰਦੀਪ ਸਿੰਘ ਧਾਲੀਵਾਲ ਰਾਜ ਸੂਚਨਾ ਕਮਿਸ਼ਨ, ਬੇਅੰਤ ਕੌਰ ਪਤਨੀ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਨਰਿੰਦਰ ਸਿੰਘ ਨਿੰਦਾ, ਐੱਸ ਪੀ ਜਸਮੀਤ ਸਿੰਘ, ਸੁਰਿੰਦਰ ਸਿੰਘ ਰੋਮਾਣਾ, ਡਾ. ਗੁਰਿੰਦਰ ਮੋਹਨ, ਸਿਮਰਜੀਤ ਸਿੰਘ ਸੇਖੋਂ, ਪਲਇੰਦਰ ਸਿੰਘ ਸੇਖੋਂ ਤੋਂ ਇਲਾਵਾ ਬਾਬਾ ਫ਼ਰੀਦ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸਰਕਾਰ ਕਿਸਾਨਾਂ ਨੂੰ ਡੂੰਘੇ ਸੰਕਟ 'ਚ ਧੱਕਣ ਦੇ ਰੌਅ 'ਚ : ਕਮਾਲਪੁਰਾ/ਘੁਡਾਣੀ

**ਜਗਰਾਉਂ (ਸੰਜੀਵ ਅਰੋੜਾ)**-ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੀ ਇਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਦੀ ਅਗਵਾਈ ਹੇਠ ਹੋਈ, ਜਿਸ ਦੌਰਾਨ ਸੂਬਾ ਪੰਜਾਬ ਦੇ ਮੀਤ ਪ੍ਰਧਾਨ ਰਾਜਵੀਰ ਸਿੰਘ ਘੁਡਾਣੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਮੀਟਿੰਗ ਸਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਕਿਹਾ ਕਿ ਪੰਜਾਬ ਸਰਕਾਰ ਖੇਤੀਬਾੜੀ ਸੈਕਟਰ ਲਈ ਜ਼ਰਾ ਵੀ ਗੰਭੀਰ ਨਹੀਂ, ਜਿਸ ਕਾਰਨ ਪਹਿਲਾਂ ਹੀ ਆਰਥਿਕ ਮੰਦਹਾਲੀ ਨਾਲ ਜੂਝ ਰਹੀ ਪੰਜਾਬ ਦੀ ਕਿਸਾਨੀ ਹੋਰ ਡੂੰਘੇ ਸੰਕਟ ਦਾ ਸ਼ਿਕਾਰ ਹੋਣ ਜਾ ਰਹੀਂ ਹੈ। ਇਸ ਸਮੇਂ ਆਲੂਆਂ ਦੀ ਬੀਜਾਈ ਬਿਲਕੁਲ ਸਿਰ 'ਤੇ ਹੈ ਤੇ ਕਣਕ ਦੀ ਫਸਲ ਦੀ ਬਿਜਾਈ ਵੀ ਬਿਲਕੁਲ ਨੇੜੇ ਹੈ, ਜਦਕਿ ਡੀਏਪੀ ਖਾਦ ਦੀ ਕਿੱਲਤ ਆ ਰਹੀ ਹੈ ਅਤੇ ਜੇਕਰ ਥੋੜ੍ਹਾ ਬਹੁਤ ਮਿਲ ਰਿਹਾ ਤਾਂ ਖਾਦ ਕੰਪਨੀਆਂ ਬੇਲੋੜਾ ਮਹਿੰਗੇ ਭਾਅ ਦਾ ਫਾਲਤੂ ਸਾਮਾਨ ਕਿਸਾਨਾਂ ਨੂੰ ਧੱਕੇ ਨਾਲ ਦੇ ਰਹੇ ਹਨ। ਇਸ ਤੋਂ ਡੀਏਪੀ ਖਾਦ ਦੇ ਸੈਂਪਲ ਫੇਲ੍ਹ ਹੋ ਗਏ, ਜਦਕਿ ਜਦੋਂ ਸਰਕਾਰ ਨੇ ਸੈਂਪਲ ਲਏ ਉਸ ਟਾਈਮ ਤੱਕ ਕਿਸਾਨ ਖਾਦ ਖ਼ੀਦ ਕੇ ਖੇਤਾਂ ਵਿੱਚ ਪਾ ਚੁੱਕੇ ਸਨ। ਇਸ ਕਾਰਨ ਕਿਸਾਨੀ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਸਮੇਂ ਕਿਸਾਨ ਆਗੂਆਂ ਨੇ ਦੱਸਿਆ ਕਿ ਝੋਨੇ ਦੀ ਖਰੀਦ ਬਿਲਕੁਲ ਨੇੜੇ ਹੈ, ਜਦਕਿ ਸ਼ੈਲਰਾਂ ਵਿੱਚ ਅੱਜ ਤੱਕ ਵੀ ਝੋਨਾ ਲੱਗਿਆ ਹੋਇਆ ਹੈ ਤੇ ਫੂਡ ਸਪਲਾਈ ਵਿਭਾਗ ਦੇ ਗੋਦਾਮ ਵੀ ਭਰੇ ਪਏ ਹਨ, ਜਿਸ ਕਾਰਨ ਜੋ ਨਵੀਂ ਫਸਲ ਝੋਨੇ ਦੀ ਆਉਣੀ ਹੈ, ਉਹ ਮੰਡੀਆਂ ਵਿੱਚ ਰੁਲੇਗੀ। ਇਨ੍ਹਾਂ ਸਾਰੇ ਕਿਸਾਨੀ ਮਸਲਿਆਂ ਨੂੰ ਸੁੱਤੀ ਪਈ ਸਰਕਾਰ ਦੇ ਕੰਨ ਖੋਲ੍ਹਣ ਲਈ ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਦਾ 23 ਸਤੰਬਰ ਨੂੰ ਵੱਡੇ ਪੱਧਰ 'ਤੇ ਘਿਰਾਓ ਕਰਨ ਦਾ ਐਲਾਨ ਕੀਤਾ। ਇਸ ਸਮੇਂ ਬਲਾਕ ਮੁੱਲਾਂਪੁਰ ਪ੍ਰਧਾਨ ਗਗਨਦੀਪ ਸਿੰਘ ਪਮਾਲੀ, ਬਲਾਕ ਪ੍ਰਧਾਨ ਦੋਰਾਹਾ ਗਗਨ ਸਿੰਘ ਘੁਡਾਣੀ, ਮਨਜਿੰਦਰ ਸਿੰਘ ਲਾਡੀ ਬੱਸੀਆਂ, ਅਮਨਜੋਤ ਸਿੰਘ ਰਾਜੂ ਪਮਾਲੀ, ਮਾ. ਕਰਨੈਲ ਸਿੰਘ ਹੇਰਾਂ, ਪ੍ਰਦੀਪ ਸੁਖਾਣਾ, ਅਤਿੰਦਰਪਾਲ ਸਿੰਘ ਮੋਹੀ, ਕੁਲਵਿੰਦਰ ਸਿੰਘ ਪਮਾਲ, ਅਮਰਪਾਲ ਸਿੰਘ ਲਲਤੋਂ, ਜਸਦੇਵ ਸਿੰਘ ਭੀਮਾ ਲਲਤੋਂ ਕਲਾਂ, ਜਸਵੰਤ ਸਿੰਘ ਭਨੋਹੜ, ਵਰਿੰਦਰ ਸਿੰਘ ਬੰਟੀ ਭੱਠਲ ਤੇ ਗੁਰਪ੍ਰੀਤ ਸਿੰਘ ਗੁਰੀ ਘੁਡਾਣੀ ਆਦਿ ਹਾਜ਼ਰ ਸਨ।



## ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ.ਐੱਸ.ਯੂ. ਦੇ ਸਾਬਕਾ ਆਗੂ ਤੇ ਸੋਸ਼ਲ ਮੀਡੀਆ ਉੱਪਰ ਸਿਆਸੀ ਮਸਲਿਆਂ 'ਤੇ ਲਗਾਤਾਰ ਆਪਣੀ ਰਾਏ ਰੱਖਦੇ ਆ ਰਹੇ ਮਾਲਵਿੰਦਰ ਸਿੰਘ ਮਾਲੀ ਨੂੰ ਪੰਜਾਬ ਪੁਲਸ ਵੱਲੋਂ ਗ੍ਰਿਫ਼ਤਾਰ ਕਰਨ ਦੀ ਇਨਕਲਾਬੀ ਕੇਂਦਰ ਪੰਜਾਬ ਨੇ ਸਖਤ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਮੁਖਤਿਆਰ ਪੂਹਲਾ, ਜਸਵੰਤ ਜੀਰਖ ਤੇ ਜਗਜੀਤ ਲਹਿਰਾ ਮੁਹੱਬਤ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਾਲਵਿੰਦਰ ਮਾਲੀ ਦੀ ਭਾਸ਼ਾ ਤੇ ਨਿੱਜੀ ਵਿਚਾਰਾਂ ਨਾਲ ਸਹਿਮਤੀ-ਅਸਹਿਮਤੀ ਦੇ ਬਾਵਜੂਦ ਉਨ੍ਹਾਂ ਦੀ ਸਰਕਾਰੀ ਸ਼ਹਿ 'ਤੇ ਹੋਈ ਗ੍ਰਿਫ਼ਤਾਰੀ ਸਰਾਸਰ ਗਲਤ ਹੈ। ਮੋਹਾਲੀ ਪੁਲਸ ਵੱਲੋਂ ਸਰਕਾਰ ਦੀ ਸ਼ਹਿ 'ਤੇ ਉਨ੍ਹਾਂ ਉੱਪਰ ਸੂਚਨਾ ਤਕਨੀਕ ਐਕਟ ਦੀ ਧਾਰਾ 67 ਤਹਿਤ (ਐੱਫ. ਆਈ ਆਰ. ਦੇ ਅਧਾਰ 'ਤੇ) ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਧਾਰਾ ਤਹਿਤ ਅਸ਼ਲੀਲ ਸਮੱਗਰੀ ਦਾ ਪ੍ਰਕਾਸ਼ਨ ਜਾਂ ਪ੍ਰਸਾਰਨ ਕਰਨਾ ਇੱਕ ਅਪਰਾਧ ਹੈ। ਜਾਹਰਾ ਤੌਰ 'ਤੇ ਪੰਜਾਬ ਦੀ ਹਾਕਮ ਧਿਰ ਵੱਲੋਂ ਮਾਲੀ ਦੇ ਵਿਚਾਰ ਹਜ਼ਮ ਨਾ ਹੋਣ ਕਰਕੇ ਇਸ ਧਾਰਾ ਤਹਿਤ ਮਾਲੀ ਉੱਪਰ ਕਾਰਵਾਈ ਕਰਵਾਈ ਗਈ ਹੈ। ਮਾਲੀ ਦੀ ਫੇਸਬੁੱਕ ਪ੍ਰੋਫਾਈਲ ਸਰਸਰੀ ਜਿਹੀ ਖੰਗਾਲ ਕੇ ਇਸ ਗੱਲ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਕਿ ਇਹ ਧਾਰਾ ਕਿਉਂ ਲਗਾਈ ਗਈ ਹੈ ? ਆਗੂਆਂ ਨੇ ਕਿਹਾ ਕਿ ਮਿਹਨਤਕਸ਼ ਲੋਕਾਈ ਨੂੰ ਭਗਵੰਤ ਮਾਨ ਸਰਕਾਰ ਸਮੇਤ ਹਰ ਹਕੂਮਤ ਦੇ ਲੋਕ ਵਿਰੋਧੀ ਕਿਰਦਾਰ ਨੂੰ ਸਮਝਣਾ ਚਾਹੀਦਾ ਹੈ, ਜੋ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਲੋਕ ਹਿੱਤਾਂ ਨੂੰ ਦਰਕਨਾਰ ਕਰਕੇ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਭੁਗਤਣ ਦਾ ਸੰਦ ਬਣ ਜਾਂਦੇ ਹਨ। ਆਗੂਆਂ ਨੇ ਮਾਲਵਿੰਦਰ ਮਾਲੀ ਦੀ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪੰਜਾਬ ਦੇ ਇਨਸਾਫ਼ ਪਸੰਦ ਲੋਕਾਂ ਨੂੰ ਇਨ੍ਹਾਂ ਗਲ-ਘੋਟੂ ਕਾਨੂੰਨਾਂ ਤੇ ਇਨ੍ਹਾਂ ਲੋਕ ਵਿਰੋਧੀ ਮਨਸੂਬਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

## ਕੁਲਰੀਆਂ ਦੇ ਸਰਪੰਚ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਰੋਸ ਮਾਰਚ

**ਬਰੇਟਾ (ਰੀਤਵਾਲ)**-ਪਿੰਡ ਕੁਲਰੀਆਂ ਦੇ ਸਰਪੰਚ ਰਾਜਵੀਰ ਸਿੰਘ ਰਾਜੂ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਆਪਣੇ ਪਿੰਡ ਕੁਲਰੀਆਂ ਤੋਂ ਲੈ ਕੇ ਬਰੇਟਾ ਤੱਕ ਰੋਸ ਮਾਰਚ ਕੱਢਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਰਾਜਵੀਰ ਸਿੰਘ ਨੇ ਇਸ ਰੋਸ ਮਾਰਚ ਕੱਢਣ ਨੂੰ ਲੈ ਕੇ ਕਿਹਾ ਕਿ ਮੇਰੇ ਪਿੰਡ ਅੱਜ ਤੋਂ ਲੱਗਭਗ ਡੇਢ ਸਾਲ ਪਹਿਲਾਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੇ ਹੁਕਮਾਂ ਤਹਿਤ ਪੰਚਾਇਤੀ ਜ਼ਮੀਨ ਛੱਡਵਾਈ ਗਈ ਅਤੇ ਉਸ ਸਮੇਂ ਮੈਂ ਮੌਕੇ 'ਤੇ ਮੌਜੂਦਾ ਸਰਪੰਚ ਸੀ।ਜ਼ਮੀਨ ਛੱਡਵਾਉਣ ਦੀ ਖਹਿ ਨੂੰ ਲੈ ਕੇ ਸਾਡੇ ਪਿੰਡ ਦੇ ਕੁਝ ਧਨਾਢ ਲੋਕਾਂ ਤੇ ਭੂ-ਮਾਫੀਆ ਅਤੇ ਇੱਕਾ ਦੁੱਕਾ ਜਥੇਬੰਦੀ ਦੇ ਆਗੂਆਂ ਨੇ ਪੰਚਾਇਤੀ ਜ਼ਮੀਨ ਰੋਕਣ ਵਾਲੇ ਲੋਕਾਂ ਦਾ ਸਾਥ ਦੇ ਕੇ ਤੇ ਉਨ੍ਹਾਂ ਨੂੰ ਮੇਰੇ ਖਿਲਾਫ਼ ਭੜਕਾ ਕੇ ਇਹ ਕਿਹਾ ਗਿਆ ਕਿ ਇਹ ਸਾਰਾ ਕੁਝ ਤੁਹਾਡੇ ਪਿੰਡ ਦਾ ਸਰਪੰਚ ਕਰਵਾ ਰਿਹਾ ਹੈ, ਜਦਕਿ ਇਹ ਤੁਹਾਡੀ ਜੱਦੀ ਥਾਂ ਹੈ।ਸਰਪੰਚ ਨੇ ਕਿਹਾ ਕਿ ਅਜਿਹੇ ਲੋਕਾਂ ਨੇ ਕੁਝ ਦਿਨਾਂ ਬਾਅਦ ਮੇਰੇ ਤੇ ਮੇਰੇ ਸਾਥੀਆਂ 'ਤੇ ਹਮਲਾ ਵੀ ਕਰਾ ਦਿੱਤਾ ਅਤੇ ਸਾਡੇ ਤੇ ਝੂਠੇ ਪਰਚੇ ਵੀ ਦਰਜ ਕਰਵਾ ਦਿੱਤੇ, ਜਿਸ ਦੇ ਰੋਸ ਵਜੋਂ ਅੱਜ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਰੋਸ ਮਾਰਚ ਕੱਢਿਆ ਗਿਆ ਹੈ।ਸਰਪੰਚ ਨੇ ਦੱਸਿਆ ਕਿ ਇਹ ਕਾਬਜ਼ ਕੀਤੀ ਗਈ ਜ਼ਮੀਨ 71 ਏਕੜ ਦੇ ਕਰੀਬ ਹੈ।ਰਾਜਵੀਰ ਸਿੰਘ ਨੇ ਕਿਹਾ ਕਿ ਅੱਜ ਸਾਡੇ ਵੱਲੋਂ ਬਰੇਟਾ ਦੇ ਥਾਣਾ ਮੁਖੀ ਅਮਰੀਕ ਸਿੰਘ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ ਕਿ ਸਾਡੇ 'ਤੇ ਕੀਤੇ ਝੂਠੇ ਪਰਚੇ ਰੱਦ ਕੀਤੇ ਜਾਣ, ਨਹੀਂ ਤਾਂ ਆਉਣ ਵਾਲੇ ਦਿਨਾਂ 'ਚ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਪੁਲਸ ਵੱਲੋਂ ਸਾਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਤੁਹਾਡੇ 'ਤੇ ਕੀਤੇ ਗਏ ਪਰਚੇ ਰੱਦ ਕੀਤੇ ਜਾਣ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਸਹੀ ਦੋਸ਼ੀਆਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਅਖੀਰ 'ਚ ਸਰਪੰਚ ਰਾਜਵੀਰ ਸਿੰਘ ਵੱਲੋਂ ਸਾਰੇ ਪਿੰਡ ਵਾਸੀਆਂ ਦਾ ਸਾਥ ਦੇਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



## ਕਾਮਰੇਡ ਸੀਤਾ ਰਾਮ ਯੇਚੁਰੀ ਨਮਿੱਤ ਸ਼ਰਧਾਂਜਲੀ ਸਮਾਰੋਹ

### ਸੀ ਪੀ ਆਈ ਤੇ ਸੀ ਪੀ ਐੱਮ ਨੇ ਕੀਤੇ ਸ਼ਰਧਾ ਦੇ ਫੁੱਲ ਅਰਪਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਸ਼ਰਧਾਂਜਲੀ ਦੇਣ ਲਈ ਅੱਜ ਪਟਿਆਲਾ ਵਿੱਚ ਜ਼ਿਲ੍ਹਾ ਪੱਧਰ ਉੱਤੇ ਸੀਪੀਆਈ (ਐੱਮ) ਤੇ ਸੀਪੀਆਈ ਵੱਲੋਂ ਸਾਂਝੇ ਤੌਰ ਉੱਤੇ ਦੋਸਤੀ ਭਵਨ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ।ਇੱਥੇ ਭਰਵੇਂ ਇਕੱਠ ਨੂੰ ਅਰਥ ਸ਼ਾਸਤਰੀ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਉਨ੍ਹਾਂ ਦੇ ਜੀਵਨ ਬਾਰੇ ਲੋਕ-ਪੱਖੀ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡਾ. ਟਿਵਾਣਾ ਨੇ ਪੰਜਾਬੀ ਯੂਨੀਵਰਸਿਟੀ ਅਧਿਆਪਕਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਵੱਲੋਂ ਸ਼ੋਕ ਸੰਦੇਸ਼ ਪੜ੍ਹਿਆ।ਸਟੇਜ ਸਕੱਤਰ ਦੀ ਭੂਮਿਕਾ ਡਾ. ਰਾਜਦੀਪ ਚੋਪੜਾ ਨੇ ਨਿਭਾਈ ।ਸੀਪੀਆਈ ਦੇ ਜ਼ਿਲ੍ਹਾ ਸਕੱਤਰ ਜਗਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਲਈ ਡੱਟ ਕੇ ਕੰਮ ਕੀਤਾ।ਵਿਦਿਆਰਥੀ ਜਥੇਬੰਦੀ ਐੱਸ ਐੱਫ ਆਈ ਦੇ ਸੂਬਾ ਕੋਆਰਡੀਨੇਟਰ ਅੰਮ੍ਰਿਤਪਾਲ ਨੇ ਕਿਹਾ ਕਿ ਕਾਮਰੇਡ ਨੇ ਖੱਬੇ ਪੱਖੀਆਂ ਪਾਰਟੀਆਂ ਨੂੰ ਸੇਧ ਦਿੱਤੀ।ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੈਸ਼ਨਲ ਕੌਂਸਲ ਮੈਂਬਰ ਨੇ ਉਨ੍ਹਾਂ ਨੂੰ ਕ੍ਰਾਂਤੀਕਾਰੀ ਲੀਡਰ ਦੱਸਿਆ, ਕਾਮਰੇਡ ਰਮੇਸ਼ ਆਜ਼ਾਦ, ਤਹਿਸੀਲ ਸਕੱਤਰ ਨੇ ਕਿਹਾ ਕਿ ਸਾਰੀ ਖੱਬੀ ਲਹਿਰ ਨੂੰ ਉਨ੍ਹਾਂ ਦੇ ਜਾਣ ਦਾ ਬਹੁਤ ਦੁੱਖ ਹੋਇਆ।ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਉਨ੍ਹਾਂ ਦੀ ਸੋਚ ਸਾਡੇ ਵਿੱਚ ਹੀ ਹੈ, ਜਿਸ ਦੀ ਮਿਸਾਲ ਭਾਰਤ ਦੇਸ਼ ਪੱਖੀ ਵਿਆਕਤੀ ਵਿੱਚ ਹਮੇਸ਼ਾ ਜਗਦੀ ਰਹੇਗੀ।ਸਾਥੀ ਜਗਤਾਰ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸਤਪਾਲ ਨੇ ਸ਼ਰਧਾਂਜਲੀ ਦਿੰਦਿਆਂ ਆਖਿਆ ਕਿ ਉਹ ਮਜ਼ਦੂਰ ਪੱਖੀ ਸਨ, ਸੂਬਾ ਸਕੱਤਰੇਤ ਮੈਂਬਰ ਸਾਥੀ ਗੁਰਦਰਸ਼ਨ, ਸਾਥੀ ਧਰਮਪਾਲ ਸੀਲ, ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਸਕੱਤਰ ਨੇ ਵੀ ਸੰਬੋਧਨ ਕਰਦਿਆਂ ਆਖਿਆ ਕਿ ਕਾਮਰੇਡ ਸੀਤਾ ਰਾਮ ਯੇਚੁਰੀ ਉਨ੍ਹਾਂ ਦੇ ਲੋਕ ਪੱਖੀ ਮਸਲਿਆਂ ਉੱਤੇ ਲੜਾਈ ਲੜਨ ਨੂੰ ਅੱਗੇ ਤੋਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।




## ਉੱਤਰ ਰੇਲਵੇ

### ਈ-ਸੂਚਨਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| FZRCLOAK ROOM21 | 03 10.2024 ਨੂੰ 11:00 ਵਜੇ | ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰ. 1 (ਐਫਓਬੀ ਦੇ ਕੋਲ) ਤੇ ਕਲਾਕ ਰੂਮ ਸੁਵਿਧਾ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-MIS24-9 | 04.10.2024 ਨੂੰ 11:00 ਵਜੇ | ਫਿਲੌਰ ਫਰੀਦਾਬਾਦ, ਫਿਰੋਜਪੁਰ ਕੈਂਟ, ਪਠਾਨਕੋਟ ਕੈਂਟ, ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਵਾਟਰ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ ਅਤੇ ਰੇਲਵੇ ਸਟੇਸ਼ਨ ਜਲੰਧਰ ਸਿਟੀ ਅਤੇ ਪਠਾਨਕੋਟ ਕੈਂਟ ਤੇ ਬਾਡੀ ਰਿਲੀਫ ਚੇਅਰ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਦੁਆਰਾ ਸ਼ਾਂਤੀਪੂਰਨ/ਆਰਾਮ ਨਾਲ ਖੇਤਰ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-SLR24-55 | 04.10.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐੱਲਆਰ ਕੰਪਾਰਟਮੈਂਟ)22424/F1, 14674/F1, 12238/F1, 15212/F1, 14604/F1, 15532/F1, 14650/F1, 14618/F1, 12238/R1, 12474/F1, 16318/F1 & 19326/F1. |
| EAFZR-PRKG24-5 | 04.10.2024 ਨੂੰ 12:30 ਵਜੇ | DAV ਕਾਲੇਜ ਜਲੰਧਰ ਹਾਲਟ ਰੇਲਵੇ ਸਟੇਸ਼ਨ ਤੇ ਕਾਂਟਰੈਕਟ ਤੇ ਪਾਰਕਿੰਗ ਸਥਲ (ਮਿਸ਼੍ਰਿਤ) ਦਾ ਅਲਾਟਮੈਂਟ। |
| EAFZR-SLR24-56 | 07.10.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐੱਲਆਰ ਕੰਪਾਰਟਮੈਂਟ):12460/F1, 12498/F1, 14508/R1, 14508/F2, 14504/F1, 14633/F1, 14633/F2, 14634/R1, 22486/F1, 14633/R1, 14634/F2, 14508/F1, 22462/F1, 20498/F1, 14654/R1, 14654/F1, 19804/F1, 12266/F1, 14654/F2, 14634/F1, 14034/F1, 12446/F1, 14504/R1 & 22446/F1. |
| EAFZR-PACKING-10 | 07.10.2024 ਨੂੰ 11:00 ਵਜੇ | ਫਿਰੋਜ਼ਪੁਰ ਕੈਂਟ ਵਿਚ ਦੁਪਹੀਆ ਵਾਹਨਾਂ ਅਤੇ ਹੋਰ ਪਾਰਸਲ ਪੈਕੇਜਾਂ ਦੀ ਪੈਕਿੰਗ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-SCANNER-5 | 09.10.2024 ਨੂੰ 11:00 ਵਜੇ | ਸ਼੍ਰੀਨਗਰ, ਬਡਗਾਮ ਅਤੇ ਜੰਮੂ ਤਵੀ ਰੇਲਵੇ ਸਟੇਸ਼ਨ ਤੇ ਸਾਰੇ ਆਊਟਗੋਇੰਗ ਪਾਰਸਲਾਂ ਦੀ ਸਕੈਨਿੰਗ ਦੇ ਲਈ ਪਾਰਸਲ ਸਕੈਨਰ ਮਸ਼ੀਨ ਦੇ ਪ੍ਰਾਵਧਾਨ ਦੇ ਕੰਮ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-CTG24-19 | 09.10.2024 ਨੂੰ 11:00 ਵਜੇ | ਬੱਕਲ, ਦੁਗਾ, ਸੁਮਬਰ, ਖਾਰੀ, ਸੰਗਲਡੈਮ, ਸਾਵਲਕੋਟ ਅਤੇ ਰਿਯਾਸੀ ਰੇਲਵੇ ਸਟੇਸ਼ਨ ਤੇ ਵਖ-ਵਖ, ਖਾਨਪਾਨ ਕਾਂਟਰੈਕਟ (ਜੀਐਮਯੂ ਅਤੇ ਐਸਐਮਯੂ) ਦਾ ਅਲਾਟਮੈਂਟ। |
| FZRCLOAK ROOM22 | 09.10.2024 at 12:00 hrs. | ਜਲੰਧਰ ਸ਼ਹਿਰ ਦੇ ਪਲੇਟਫਾਰਮ ਨੰਬਰ 1 ਅਤੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੇਲਵੇ ਸਟੇਸ਼ਨ ਤੇ ਕਲਾਕ ਰੂਮ ਸੁਵਿਧਾ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-PRKG24-4 | 09.10.2024 ਨੂੰ 12:30 ਵਜੇ | ਰਿਯਾਸੀ ਰੇਲਵੇ ਸਟੇਸ਼ਨ ਤੇ ਕਾਂਟਰੈਕਟ ਤੇ ਪਾਰਕਿੰਗ ਸਥਲ (ਮਿਸ਼੍ਰਿਤ) ਦਾ ਅਲਾਟਮੈਂਟ। |
| EAFZR-MIS24-7 | 10.10.2024 ਨੂੰ 11:30 ਵਜੇ | ਊਧਮਪੁਰ, ਕਠੂਆ ਅਤੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੇਲਵੇ ਸਟੇਸ਼ਨ ਤੇ ਪਾਣੀ ਦੀ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੇਲਵੇ ਸਟੇਸ਼ਨ ਤੇ ਬੀਓਸੀ ਤੇ ਵਿਗਿਆਪਨ ਦੇ ਨਾਲ ਭੁਗਤਾਨ ਦੇ ਆਧਾਰ ਤੇ ਯਾਤਰੀਆਂ ਨੂੰ ਲੈ ਜਾਣ ਦੇ ਲਈ ਬੈਟਰੀ ਸੰਚਾਲਿਤ ਕਾਰਾਂ (ਬੀਓਸੀ) ਦੀ ਸਪਲਾਈ, ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2924/2024

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

20-SEP-PAGE-8.qxd 9/19/2024 11:23 PM Page 1



# ਟਰਾਂਸਪੋਰਟ ਵਿਭਾਗ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਨਹੀਂ ਕੀਤਾ ਸਰਕਾਰ ਨੇ ਕੋਈ ਹੱਲ : ਮਾਹੀ

**ਨੰਗਲ (ਸੁਰਜੀਤ ਸਿੰਘ)** ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਨੇ ਪੰਜਾਬ ਦੇ 27 ਡਿਪੂਆਂ 'ਤੇ ਗੇਟ ਰੈਲੀਆ ਕੀਤੀਆਂ ਨੰਗਲ ਡੀਪੂ ਦੇ ਗੇਟ ਤੋਂ ਸੂਬਾ ਆਗੂ ਅਮਰਜੀਤ ਸਿੰਘ ਭੱਟੀ ਨੇ ਬੋਲਦਿਆਂ ਕਿਹਾ ਕਿ 9/2/2024 ਨੂੰ ਟਰਾਂਸਪੋਰਟ ਮੰਤਰੀ ਪੰਜਾਬ ਨਾਲ ਮੀਟਿੰਗ ਹੋਈ ਜਿਸ ਵਿੱਚ ਟਰਾਂਸਪੋਰਟ ਮੰਤਰੀ ਪੰਜਾਬ ਵੱਲੋਂ 11/03/2024 ਨੂੰ ਕਮੇਟੀ ਗਠਿਤ ਕਰਕੇ 2 ਮਹੀਨੇ ਨੇ ਵਿੱਚ ਮੰਗਾਂ ਦਾ ਹੱਲ ਕਰਨ ਦੇ ਲਈ ਕਿਹਾ ਗਿਆ ਪ੍ਰੰਤੂ ਮਨੇਜਮੈਂਟ ਅਧਿਕਾਰੀਆਂ ਨੇ ਸਮਾਂ ਟਪਾ ਦਿੱਤਾ ਮੁੜ ਤੋਂ ਮੁਲਾਜ਼ਮਾਂ ਨੂੰ ਸੰਘਰਸ਼ ਦੇ ਰਾਹ ਤੁਰਨਾ ਪਿਆ ਫਿਰ ਮੁੱਖ ਮੰਤਰੀ ਪੰਜਾਬ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ 1 ਜੁਲਾਈ ਨੂੰ ਕਵਾਨਾ ਹੋਟਲ ਜਲੰਧਰ ਵਿਖੇ ਪੈਨਿਲ ਮੀਟਿੰਗ ਸੱਦੀ ਗਈ ਸੀ। ਮੁੱਖ ਮੰਤਰੀ ਪੰਜਾਬ ਵੱਲੋਂ ਜੰਥੇਬੰਦੀ ਨੂੰ ਭਰੋਸਾ ਦਿਵਾਇਆ ਅਤੇ ਮੌਕੇ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੋ ਵੀ ਟਰਾਂਸਪੋਰਟ ਮੁਲਾਜ਼ਮਾਂ ਦੀ ਜੰਥੇਬੰਦੀ ਵੱਲੋਂ ਮੰਗ ਪੱਤਰ ਦਿੱਤਾ ਗਿਆ ਹੈ ਮੰਗਾਂ ਦਾ ਹੱਲ 1 ਮਹੀਨੇ ਦੇ ਸਮੇਂ ਵਿੱਚ ਕੀਤਾ ਜਾਵੇ। ਸਰਕਾਰ ਵੱਲੋ ਤਰੁੰਤ ਕਮੇਟੀ ਦਾ ਦਾ ਗਠਿਤ ਕੀਤਾ ਗਿਆ ਅਤੇ 2 ਆਗੂ ਜੰਥੇਬੰਦੀ ਦੇ ਕਮੇਟੀ ਵਿੱਚ ਸ਼ਾਮਲ ਕੀਤੇ ਗਏ। ਦੋ ਮੀਟਿੰਗ ਹੋਈਆਂ ਜੱਥੇਬੰਦੀ ਵੱਲੋਂ ਮੁਲਾਜ਼ਮਾਂ ਦੇ ਹੱਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਪੱਖ ਵੀ ਪੇਸ਼ ਕੀਤੇ ਗਏ।ਕਮੇਟੀ ਦੀ ਫਾਈਨਲ ਰਿਪੋਟ ਨੂੰ ਸਰਕਾਰ ਤੱਕ ਭੇਜੀ ਗਈ।ਜਥੇਬੰਦੀ ਦੇ ਆਗੂ ਵੱਲੋਂ ਸਰਕਾਰ ਤੇ ਮਨੇਜਮੈਂਟ ਨਾਲ ਕਈ ਵਾਰ ਰਾਵਤਾ ਵੀ ਕਾਇਮ ਕੀਤਾ ਗਿਆ ਮੈਨੇਜਮੈਂਟ ਅਤੇ ਸਰਕਾਰ ਭਰੋਸਾ ਦਿਵਾਉਂਦੇ ਰਹੀ ਜਲਦੀ ਅਗਲੀ ਮੀਟਿੰਗ ਕਰਦੇ ਹਾਂ ਪ੍ਰੰਤੂ ਦੋ ਮਹੀਨੇ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਵੀ ਕੋਈ ਮੀਟਿੰਗ ਕਰਨੀ ਇਹਨਾਂ ਅਧਿਕਾਰੀਆਂ ਨੇ ਜ਼ਰੂਰੀ ਨਹੀਂ ਸਮਝੀ ਸਗੋਂ ਸਮਾਂ ਟਪਾ ਕੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।

ਅਮਰਜੀਤ ਸਿੰਘ ਬੈਂਸ ਨੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਲਗਭਗ 3 ਸਾਲ ਦੇ ਕਰੀਬ ਸਮਾਂ ਹੋ ਗਿਆ ਹੈ ਪ੍ਰੰਤੂ ਇਸ ਸਰਕਾਰ ਨੇ ਆਪਣੇ ਕਾਰਜਕਾਲ ਵਿਚ ਪਨਬਸ/ਪੀ ਆਰ ਟੀ ਸੀ ਵਿੱਚ ਕੋਈ ਵੀ ਨਵੀਂ ਬੱਸ ਨਹੀਂ ਲਗਭਗ 400 ਦੇ ਕਰੀਬ ਬੱਸਾ ਕੰਡਮ ਹੋਣ ਨੂੰ ਤਿਆਰ ਹਨ ਕੁਝ ਹੋ ਵੀ ਚੁੱਕੀਆਂ ਹਨ ਅਤੇ ਬੱਸਾ ਦੀ ਘਾਟ ਕਾਰਨ ਪੰਜਾਬ ਦੀ ਪਬਲਿਕ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਨੂੰ ਖਤਮ ਕਰਨ ਦੇ ਲਈ ਮਿੰਨੀ ਬੱਸਾਂ ਦੇ ਮਾਲਕਾਂ ਨੂੰ ਫਾਇਦਾ ਦੇਣ ਦੇ ਲਈ ਸਰਕਾਰ ਵੱਲੋਂ ਕਿਲੋਮੀਟਰ ਦੇ ਵਿੱਚ ਵਾਧਾ ਕੀਤਾ ਗਿਆ ਜੋ ਕਿ ਸਰਕਾਰੀ ਵਿਭਾਗ ਲਈ ਕਾਫੀ ਮਾਰੂ ਹੈ ਪਨਬਸ / ਪੀ ਆਰ ਟੀ ਸੀ ਵਿਭਾਗਾਂ ਦੀ ਮੈਨੇਜਮੈਂਟ ਵੱਲੋਂ ਲਗਭਗ 2 ਸਾਲਾ ਦਾ ਸਮਾਂ ਬੀਤਣ ਦੇ ਬਾਵਜੂਦ ਵੀ 5% ਦਾ ਏਰੀਅਲ ਨਹੀਂ ਦਿੱਤਾ ਜਾ ਰਿਹਾ।

ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ 25 ਸਤੰਬਰ ਨੂੰ ਪ੍ਰੈਸ ਕਾਨਫਰੰਸ ਚੰਡੀਗੜ੍ਹ ਵਿਖੇ ਕਰਕੇ ਪੰਜਾਬ ਸਰਕਾਰ ਦੀ ਨਲਾਇਕੀਆਂ ਬਾਰੇ ਦੱਸਿਆ ਜਾਵੇਗਾ ਅਤੇ ਵਰਕਰਾਂ ਦੀਆਂ ਮੰਗਾਂ ਲਾਗੂ ਨਹੀਂ ਕੀਤਾ ਤਾਂ 21 ਅਕਤੂਬਰ ਤੋਂ ਪੂਰਨ ਤੌਰ 'ਤੇ ਚੱਕਾ ਜਾਮ ਕੀਤਾ ਜਾਵੇਗਾ ਅਤੇ 22 ਅਕਤੂਬਰ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ।



# ਸਿਹਤ ਮੰਤਰੀ ਵੱਲੋਂ ਸਟੇਟ ਹੈਲਥ ਏਜੰਸੀ ਨੂੰ ਸੂਚੀਬੱਧ ਹਸਪਤਾਲਾਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਦੇ ਨਿਰਦੇਸ਼

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਕੀਮ ਤਹਿਤ ਸੂਚੀਬੱਧ ਹਸਪਤਾਲਾਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਸੰਬੰਧੀ ਅਹਿਮ ਕਦਮ ਵਜੋਂ, ਸਟੇਟ ਹੈਲਥ ਏਜੰਸੀ (ਐਸ ਐਚ ਏ) ਵੱਲੋਂ ਦਾਅਵਿਆਂ ਸਬੰਧੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਮੈਡੀਕਲ ਪੇਸ਼ੇਵਰ ਨਿਯੁਕਤ ਕੀਤੇ ਜਾਣਗੇ।ਇੱਥੇ ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦਿੱਤੀ।ਸਿਹਤ ਮੰਤਰੀ ਇੱਥੇ ਸਟੇਟ ਹੈਲਥ ਏਜੰਸੀ ਦੀ ਸਬ-ਕਮੇਟੀ ਨਾਲ ਪਾਲਿਸੀ ਸੰਬੰਧੀ ਮਾਮਲਿਆਂ, ਕਰਮਚਾਰੀਆਂ ਦੀ ਘਾਟ ਅਤੇ ਸਟੇਟ ਹੈਲਥ ਏਜੰਸੀ ਦੇ ਚੱਲ ਰਹੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਮੈਡੀਕਲ ਪੇਸ਼ੇਵਰਾਂ ਦੀ ਭਰਤੀ ਦਾ ਉਦੇਸ਼ ਦਾਅਵੇ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ, ਦੇਰੀ ਨੂੰ ਘਟਾਉਣਾ ਅਤੇ ਸਮੁੱਚੀ ਕੁਸ਼ਲਤਾ ਵਿੱਚ ਸੁਧਾਰ ਕਰਨ ਦੇ ਨਾਲ ਨਾਲ ਕੰਮ ਦੇ ਮੌਜੂਦਾ ਬੋਝ ਨੂੰ ਘਟਾਉਣਾ ਅਤੇ ਦਾਅਵਿਆਂ ਦੇ ਮੁਲਾਂਕਣ ਵਿੱਚ ਲੱਗਣ ਵਾਲੀ ਦੇਰੀ ਨੂੰ ਘੱਟ ਕਰਨਾ ਹੈ।

ਆਯੂਸ਼ਮਾਨ ਸਕੀਮ ਸੂਬੇ ਭਰ ਦੇ 772 ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਪ੍ਰਤੀ ਪਰਵਾਰ ਪ੍ਰਤੀ ਸਾਲ 5 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਧਰਨਾ ਪ੍ਰਦਰਸ਼ਨ

## ਕਾਲਾ ਬਾਹੀਆਂ ਕਤਲ ਕੇਸ 'ਚ ਉਸਾਰੀ ਮਜ਼ਦੂਰ ਨੂੰ ਇਨਸਾਫ਼ ਦੇਣ ਦੀ ਮੰਗ



**ਕਰਤਾਰਪੁਰ (ਹਰਮੇਸ਼ ਦੱਤ)**-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਏਥੇ ਅੰਬੇਡਕਰ ਚੌਕ ਵਿੱਚ ਧਰਨਾ ਪ੍ਰਦਰਸ਼ਨ ਕਰਕੇ 8 ਸਤੰਬਰ ਨੂੰ ਥਾਣਾ ਕਰਤਾਰਪੁਰ ਅਧੀਨ ਪੈਂਦੇ ਪਿੰਡ ਕਾਲ਼ਾ ਬਾਹੀਆਂ ਵਿਖੇ ਇੱਕ ਕਿਸਾਨ ਪਰਵਾਰ ਦੀ ਕੰਧ ਉਸਾਰੀ ਨੂੰ ਲੈ ਕੇ ਲੋਕਾਂ ਵੱਲੋਂ ਮੌਤ ਦੇ ਘਾਟ ਉਤਾਰੇ ਦਲਿਤ ਉਸਾਰੀ ਮਜ਼ਦੂਰਾਂ ਦੇ ਮਾਮਲੇ ਵਿੱਚ ਰਹਿੰਦੇ ਕਸੂਰਵਾਰਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੀੜਤਾਂ ਨੂੰ ਨਿਆਂ ਦੇਣ ਦੀ ਮੰਗ ਕੀਤੀ ਗਈ।ਇਸ ਮੌਕੇ 'ਤੇ ਧਰਨਾਕਾਰੀਆਂ 'ਚ ਪੁੱਜ ਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀ ਐੱਸ ਪੀ ਕਰਤਾਰਪੁਰ ਸੁਰਿੰਦਰਪਾਲ ਧੋਗੜੀ ਨੇ ਦੱਸਿਆ ਕਿ 5 ਨਾਮਜ਼ਦ ਕਸੂਰਵਾਰਾਂ ਸਮੇਤ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇੱਕ ਵਿਅਕਤੀ ਖਿਲਾਫ਼ ਐੱਲ ਓ ਸੀ ਜਾਰੀ ਕਰ ਦਿੱਤੀ ਹੈ ਅਤੇ ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਨਾਇਬ ਤਹਿਸੀਲਦਾਰ ਕਰਤਾਰਪੁਰ ਅਮਰਜੀਤ ਸਿੰਘ ਨੇ ਦੋ ਦਿਨਾਂ ਦੇ ਅੰਦਰ ਅੰਦਰ 8.50 ਲੱਖ ਰੁਪਏ ਮੁਆਵਜ਼ਾ ਰਾਸ਼ੀ 'ਚੋਂ ਅੱਧੀ ਰਾਸ਼ੀ ਮ੍ਰਿਤਕ ਸੁਖਦੇਵ ਸਿੰਘ ਵਾਸੀ ਪੱਤੜ ਖ਼ੁਰਦ ਦੇ ਪੀੜਤ ਪਰਵਾਰ ਨੂੰ ਮੁਹੱਈਆ ਕਰਵਾਉਣ ਸਮੇਤ ਇਨਸਾਫ਼ ਦਾ ਭਰੋਸਾ ਦਿੱਤਾ। ਯੂਨੀਅਨ ਨੇ ਧਰਨਾ ਪ੍ਰਦਰਸ਼ਨ ਖ਼ਤਮ ਕਰਕੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨੇ ਆਪਣਾ ਵਾਅਦਾ ਪੂਰਾ ਨਾ ਕੀਤਾ ਤਾਂ ਮਜਬੂਰਨ ਮ੍ਰਿਤਕ ਦੇਹ ਪ੍ਰਸ਼ਾਸਨ ਦੇ ਦਰਾਂ ਉੱਪਰ ਰੱਖ ਕੇ ਧਰਨਾ ਪ੍ਰਦਰਸ਼ਨ ਕਰਾਂਗੇ।ਪੀੜਤ ਪਰਵਾਰ ਨੇ ਅੱਜ 11ਵੇਂ ਦਿਨ ਵੀ ਮ੍ਰਿਤਕ ਦਾ ਸਸਕਾਰ ਨਹੀਂ ਕੀਤਾ ਅਤੇ ਮੰਗਾਂ ਉੱਪਰ ਅਮਲ ਹੋਣ ਉਪਰੰਤ ਹੀ ਅੰਤਿਮ ਸੰਸਕਾਰ ਕਰਨ ਦਾ ਐਲਾਨ ਕੀਤਾ ਹੈ।ਯੂਨੀਅਨ ਆਗੂਆਂ ਨੇ ਕਿਹਾ ਬਿਸ਼ਨਪੁਰਾ ਸੁਨਾਮ ਜ਼ਿਲ੍ਹਾ ਸੰਗਰੂਰ ਦੇ ਕੈਂਟਰ ਹੇਠ ਦਰੜ ਕੇ ਮੌਤ ਦੇ ਘਾਟ ਉਤਾਰੇ ਮਗਨਰੇਗਾ ਮਜ਼ਦੂਰਾਂ ਦੇ ਪਰਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਅਤੇ ਉਹਨਾਂ ਦੇ ਇੱਕ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਦੀ ਮੰਗ ਵੀ ਕੀਤੀ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਸੂਬਾ ਯੂਥ ਵਿੰਗ ਆਗੂ ਗੁਰਪ੍ਰੀਤ ਸਿੰਘ ਚੀਦਾ, ਯੂਨੀਅਨ ਦੇ ਤਹਿਸੀਲ ਆਗੂ ਕੇ ਐੱਸ ਅਟਵਾਲ, ਬਲਬੀਰ ਸਿੰਘ ਧੀਰਪੁਰ,ਅਮਰੀਕ ਸਿੰਘ, ਸਰਬਜੀਤ ਕੌਰ, ਪਰਮਜੀਤ ਕੌਰ, ਬਲਵਿੰਦਰ ਕੌਰ ਦਿਆਲਪੁਰ ਅਤੇ ਇਸਤਰੀ ਜਾਗ੍ਰਿਤੀ ਮੰਚ ਦੀ ਆਗੂ ਬਲਵਿੰਦਰ ਕੌਰ ਘੁੱਗਸ਼ੋਰ ਤੇ ਦਲਜੀਤ ਕੌਰ ਪਾੜ੍ਹਾ ਆਦਿ ਨੇ ਸੰਬੋਧਨ ਕੀਤਾ।

# ਸ਼ਹੀਦੇ-ਆਜ਼ਮ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਫਲਾਈਟਾਂ ਚਾਲੂ ਕਰਵਾਉਣ ਲਈ ਕਦਮ ਚੁੱਕੇ ਪੰਜਾਬ ਸਰਕਾਰ : ਸੋਹਾਣਾ



**ਮੁਹਾਲੀ (ਗੁਰਜੀਤ ਬਿੱਲਾ)**- ਸ਼੍ਰੋਮਣੀ ਅਕਾਲੀ ਦਲ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 25 ਸਤੰਬਰ ਨੂੰ ਮੋਹਾਲੀ ਦੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਸ਼ਹੀਦ ਭਗਤ ਸਿੰਘ ਦਾ ਬੁੱਤ ਲਗਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਦੇ ਨਾਲ ਨਾਲ ਪਰਵਿੰਦਰ ਸਿੰਘ ਸੋਹਾਣਾ ਨੇ ਇਹ ਵੀ ਕਿਹਾ ਹੈ ਕਿ ਜਦੋਂ ਤੱਕ ਇਹ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਫਲਾਈਟਾਂ ਸ਼ੁਰੂ ਨਹੀਂ ਹੁੰਦੀਆਂ ਇਹ ਸਿਰਫ ਨਾਮ ਦਾ ਹੀ ਅੰਤਰਰਾਸ਼ਟਰੀ ਹਵਾਈ ਅੱਡਾ ਬਣ ਕੇ ਰਹਿ ਗਿਆ ਹੈ।ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਬਣਾਇਆ ਗਿਆ ਇਹ ਅੰਤਰਰਾਸ਼ਟਰੀ ਹਵਾਈ ਅੱਡਾ ਕੇਂਦਰ ਸਰਕਾਰ ਦੀ ਸੌੜੀ ਸੋਚ ਕਾਰਨ ਅਤੇ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਯੋਗ ਉਪਰਾਲੇ ਨਾ ਕੀਤੇ ਜਾਣਕਾਰ ਲੋਕਲ ਹਵਾਈ ਅੱਡਾ ਬਣ ਕੇ ਰਹਿ ਗਿਆ ਹੈ। ਉਹਨਾਂ ਕਿਹਾ ਕਿ ਇਹ ਹਵਾਈ ਅੱਡਾ ਪੂਰੇ ਉੱਤਰੀ ਭਾਰਤ ਨੂੰ ਵਧੀਆ ਸੇਵਾਵਾਂ ਦੇ ਸਕਦਾ ਹੈ ਪਰ ਜਾਣਬੁੱਝ ਕੇ ਇਸ ਨੂੰ ਅੰਤਰਰਾਸ਼ਟਰੀ ਫਲਾਈਟਾਂ ਨਹੀਂ ਦਿੱਤੀਆਂ ਜਾ ਰਹੀਆਂ।ਉਹਨਾਂ ਕਿਹਾ ਕਿ ਮੋਹਾਲੀ ਤੋਂ ਅੰਤਰਰਾਸ਼ਟਰੀ ਫਲਾਈਟਾਂ ਸ਼ੁਰੂ ਹੋਣ ਨਾਲ ਦਿੱਲੀ ਦੇ ਹਵਾਈ ਅੱਡੇ ਉੱਤੇ ਭਾਰੀ ਭੀੜ ਤੋਂ ਵੀ ਕਾਫੀ ਹੱਦ ਤੱਕ ਛੁਟਕਾਰਾ ਮਿਲ ਸਕਦਾ ਹੈ। ਉਹਨਾਂ ਕਿਹਾ ਕਿ ਜੇਕਰ ਇੱਥੋਂ ਅੰਤਰਰਾਸ਼ਟਰੀ ਫਲਾਈਟਾਂ ਸ਼ੁਰੂ ਹੁੰਦੀਆਂ ਹਨ ਤਾਂ ਇਸ ਨਾਲ ਨਾ ਸਿਰਫ ਪੰਜਾਬੀਆਂ ਸਗੋਂ ਹਰਿਆਣਾ, ਹਿਮਾਚਲ ਅਤੇ ਜੰਮੂ ਤੇ ਕਸ਼ਮੀਰ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਦਾ ਸਮਾਂ ਅਤੇ ਪੈਸਾ ਦੋਵੇਂ ਬਚਣਗੇ ਅਤੇ ਇਸ ਖਿੱਤੇ ਦੇ ਵਪਾਰ ਨੂੰ ਵੀ ਭਾਰੀ ਲਾਭ ਹੋਵੇਗਾ। ਪਰ ਕੇਂਦਰ ਸਰਕਾਰ ਪੰਜਾਬੀਆਂ ਨਾਲ ਖਾਸ ਤੌਰ ਤੇ ਵਿਤਕਰਾ ਕਰ ਰਹੀ ਹੈ ਅਤੇ ਇਸ ਕਰਕੇ ਇੱਥੋਂ ਅੰਤਰਰਾਸ਼ਟਰੀ ਲਾਈਟਾਂ ਆਰੰਭ ਨਹੀਂ ਕੀਤੀਆਂ ਜਾ ਰਹੀਆਂ।ਹੁਣ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਉਹ ਇਸ ਮਸਲੇ ਨੂੰ ਪੂਰੇ ਜ਼ੋਰ ਸ਼ੋਰ ਨਾਲ ਕੇਂਦਰ ਸਰਕਾਰ ਕੋਲ ਚੁੱਕਣ ਅਤੇ ਇੱਥੋਂ ਅੰਤਰਰਾਸ਼ਟਰੀ ਫਲਾਈਟਾਂ ਚਾਲੂ ਕਰਵਾਉਣ। ਇਸ ਮੌਕੇ ਸੋਹਾਣਾ ਨਾਲ ਜਸਬੀਰ ਸਿੰਘ ਜੱਸਾ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਛਿੰਦੀ ਬੱਲੋਮਾਜਰਾ, ਕਰਮਜੀਤ ਸਿੰਘ ਨੰਬਰਦਾਰ ਮੌਲੀ ਬੈਦਵਾਣ, ਅਮਨ ਪੂਨੀਆਂ, ਸੁਖਬੀਰ ਸਿੰਘ ਲਖਨੌਰ, ਸੁਖਮਨ ਸਿੰਘ ਦੈੜੀ, ਜੀਤ ਸਿੰਘ ਵੀ ਹਾਜ਼ਰ ਸਨ।

# ਲਾਇਨਜ਼ ਕਲੱਬ ਚੈਂਪੀਅਨ ਦੇ ਸਹਿਯੋਗ ਨਾਲ ਕੱਢੀ ਸਵੱਛਤਾ ਜਾਗਰੂਕਤਾ ਰੈਲੀ

**ਫਗਵਾੜਾ (ਡਾ. ਰਮਨ)**- ਨਗਰ ਨਿਗਮ ਫਗਵਾੜਾ ਵਲੋਂ ਨਿਗਮ ਕਮਿਸ਼ਨਰ ਅਨੁਪਮ ਕਲੇਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵੱਛ ਭਾਰਤ ਮਿਸ਼ਨ ਤਹਿਤ ਮਨਾਏ ਜਾ ਰਹੇ ਪੰਦਰਾਂ ਰੋਜ਼ਾ ਸਵੱਛਤਾ ਹੀ ਸੇਵਾ ਪ੍ਰੋਗਰਾਮ ਅਧੀਨ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਵਲੋਂ ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਸਹਿਯੋਗ ਦਿੰਦੇ ਹੋਏ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ (ਲੜਕੇ) ਫਗਵਾੜਾ ਦੇ ਸਹਿਯੋਗ ਸਦਕਾ ਸਵੱਛਤਾ ਜਾਗਰੂਕਤਾ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਨੂੰ ਨਗਰ ਨਿਗਮ ਫਗਵਾੜਾ ਦੇ ਸੰਯੁਕਤ ਕਮਿਸ਼ਨਰ ਕੁਲਪ੍ਰੀਤ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਨੇ ਵਿਸ਼ੇਸ਼ ਹਾਜ਼ਰੀ ਭਰੀ। ਸਕੂਲੀ ਵਿਦਿਆਰਥੀਆਂ ਨੇ ਸ਼ਹਿਰ ਵਾਸੀਆਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ, ਗਲੀਆਂ, ਨਾਲੀਆਂ, ਸੜਕਾਂ ਜਾਂ ਜਨਤਕ ਥਾਵਾਂ 'ਤੇ ਕਿਸੇ ਵੀ ਕਿਸਮ ਦਾ ਕੂੜਾ ਨਾ ਸੁੱਟਣ ਅਤੇ ਕੂੜੇ ਨੂੰ ਅੱਗ ਨਾਲ ਲਗਾਉਣ ਸਮੇਤ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕੀਤਾ। ਸੰਯੁਕਤ ਕਮਿਸ਼ਨਰ ਕੁਲਪ੍ਰੀਤ ਸਿੰਘ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪੱਧਰ 'ਤੇ ਦੋ ਡਸਟਬਿਨ ਆਪਣੇ ਘਰਾਂ ਦੇ ਅੰਦਰ ਰੱਖਣ। ਜਿਸ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਵੱਖਰਾ ਕਰਕੇ ਕੂੜਾ ਚੁੱਕਣ ਵਾਲੇ ਨਿਗਮ ਕਰਮਚਾਰੀਆਂ ਨੂੰ ਸੌਂਪਿਆ ਜਾਵੇ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਇਹ ਜਾਗਰੂਕਤਾ ਪ੍ਰੋਗਰਾਮ 2 ਅਕਤੂਬਰ ਤੱਕ ਜਾਰੀ ਰਹੇਗਾ। ਜਿਸ ਤਹਿਤ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਲਾਇਨ ਗੁਰਦੀਪ ਸਿੰਘ ਕੰਗ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਆਪਣੇ ਪੱਧਰ 'ਤੇ ਵੀ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕਰੇਗਾ। ਜਾਗਰੂਕਤਾ ਰੈਲੀ ਦੀ ਸਮਾਪਤੀ 'ਤੇ ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਨਗਰ ਨਿਗਮ ਫਗਵਾੜਾ ਅਤੇ ਸਰਕਾਰੀ ਸਕੂਲ ਆਫ਼ ਐਮੀਨੈਂਸ ਦੇ ਸਟਾਫ਼ ਤੇ ਵਿਦਿਆਰਥੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਅਜੈ ਕੁਮਾਰ ਸੀ.ਐਸ.ਆਈ., ਹਿਤੇਸ਼ ਸ਼ਰਮਾ ਐਸ.ਆਈ., ਜਤਿੰਦਰ ਵਿਜ, ਨਾਮਦੇਵ, ਐਮ.ਆਈ.ਐਸ. ਮਾਹਿਰ ਸੰਨੀ ਗੁਪਤਾ, ਆਈ.ਈ.ਸੀ ਅਤੇ ਸੀ.ਬੀ ਮਾਹਿਰ ਪੂਜਾ ਸ਼ਰਮਾ, ਕਮਿਊਨਿਟੀ ਫੈਸੀਲੀਟੇਟਰ ਸੁਨੀਤਾ ਅਤੇ ਆਸ਼ਾ ਤੋਂ ਇਲਾਵਾ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਪੀ.ਆਰ.ਓ. ਲਾਇਨ ਸਤਵਿੰਦਰ ਸਿੰਘ ਭਮਰਾ, ਰੀਜਨ ਚੇਅਰਮੈਨ ਲਾਇਨ ਚਮਨ ਲਾਲ, ਐਮ.ਐਮ.ਆਰ. ਲਾਇਨ ਸੁਸ਼ੀਲ ਸ਼ਰਮਾ, ਲਾਇਨ ਸ਼ਸ਼ੀ ਕਾਲੀਆ, ਲਾਇਨ ਮਨੋਜ ਕੁਮਾਵਿਧਾਇਕ ਨੇ ਸਵੱਛਤਾ ਹੀ ਸੇਵਾ ਪੰਦਰਵਾੜੇ ਨੂੰ ਮਾਨਵਤਾ ਦੀ ਸੇਵਾ ਵਜੋਂ ਅਪਣਾਉਣ ਦਾ ਸੱਦਾ ਦਿੱਤਾ , ਲਾਇਨ ਧਰਮਪਾਲ ਨਿਸ਼ਚਲ, ਲਾਇਨ ਕਰਨ ਗੁਪਤਾ, ਲਾਇਨ ਚਰਨਜੀਤ ਸਿੰਘ, ਲਾਇਨ ਸੰਦੀਪ ਚਹਿਲ, ਲਾਇਨ ਵਿੱਕੀ ਚੁੰਬਰ, ਸਕੂਲ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ, ਦੇਸਰਾਜ, ਦੀਪਕ, ਸਤਨਾਮ ਸਿੰਘ, ਵਰਿੰਦਰ ਸ਼ਰਮਾ, ਗੌਰਵ ਸ਼ਰਮਾ, ਫੈਜ਼ਲ ਆਦਿ ਹਾਜ਼ਰ ਸਨ।



# 'ਸਵੱਛਤਾ ਹੀ ਸੇਵਾ' ਮੁਹਿੰਮ ਦੇ ਦੂਸਰੇ ਦਿਨ 'ਰੁੱਖਾਂ ਦੇ ਆਲੇ-ਦੁਆਲੇ ਕੰਕਰੀਟ ਦੀਆਂ ਥੜ੍ਹੀਆਂ ਹਟਾਉਣ ਦਾ ਕੰਮ ਅਰੰਭਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ 14 ਸਤੰਬਰ 2024 ਤੋਂ 2 ਅਕਤੂਬਰ 2024 ਤੱਕ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਸਫਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਹੈ, ਜਿਸ ਤਹਿਤ ਸਰਕਾਰ ਵੱਲੋਂ ਰੋਜ਼ਾਨਾ ਵੱਖ-ਵੱਖ ਸਫਾਈ ਸਬੰਧੀ ਗਤੀਵਿਧੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ, ਜਿਸ ਤਹਿਤ 'ਸਵੱਛਤਾ ਹੀ ਸੇਵਾ' ਮੁਹਿੰਮ ਦੇ ਦੂਸਰੇ ਦਿਨ 'ਰੁੱਖਾਂ ਦੇ ਆਲੇ-ਦੁਆਲੇ ਕੰਕਰੀਟ ਨੂੰ ਹਟਾਉਣਾ' ਗਤੀਵਿਧੀ ਤਹਿਤ ਸ਼ਹਿਰ ਵਿੱਚੋਂ ਮੌਜੂਦ ਪੁਰਾਣੇ ਦਰੱਖਤਾਂ (ਜਿਨ੍ਹਾਂ ਦੇ ਆਲੇ-ਦੁਆਲੇ ਕੰਕਰੀਟ ਦੀਆਂ ਥੜ੍ਹੀਆਂ ਬਣੀਆਂ ਹਨ) ਨੂੰ ਹੋਰ ਵੱਧਣ-ਫੁੱਲਣ ਲਈ ਕੰਕਰੀਟ ਦੀਆਂ ਥੜ੍ਹੀਆਂ ਆਦਿ ਤੁੜਵਾਈਆਂ ਗਈਆਂ, ਜਿਸ ਨਾਲ ਸ਼ਹਿਰ ਨੂੰ ਹੋਰ ਹਰਿਆਂ ਭਰਿਆ ਕਰਨ ਵਿੱਚ ਯੋਗਦਾਨ ਪਾਇਆ ਜਾ ਸਕੇ।ਇਸਦੇ ਨਾਲ ਹੀ ਕਮਿਸ਼ਨਰ ਨਗਰ ਨਿਗਮ ਵੱਲੋਂ ਸਮੂਹ ਸ਼ਹਿਰ ਵਾਸੀਆਂ ਨੂੰ ਸ਼ਹਿਰ ਹੁਸ਼ਿਆਰਪੁਰ ਨੂੰ ਸਾਫ-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਅਪੀਲ ਕੀਤੀ ਗਈ. ਇਸ ਮੌਕੇ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਨਿਗਰਾਨ ਇੰਜੀਨੀਅਰ ਸਤੀਸ਼ ਕੁਮਾਰ ਸੈਣੀ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਲੇਖਾਕਾਰ ਰਜਿੰਦਰ ਕੁਮਾਰ, ਸਮੂਹ ਸੈਨੇਟਰੀ ਇੰਸਪੈਕਟਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਰਹੇ।

## 'ਸਵੱਛਤਾ ਹੀ ਸੇਵਾ-2024' ਮੁਹਿੰਮ ਦੀ ਸ਼ੁਰੂਆਤ

**ਜਲੰਧਰ ( ਸ਼ੈਲੀ ਐਲਬਰਟ)** ਵਿਧਾਇਕ ਰਮਨ ਅਰੋੜਾ ਅਤੇ ਵਧੀਕ ਡਿਪਟੀ ਕਮਿਸ਼ਨਰ ਬੁੱਧੀਰਾਜ ਸਿੰਘ ਵਲੋਂ ਰਸਮੀ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ 'ਸਵੱਛਤਾ ਹੀ ਸੇਵਾ-2024' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਹ ਮੁਹਿੰਮ ਸਵੱਛ ਭਾਰਤ ਮਿਸ਼ਨ ਦੇ 10 ਸਾਲ ਪੂਰੇ ਹੋਣ ਨੂੰ ਸਮਰਪਿਤ ਹੈ। ਇਸ ਮੌਕੇ ਹਲਕਾ ਵਿਧਾਇਕ ਅਤੇ ਏ.ਡੀ.ਸੀ. ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਦਫ਼ਤਰਾਂ 'ਚ ਸਾਫ-ਸਫ਼ਾਈ ਨੂੰ ਯਕੀਨੀ ਬਣਾਉਣ ਲਈ ਉਤਸ਼ਾਹਿਤ ਕਰਦਿਆਂ ਸ਼ਮਾ ਰੌਸ਼ਨ ਕਰਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਜਸਕਰਨ ਸਿੰਘ ਵੱਲੋਂ ਅਧਿਕਾਰੀ ਨਵਜੋਤ ਸਿੰਘ ਅਤੇ ਦਵਿੰਦਰ ਸਿੰਘ ਨਾਲ ਸਮਾਗਮ 'ਚ ਸ਼ਾਮਲ ਲੋਕਾਂ ਨੂੰ 'ਸਵੱਛਤਾ ਸਹੁੰ' ਚੁਕਾਈ ਗਈ। ਇਸ ਮੌਕੇ 02 ਅਕਤੂਬਰ ਮੁਹਿੰਮ ਦੇ ਸਮਾਪਤ ਹੋਣ ਤੱਕ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਦੀ ਰੂਪ-ਰੇਖਾ ਉਲੀਕੀ ਗਈ। ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੁਖਵੀਰ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਅਤੇ ਪਬਲਿਕ ਹੈਲਥ ਵਿਭਾਗ ਤੋਂ ਐਸ.ਡੀ.ਓਜ਼ ਗਗਨਦੀਪ ਸਿੰਘ ਵਾਲੀਆ, ਚੇਤਨ ਸੈਣੀ, ਅਲੋਕ ਅਰੋੜਾ ਅਤੇ ਸਿੰਚਾਈ ਵਿਭਾਗ ਤੋਂ ਇੰਦਰ ਸਿੰਘ ਮੌਜੂਦ ਸਨ। ਇਸ ਮੌਕੇ ਅਧਿਕਾਰੀਆਂ ਵਲੋਂ ਮੁਹਿੰਮ ਦੀ ਸਫ਼ਲਤਾ ਲਈ ਵੱਧ ਤੋਂ ਵੱਧ ਸ਼ਮੂਲੀਅਤ 'ਤੇ ਜ਼ੋਰ ਦਿੱਤਾ ਗਿਆ।

## ਅਨੁਪਮ ਸ਼ਰਮਾ ਨੇ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਨ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਅਨੁਪਮ ਸ਼ਰਮਾ ਨੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਡਾਇਟ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਨੇ ਸਿੱਖਿਆ ਦੇ ਖੇਤਰ 'ਚ ਸੁਧਾਰ ਅਤੇ ਨਵੀਨਤਾ ਲਈ ਵਚਨਬੱਧਤਾ ਪ੍ਰਗਟਾਈ ਅਤੇ ਸੰਸਥਾ ਦੀ ਤਰੱਕੀ ਨੂੰ ਨਵੇਂ ਪਹਿਲੂਆਂ ਤੱਕ ਲਿਜਾਣ ਦਾ ਵਾਅਦਾ ਕੀਤਾ। ਅਨੁਪਮ ਸ਼ਰਮਾ ਨੇ ਆਪਣੀ ਨਿਯੁਕਤੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ, ਮੈਂ ਡਾਇਟ ਅਜਵਲ ਰਾਹੀਂ ਅਧਿਆਪਕਾਂ ਨੂੰ ਉੱਚ ਗੁਣਵੱਤਾ ਵਾਲੀਆਂ ਸਿਖਲਾਈ ਸਹੂਲਤਾਂ ਪ੍ਰਦਾਨ ਕਰਨ ਲਈ ਕੰਮ ਕਰਾਂਗੀ। ਸਾਡਾ ਉਦੇਸ਼ ਅਧਿਆਪਕਾਂ ਦੀ ਸਮਰੱਥਾ ਨੂੰ ਵਧਾਉਣਾ ਅਤੇ ਵਿਦਿਆਰਥੀਆਂ ਲਈ ਬਿਹਤਰ ਸਿੱਖਿਆ ਪ੍ਰਣਾਲੀ ਬਣਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਤਰਜੀਹ ਡਿਜੀਟਲ ਸਿੱਖਿਆ ਦੇ ਪ੍ਰਸਾਰ, ਅਧਿਆਪਕਾਂ ਦੀ ਨਿਰੰਤਰ ਸਿਖਲਾਈ ਅਤੇ ਸਿੱਖਿਆ ਦੇ ਖੇਤਰ 'ਚ ਨਵੀਨਤਮ ਤਕਨੀਕਾਂ ਦੀ ਵਰਤੋਂ ਨੂੰ ਉਤਸਾਹਿਤ ਕਰਨਾ ਹੋਵੇਗੀ। ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਸ਼ਰਮਾ ਦੇ ਤਜਰਬੇ ਅਤੇ ਅਗਵਾਈ ਦਾ ਸੰਸਥਾ ਨੂੰ ਅਹਿਮ ਲਾਭ ਮਿਲੇਗਾ। ਇਸ ਮੌਕੇ ਲੈਕਚਰਾਰ ਸ਼ਿਖਾ, ਲੈਕਚਰਾਰ ਸਤਵੰਤ ਕੌਰ, ਅਮਿਤ ਕੁਮਾਰ ਰਮਸਾ ਆਦਿ ਹਾਜ਼ਰ ਸਨ।

## ਚੌਧਰੀ ਨੇ ਮੁਹੱਲਾ ਸੰਤੋਖਪੁਰਾ ਨਿਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ



**ਫਿਲੌਰ (ਨਿਰਮਲ)** ਪਿਛਲੇ ਕੁਝ ਦਿਨਾਂ ਤੋਂ ਰੇਲਵੇ ਵਿਭਾਗ ਵੱਲੋਂ ਰੇਲਵੇ ਲਾਈਨਾਂ ਨੇੜੇ ਬਣਾਈ ਜਾ ਰਹੀ ਕੰਧ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਜੋ ਰੇਲਵੇ ਵੱਲੋਂ ਕੰਧ ਕੀਤੀ ਜਾ ਰਹੀ ਹੈ ਸਾਡੇ ਘਰਾਂ ਨੂੰ ਭਾਰੀ ਨੁਕਸਾਨ ਪੁੱਜੇਗਾ ਉਸ ਦੇ ਚਲਦਿਆਂ ਹਲਕਾ ਫਿਲੌਰ ਦੇ ਵਿਧਾਇਕ ਚੌਧਰੀ ਵਿਕਰਮਜੀਤ ਸਿੰਘ ਨੇ ਮੌਕੇ 'ਤੇ ਪੁੱਜ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਪੁੱਜੇ ਰੇਲਵੇ ਵਿਭਾਗ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਰੇਲਵੇ ਵਿਭਾਗ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਨਾਲ ਇਸ ਸਬੰਧ 'ਚ ਗੱਲਬਾਤ ਕੀਤੀ ਕਿਹਾ ਜੋ ਰਸਤਾ ਜਿਨ੍ਹਾਂ ਦੇ ਘਰਾਂ ਨੂੰ ਜਾਂਦਾ ਹੈ ਉਹ ਪੰਜ ਫੁੱਟ ਦਾ ਛੱਡਿਆ ਜਾਵੇ ਤਾਂ ਜੋ ਇਹ ਆਪਣੇ ਘਰਾਂ ਨੂੰ ਆਸਾਨੀ ਨਾਲ ਆ ਜਾ ਸਕਣ ਇਹਨਾਂ ਘਰਾਂ ਵਿੱਚ ਲੋਕ ਐਸੇ ਵੀ ਹਨ ਜਿਨਾਂ ਨੂੰ ਰਜਿਸਟਰੀ ਵੇਲੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ ਸੀ ਕਈ ਔਰਤਾਂ ਨੇ ਦੱਸਿਆ ਕਿ ਅਸੀਂ ਬਹੁਤ ਗਰੀਬ ਹਾਂ ਸਾਨੂੰ ਨਾ ਉਜਾੜਿਆ ਜਾਵੇ।

## ਮਨਰੇਗਾ ਅਧੀਨ ਕੰਮ ਕਰ ਰਹੀਆਂ ਬੀਬੀਆਂ ਨੇ ਹਲਕਾ ਇੰਚਾਰਜ ਨੂੰ ਦਿੱਤਾ ਮੰਗ ਪੱਤਰ



**ਫਿਲੌਰ (ਨਿਰਮਲ)** ਫਿਲੌਰ ਬੜਾ ਪਿੰਡ ਮਨਰੇਗਾ ਅਧੀਨ ਕੰਮ ਕਰਦੀਆਂ ਬੀਬੀਆਂ ਨੇ ਹਲਕਾ ਫਿਲੌਰ ਦੇ ਆਪ ਪਾਰਟੀ ਦੇ ਆਗੂ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਆਪਣੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਦਿੱਤਾ ਮੰਗ ਕੀਤੀ ਕਿ ਸਾਲ 'ਚ 100 ਦਿਨਾਂ ਦਾ ਕੰਮ ਦਿੱਤਾ ਜਾਵੇ ਮਨਰੇਗਾ ਦੀਆਂ ਜੋ ਬੀਬੀਆਂ ਕੰਮ ਕਰਦੀਆ ਹਨ ਉਹਨਾਂ ਦੀ ਮੇਟ ਸੀਮਾ ਰਾਣੀ ਨੇ ਕਿਹਾ ਕਿ ਸਰਕਾਰ ਜੋ ਬੀਬੀਆਂ ਕੰਮ ਕਰਦੀਆਂ ਹਨ ਉਹਨਾਂ ਦੇ ਖਾਤਿਆਂ 'ਚ ਪੈਸੇ ਨਹੀਂ ਪਾਏ ਜਾ ਰਹੇ ਜੋ ਕੰਮ ਨਹੀਂ ਕਰਦੀਆਂ ਉਹਨਾਂ ਦੇ ਖਾਤਿਆਂ 'ਚ ਪੈਸੇ ਪਾਏ ਜਾ ਰਹੇ ਹਨ। ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਤੁਰੰਤ ਬੀ ਡੀ ਓ ਅਤੇ ਮਨਰੇਗਾ ਦੇ ਅਫਸਰਾਂ ਨੂੰ ਹੁਕਮ ਜਾਰੀ ਕੀਤੇ ਕਿ ਜੋ ਕੰਮ ਕਰ ਰਹੀਆਂ ਮਨਰੇਗਾ ਬੀਬੀਆਂ ਦੇ ਖਾਤੇ 'ਚ ਤੁਰੰਤ ਪੈਸੇ ਪਾਏ ਜਾਣ ਤੇ ਜਿਨ੍ਹਾਂ ਦੇ ਬਗੈਰ ਕੰਮ ਕੀਤੇ ਖਾਤਿਆਂ 'ਚ ਨਜਾਇਜ ਪੈਸੇ ਪਾਏ ਜਾ ਰਹੇ ਹਨ ਉਹਨਾਂ ਦੀ ਜਾਂਚ ਕਰਾਈ ਜਾਵੇ।

## ਇਫਟੂ ਨੇ ਮਾਲਵਿੰਦਰ ਸਿੰਘ ਮਾਲੀ ਦੀ ਰਿਹਾਈ ਮੰਗੀ

**ਨਵਾਂਸ਼ਹਿਰ (ਮਨੋਜ ਲਾਡੀ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾ ਉੱਪ-ਸਕੱਤਰ ਅਵਤਾਰ ਸਿੰਘ ਤਾਰੀ ਨੇ ਸਾਬਕਾ ਵਿਦਿਆਰਥੀ ਆਗੂ ਅਤੇ ਚਿੰਤਕ ਮਲਵਿੰਦਰ ਸਿੰਘ ਮਾਲੀ ਵਿਰੁੱਧ ਮੁਹਾਲੀ ਪੁਲਸ ਵਲੋਂ ਭਾਰਤੀ ਨਿਆਏ ਸੰਹਿਤਾ ਦੀਆਂ 199, 296 ਤਹਿਤ ਐਫ ਆਈ ਆਰ ਦਰਜ ਕਰਕੇ ਗ੍ਰਿਫ਼ਤਾਰ ਕਰਨ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਉਸ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।ਆਗੂਆਂ ਨੇ ਕਿਹਾ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈ ਡੀ ਅਤੇ ਸੀ ਬੀ ਆਈ ਵਲੋਂ ਗ੍ਰਿਫਤਾਰ ਕਰਨ ਉੱਤੇ ਹਾਲ ਦੁਹਾਈ ਮਚਾਉਣ ਵਾਲੀ ਮਾਨ ਸਰਕਾਰ ਖੁਦ ਉਹਨਾਂ ਰਾਹਾਂ 'ਤੇ ਚੱਲ ਰਹੀ ਹੈ।ਮਲਵਿੰਦਰ ਸਿੰਘ ਮਾਲੀ ਵਲੋਂ ਕੀਤੀ ਜਾਂਦੀ ਅਲੋਚਨਾ ਮਾਨ ਸਰਕਾਰ ਸਹਿ ਨਹੀਂ ਸਕੀ ਜਿਸ ਕਾਰਨ ਮਾਲੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ।ਪੰਜਾਬ ਸਰਕਾਰ ਨੇ ਅਜਿਹਾ ਕਰਕੇ ਸਰਕਾਰ ਦੀ ਨੁਕਤਾਚੀਨੀ ਕਰਨ ਵਾਲਿਆਂ ਵਿੱਚ ਡਰ ਅਤੇ ਭੈਅ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼

**ਜਲੰਧਰ ( ਸ਼ੈਲੀ ਐਲਬਰਟ)** ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਚੋਰੀ ਅਤੇ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਪਟੇਲ ਚੌਕ ਜਲੰਧਰ ਵਿਖੇ ਜਾਲ ਵਿਛਾਇਆ ਸੀ।ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਉਨ੍ਹਾਂ ਨੂੰ ਭਰੋਸੇਯੋਗ ਸੂਤਰਾਂ ਤੋਂ ਸੂਚਨਾ ਮਿਲੀ ਕਿ ਸ਼ਹਿਰ 'ਚ ਚੋਰੀ ਅਤੇ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵਿਕਾਸ ਉਰਫ ਕਾਲੀ, ਸੌਰਵ ਉਰਫ ਸਾਬੀ, ਤਰੁਣ ਬਗਾਨੀਆ ਅਤੇ ਰਿਸ਼ੀ ਕੁਮਾਰ ਉਰਫ ਰਿਸ਼ੀ ਗਾਂਧੀ ਵਨੀਤਾ ਆਸ਼ਰਮ ਨੇੜੇ ਕਿਸੇ ਦੀ ਉਡੀਕ ਕਰ ਰਹੇ ਸਨ।ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਕਾਰਵਾਈ ਕਰਦਿਆਂ ਵਿਕਾਸ ਉਰਫ਼ ਕਾਲੀ, ਸੌਰਵ ਉਰਫ਼ ਸਾਬੀ ਅਤੇ ਰਿਸ਼ੀ ਕੁਮਾਰ ਉਰਫ਼ ਰਿਸ਼ੀ ਨੂੰ ਕਾਬੂ ਕਰ ਲਿਆ।ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲੋਂ ਵੱਖ-ਵੱਖ ਖੇਤਰਾਂ 'ਚੋਂ ਖੋਹੇ ਗਏ ਵੱਖ-ਵੱਖ ਬਰਾਂਡਾਂ ਦੇ 15 ਮੋਬਾਈਲ ਫ਼ੋਨ ਅਤੇ ਇੱਕ ਦਾਤਰ (ਚਾਕੂ) ਬਿਨਾਂ ਨੰਬਰੀ ਇੱਕ ਐਕਟਿਵਾ ਬਰਾਮਦ ਕੀਤਾ ਗਿਆ ਹੈ। ਪੁਲਸ ਕਮਿਸ਼ਨਰ ਨੇ ਕਿਹਾ ਕਿ ਪੁਲਸ ਮਾਮਲੇ ਦੀ ਹੋਰ ਜਾਂਚ ਕਰ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

# ਵਿਰਕ ਵਿਖੇ ਮਹਾਂ ਕੁਸ਼ਤੀ ਦੰਗਲ ਸ਼ਾਨੋ ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)** ਪਿੰਡ ਵਿਰਕ ਵਿਖੇ ਗੁੱਗਾ ਜਾਹਰ ਪੀਰ ਦੰਗਲ ਕਮੇਟੀ ਤੇ ਐਨ. ਆਰ. ਆਈ. ਵੀਰਾਂ ਤੇ ਸੂਮਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 23ਵਾਂ ਮਹਾਂ ਕੁਸ਼ਤੀ ਦੰਗਲ ਕਰਵਾਇਆ ਗਿਆ।ਏ ਆਰ ਹੈਲਪਿੰਗ ਹੈਂਡ ਫਾਉਂਡੇਸ਼ਨ ਯੂ ਐੱਸ ਏ ਰਾਜੇਸ਼ ਕੁਮਾਰ ਵੱਲੋਂ ਆਪਣੀ ਦਾਦੀ ਬੀਬੀ ਈਸ਼ੋ ਦੇਵੀ ਦੀ ਯਾਦ ਚ ਮਹਾਂ ਕੁਸ਼ਤੀ ਦੰਗਲ ਦੌਰਾਨ ਵਿਧਵਾਂ ਔਰਤਾਂ ਤੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ, ਸਕੂਲੀ ਬੱਚਿਆਂ ਨੂੰ ਸਾਇਕਲਾਂ, ਅੰਗਹੀਣਾਂ ਨੂੰ ਟ੍ਰਾਈ ਸਾਇਕਲ, ਲੜਕੀਆਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਗਈਆ।ਮੁੱਖ ਮਹਿਮਾਨ ਸੁਖਵਿੰਦਰ ਸਿੰਘ ਕੋਟਲੀ ਵਿਧਾਇਕ ਹਲਕਾ ਆਦਮਪੁਰ ਅਤੇ ਵਿਸ਼ੇਸ਼ ਮਹਿਮਾਨ ਹਰਕਮਲਪ੍ਰੀਤ ਸਿੰਘ ਖੱਖ ਐੱਸ ਐੱਸ ਪੀ ਜਲੰਧਰ ਦਿਹਾਤੀ, ਮੁਖਤਿਆਰ ਰਾਏ ਐੱਸ ਪੀ ਐੱਚ ਜਲੰਧਰ ਦਿਹਾਤੀ, ਕਿਸ਼ੋਰੀ ਲਾਲ ਡੀ ਐੱਸ ਪੀ, ਸਰਵਣ ਸਿੰਘ ਬੱਲ ਡੀ ਐੱਸ ਪੀ, ਮਲਕੀਤ ਸਿੰਘ ਡੀ ਐੱਸ ਪੀ, ਹਰਜੀਤ ਸਿੰਘ ਰੰਧਾਵਾ ਡੀ ਐੱਸ ਪੀ, ਜਤਿੰਦਰਜੀਤ ਸਿੰਘ ਡੀ ਐੱਸ ਪੀ, ਅਮਰਜੀਤ ਸੰਧੂ ਡੀ ਐੱਸ ਪੀ, ਕਮਲਜੀਤ ਸਿੰਘ ਡੀ ਐੱਸ ਪੀ ਐੱਚ ਪੀ ਆਰ, ਪਲਵਿੰਦਰ ਸਿੰਘ ਐੱਸ ਐੱਚ ਓ ਗੁਰਾਇਆ, ਇੰਸਪੈਕਟਰ ਮੀਨਾ ਕੁਮਾਰੀ, ਸੁਰਿੰਦਰ ਵਿਰਦੀ, ਗਾਇਕ ਬਲਰਾਜ ਬਿਲਗਾ, ਸੂਰਜਵੀਰ ਪਹਿਲਵਾਨ, ਜੱਸੀ ਤੱਲ੍ਹਣ, ਬਲਦੇਵ ਸਿੰਘ, ਮਾਸਟਰ ਰਾਕੇਸ਼ ਕੁਮਾਰ, ਅੰਮ੍ਰਿਤਪਾਲ ਭੌਂਸਲੇ, ਪਰਮਜੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਸਮੇਂ ਲੜਕੀਆਂ ਦੀ ਕੁਸ਼ਤੀ ਕਰਵਾਈ ਪੱਟਕੇ ਦੀ ਕੁਸ਼ਤੀ 'ਚ ਰਾਜੂ ਰਾਈਏਵਾਲ ਨੇ ਧਰਮਿੰਦਰ ਕੁਰਾਲੀ ਨੂੰ ਧੋਬੀ ਪਟਕਾ ਮਾਰਕੇ ਪਟਕੇ ਦੀ ਕੁਸ਼ਤੀ ਆਪਣੇ ਨਾਂਅ ਕੀਤੀ।

# ਡੀ ਸੀ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਸੰਬੰਧੀ ਪਬਲੀਸਿਟੀ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

**ਮੋਹਾਲੀ (ਗੁਰਜੀਤ ਬਿੱਲਾ)** ਡਿਪਟੀ ਕਮਿਸ਼ਨਰ ਐੱਸ ਏ ਐੱਸ ਨਗਰ ਸ਼੍ਰੀਮਤੀ ਆਸ਼ਿਕਾ ਜੈਨ ਆਈ ਏ ਐਸ ਦੀ ਅਗਵਾਈ ਅਧੀਨ ਵਿਰਾਜ ਐਸ ਤਿੜਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਅਤੇ ਇਸ ਦੀ ਸੁਚੱਜੀ ਸਾਂਭ ਸੰਭਾਲ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐੱਸ ਏ ਐੱਸ ਨਗਰ ਦੁਆਰਾ ਆਈ ਈ ਸੀ ਕੰਪੋਨੈਂਟ ਅਧੀਨ ਪਬਲੀਸਿਟੀ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਆਈ ਈ ਸੀ ਕੰਪੋਨੈਂਟ ਅਧੀਨ ਪਿੰਡ/ ਬਲਾਕ ਪੱਧਰੀ ਕੈਂਪ, ਵਾਲਪੇਂਟਿੰਗ, ਸਕੂਲ ਮੋਬੇਲਾਈਜੇਸ਼ਨ, ਪ੍ਰਦਰਸ਼ਨੀ ਪਲਾਟ ਆਦਿ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ 40 ਦਿਨ ਤੱਕ ਪਬਲੀਸਿਟੀ ਵੈਨ ਰਾਹੀਂ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ। ਇਸ ਵੈਨ ਦੁਆਰਾ ਵਿਭਾਗ ਵੱਲੋਂ ਤਿਆਰ ਕੀਤੇ ਗਏ ਪੰਫਲੈਟਸ ਦੀ ਵੰਡ ਅਤੇ ਆਡੀਓ ਰਿਕਾਡਿੰਗ ਰਾਹੀਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਵਾਤਾਵਰਣ, ਭੂਮੀ ਅਤੇ ਜੀਵ ਜੰਤੂਆਂ ਦੀ ਸੰਭਾਲ ਕਰਨ ਲਈ ਕਿਸਾਨ ਭਰਾਵਾਂ ਨੂੰ ਸੁਨੇਹਾ ਦਿੱਤਾ ਜਾਵੇਗਾ। ਇਸ ਮੌਕੇ ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐੱਸ ਏ ਐੱਸ ਨਗਰ, ਉਪ ਮੰਡਲ ਮੈਜਿਸਟਰੇਟ ਮੋਹਾਲੀ ਦੀਪਾਂਕਰ ਗਰਗ, ਰਣਤੇਜ ਸ਼ਰਮਾ ਵਾਤਾਵਰਣ ਇੰਜੀਨੀਅਰ, ਡਾ. ਗੁਰਦਿਆਲ ਕੁਮਾਰ ਖੇਤੀਬਾੜੀ ਵਿਕਾਸ ਅਫ਼ਸਰ, ਜੁਝਾਰ ਸਿੰਘ ਸਹਾਇਕ ਖੇਤੀਬਾੜੀ ਇੰਜੀਨੀਅਰ, ਲਖਵਿੰਦਰ ਸਿੰਘ ਜੂਨੀਅਰ ਤਕਨੀਸ਼ੀਅਨ, ਕਮਲਦੀਪ ਸਿੰਘ ਏ ਟੀ ਐਮ ਹਾਜ਼ਰ ਸਨ।

# ਬੀ ਬੀ ਐੱਮ ਬੀ ਹਸਪਤਾਲ 'ਚ ਐਮਰਜੈਂਸੀ ਸੇਵਾਵਾਂ ਬੰਦ ਕਰਨ ਦੇ ਵਿਰੋਧ 'ਚ ਏਟਕ ਤੇ ਕਾਂਗਰਸ ਵੱਲੋਂ ਵਿਰੋਧ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਥਾਨਕ ਬੀ ਬੀ ਐਮ ਬੀ ਹਸਪਤਾਲ 'ਚ ਡਾਕਟਰਾਂ ਦੀ ਘਾਟ ਦੇ ਚੱਲਦਿਆਂ ਪ੍ਰਸ਼ਾਸਨ ਨੇ ਐਮਰਜੰਸੀ ਸੇਵਾਵਾਂ ਬੰਦ ਕਰ ਦਿੱਤੀਆਂ ਹਨ। ਪ੍ਰਬੰਧਕ ਬੋਰਡ ਦੇ ਫੈਸਲੇ ਨਾਲ ਕੰਢੀ ਖ਼ੇਤਰ 'ਚ ਸਿਹਤ ਸਹੂਲਤਾਂ ਦੀ ਹਾਲਤ ਹੋਰ ਨਿੱਘਰ ਗਈ ਹੈ। ਬੀ ਬੀ ਐਮ ਬੀ ਐੱਪਲਾਈਜ਼ ਯੂਨੀਅਨ 'ਏਟਕ' ਅਤੇ ਕਾਂਗਰਸ ਪਾਰਟੀ ਨੇ ਡਾਕਟਰੀ ਅਮਲੇ ਦੀ ਘਾਟ ਕਾਰਨ ਖ਼ੇਤਰ 'ਚ ਸਿਹਤ ਸਹੂਲਤਾਂ 'ਚ ਲਗਾਤਾਰ ਕੀਤੀ ਜਾ ਰਹੀ ਕਟੌਤੀ ਦੇ ਵਿਰੋਧ 'ਚ ਪ੍ਰਦਰਸ਼ਨ ਕੀਤਾ। ਏਟਕ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਮੁਲਾਜ਼ਮਾਂ ਨੇ ਬੀ ਬੀ ਐਮ ਬੀ ਹਸਪਤਾਲ ਮੂਹਰੇ ਰੋਸ ਪ੍ਰਦਰਸ਼ਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਡਾਕਟਰੀ ਅਮਲੇ ਦੀ ਘਾਟ ਨਾਲ ਜੂਝ ਰਹੇ ਹਸਪਤਾਲ 'ਚ ਪਿਛਲੇ ਦਿਨੀਂ ਇੱਕ ਡਾਕਟਰ ਦੀ ਨੇੜਲੇ ਹਸਪਤਾਲ ਭੋਲ ਕਲੌਤਾ 'ਚ ਬਦਲੀ ਕਰ ਦਿੱਤੀ ਗਈ ਹੈ। ਯੂਨੀਅਨ ਆਗੂ ਸ਼ਿਵ ਕੁਮਾਰ ਨੇ ਪ੍ਰਬੰਧਕ ਬੋਰਡ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ। ਕੁਝ ਮਹੀਨੇ ਪਹਿਲਾਂ ਬੀ ਬੀ ਐਮ ਬੀ ਹਸਪਤਾਲ ਦੀ ਇਮਾਰਤ ਦੀ ਛੱਤ 'ਤੇ ਸੋਲਰ ਪੈਨਲਾਂ ਦੇ ਨਾਂ 'ਤੇ ਟੋਏ ਪਾ ਦਿੱਤੇ ਗਏ, ਜਿਸ ਕਾਰਨ ਪੂਰੀ ਇਮਾਰਤ 'ਚ ਲਿਕੇਜ ਸ਼ੁਰੂ ਹੋ ਗਈ ਹੈ। ਉਧਰ ਬਾਅਦ ਦੁਪਹਿਰ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰੁਣ ਕੁਮਾਰ ਉਰਫ਼ ਮਿੱਕੀ ਡੋਗਰਾ ਨੇ ਸ਼ਹਿਰੀ ਪ੍ਰਧਾਨ ਬੋਧਰਾਜ ਦੀ ਰਹਿਨੁਮਾਈ ਹੇਠ ਹਸਪਤਾਲ ਦਾ ਦੌਰਾ ਕੀਤਾ। ਸ਼੍ਰੀ ਡੋਗਰਾ ਨੇ ਕੰਢੀ ਖ਼ੇਤਰ 'ਚ ਲੱਚਰ ਸਿਹਤ ਸੁਵਿਧਾਵਾਂ ਲਈ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਕਾਰਪੋਰੇਟ ਪੱਖੀ ਕੇਂਦਰ ਸਰਕਾਰ ਜਿੱਥੇ ਸਭ ਕੁੱਝ ਆਪਣੇ ਚਹੇਤੇ ਕਾਰਪੋਰੇਟ ਨੂੰ ਦੇ ਕੇ ਲੋਕਾਂ ਦੀ ਛਿੱਲ ਲੁਹਾਅ ਰਹੀ ਹੈ, ਉੱਥੇ ਹੀ ਬਿਹਤਰ ਸਿਹਤ ਸੁਵਿਧਾਵਾਂ ਅਤੇ ਸਿੱਖਿਆ ਪ੍ਰਬੰਧ ਦਾ ਝਾਂਸਾ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ 'ਚ ਇਨ੍ਹਾਂ ਦੋਵੇਂ ਖੇਤਰਾਂ ਦੀ ਹਾਲਤ ਤਰਸਯੋਗ ਬਣ ਗਈ ਹੈ।

# ਕਾਂਗਰਸ ਵੱਲੋਂ ਥਾਣਾ ਚੱਬੇਵਾਲ ਅੱਗੇ ਲਗਾਇਆ ਰੋਸ ਧਰਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕਾਂਗਰਸ ਪਾਰਟੀ ਪੰਜਾਬ ਦੇ ਹਲਕਾ ਚੱਬੇਵਾਲ ਦੇ ਇੰਚਾਰਜ ਕੁਲਵਿੰਦਰ ਸਿੰਘ ਰਸੂਲਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਕਾਲ ਤਹਿਤ ਥਾਣਾ ਚੱਬੇਵਾਲ ਅੱਗੇ ਰੋਸ ਧਰਨਾ ਲਗਾਇਆ ਗਿਆ।ਹਲਕਾ ਚੱਬੇਵਾਲ 'ਚ ਹਲਕਾ ਇੰਚਾਰਜ ਕੁਲਵਿੰਦਰ ਸਿੰਘ ਰਸੂਲਪੁਰੀ ਵੱਲੋਂ ਪੁਲਸ ਸਟੇਸ਼ਨ ਦੇ ਸਾਹਮਣੇ ਮੌਜੂਦਾ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ।ਜਿਸ ਦਾ ਮੁੱਖ ਵਿਸ਼ਾ ਲੁੱਟਾਂ-ਖੋਹਾਂ ਅਤੇ ਦਿਨ ਦਿਹਾੜੇ ਵੱਧ ਰਹੀਆਂ ਕਤਲ ਦੀਆਂ ਵਾਰਦਾਤਾਂ ਸਨ।ਇਸ ਮੌਕੇ ਰੋਸ਼ ਧਰਨੇ ਦੌਰਾਨ ਹਲਕਾ ਇੰਚਾਰਜ ਚੱਬੇਵਾਲ ਕੁਲਵਿੰਦਰ ਸਿੰਘ ਰਸੂਲਪੁਰ ਅਤੇ ਸਮੂਹ ਕਾਂਗਰਸੀ ਵਰਕਰਾਂ ਵੱਲੋਂ ਜਗੀਰ ਸਿੰਘ ਡੀ ਐਸ ਪੀ ਨੂੰ ਮੰਗ ਪੱਤਰ ਦਿੱਤਾ ਗਿਆ।ਉਨ੍ਹਾ ਦੇ ਨਾਲ ਪੂਰੀ ਕਾਂਗਰਸ ਟੀਮ ਹਰਜਿੰਦਰ ਰਸੂਲਪੁਰੀ, ਪ੍ਰੇਮ ਸਿੰਘ ਠੱਕਰਵਾਲ, ਯੂਥ ਪ੍ਰਧਾਨ ਗੁਰਪ੍ਰੀਤ ਸਿੰਘ, ਨੰਬਰਦਾਰ ਗੁਰਦੇਵ ਸਿੰਘ ਠੱਕਰਵਾਲ, ਸਰਕਲ ਪ੍ਰਧਾਨ ਤਰੁਣ ਕੁਮਾਰ (ਟਿੰਕੂ ), ਹਰਬੰਸ ਕੌਰ, ਸੰਤੋਖ ਸਿੰਘ, ਬਲਵੰਤ ਕੌਰ, ਲੈਬਰ ਸਿੰਘ, ਸੋਨੂ, ਜੈ ਗਣੇਸ਼, ਕੁਲਵਿੰਦਰ, ਵਿੱਕੀ ਕਾਲੇਵਾਲ, ਕੁਲਵੰਤ, ਅਰਵਿੰਦਰ ਕੌਰ, ਰਾਣੋ, ਭੁਪਿੰਦਰ ਸਿੰਘ, ਗਿਆਨ ਚੰਦ, ਰਾਮ ਜੀ, ਕਮਲ ਠੁਆਂਣਾ ਆਦਿ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿਚ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ।

# ਸਾਫ਼-ਸਫ਼ਾਈ ਸੰਬੰਧੀ ਜਾਗਰੂਕ ਕਰਨ ਲਈ 2 ਅਕਤੂਬਰ ਤੱਕ ਕਰਵਾਈਆਂ ਜਾਣਗੀਆਂ ਗਤੀਵਿਧੀਆਂ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਸੈਂਟਰਲ ਦੇ ਵਿਧਾਇਕ ਰਮਨ ਅਰੋੜਾ ਅਤੇ ਵਧੀਕ ਡਿਪਟੀ ਕਮਿਸ਼ਨਰ ਬੁੱਧੀਰਾਜ ਸਿੰਘ ਵਲੋਂ ਅੱਜ ਰਸਮੀ ਤੌਰ 'ਤੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ 'ਸਵੱਛਤਾ ਹੀ ਸੇਵਾ-2024' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਹ ਮੁਹਿੰਮ ਸਵੱਛ ਭਾਰਤ ਮਿਸ਼ਨ ਦੇ 10 ਸਾਲ ਪੂਰੇ ਹੋਣ ਨੂੰ ਸਮਰਪਤ ਹੈ। ਇਸ ਮੌਕੇ ਹਲਕਾ ਵਿਧਾਇਕ ਅਤੇ ਏ.ਡੀ.ਸੀ. ਵਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਦਫ਼ਤਰਾਂ ਵਿੱਚ ਸਾਫ-ਸਫ਼ਾਈ ਨੂੰ ਯਕੀਨੀ ਬਣਾਉਣ ਲਈ ਉਤਸ਼ਾਹਿਤ ਕਰਦਿਆਂ ਸ਼ਮ੍ਹਾ ਰੌਸ਼ਨ ਕਰਕੇ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਜਸਕਰਨ ਸਿੰਘ ਵਲੋਂ ਅਧਿਕਾਰੀ ਨਵਜੋਤ ਸਿੰਘ ਅਤੇ ਦਵਿੰਦਰ ਸਿੰਘ ਨਾਲ ਸਮਾਗਮ ਵਿੱਚ ਸ਼ਾਮਿਲ ਲੋਕਾਂ ਨੂੰ 'ਸਵੱਛਤਾ ਸਹੁੰ' ਚੁਕਾਈ ਗਈ। ਇਸ ਮੌਕੇ 2 ਅਕਤੂਬਰ ਮੁਹਿੰਮ ਦੇ ਸਮਾਪਤ ਹੋਣ ਤੱਕ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਦੀ ਰੂਪ-ਰੇਖਾ ਉਲੀਕੀ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲ ਕਦਮੀਆਂ ਦਾ ਮੰਤਵ ਵਾਤਾਵਰਣ ਨੂੰ ਸਾਫ-ਸੁਥਰਾ ਤੇ ਹਰਿਆ ਭਰਿਆ ਰੱਖਣ ਲਈ ਕੂੜਾ-ਕਰਕਟ ਦੀ ਸੁਚੱਜੀ ਸੰਭਾਲ ਪ੍ਰਤੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮੌਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੁਖਵੀਰ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਅਤੇ ਪਬਲਿਕ ਹੈਲਥ ਵਿਭਾਗ ਤੋਂ ਐਸ.ਡੀ.ਓਜ਼ ਗਗਨਦੀਪ ਸਿੰਘ ਵਾਲੀਆ, ਚੇਤਨ ਸੈਣੀ, ਅਲੋਕ ਅਰੋੜਾ ਤੇ ਸਿੰਚਾਈ ਵਿਭਾਗ ਤੋਂ ਇੰਦਰ ਸਿੰਘ ਅਤੇ ਆਈ ਈ ਸੀ ਮਾਹਰ ਰੋਹਿਤ ਸਿੱਧੂ ਮੌਜੂਦ ਸਨ।

# ਹੁਣ 31 ਅਕਤੂਬਰ ਤੱਕ ਬਣਾਈਆਂ ਜਾ ਸਕਦੀਆਂ ਸ਼੍ਰੋਮਣੀ ਕਮੇਟੀ ਵੋਟਾਂ : ਜ਼ਿਲ੍ਹਾ ਚੋਣ ਅਫ਼ਸਰ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸੋਧਿਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਹੁਣ ਸੋਧੇ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਾਂ ਬਣਵਾਉਣ ਲਈ ਫਾਰਮ ਪ੍ਰਾਪਤ ਕਰਨ ਦੀ ਆਖ਼ਰੀ ਮਿਤੀ ਵਿਚ ਵਾਧਾ ਕਰਕੇ 31 ਅਕਤੂਬਰ 2024 ਤੱਕ ਕਰ ਦਿੱਤੀ ਗਈ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਧੇ ਸ਼ਡਿਊਲ ਅਨੁਸਾਰ ਵੋਟਰ ਸੂਚੀ ਦੀ ਮੁਢਲੀ ਪ੍ਰਕਾਸ਼ਨਾ 4 ਨਵੰਬਰ ਨੂੰ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਉਹ ਫਾਰਮ ਨੰਬਰ 1 ਭਰ ਕੇ 31 ਅਕਤੂਬਰ 2024 ਤੱਕ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮੁਢਲੀ ਪ੍ਰਕਾਸ਼ਿਤ ਵੋਟਰ ਸੂਚੀ 'ਤੇ ਦਾਅਵੇ ਅਤੇ ਇਤਰਾਜ਼ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰੇਕ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ, ਜੋ ਆਪਣੀ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਅਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿਥੇ ਉਹ ਰਹਿੰਦਾ ਹੈ, ਸਬੰਧਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ.1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ/ਸ਼ਹਿਰਾਂ ਵਿਚ ਪਟਵਾਰੀਆਂ, ਬੀ.ਐਲ.ਓਜ਼, ਡੈਜ਼ੀਗਨੇਟਿਡ ਕਰਮਚਾਰੀਆਂ ਨੂੰ ਦੇ ਸਕਦਾ ਹੈ। ਵੋਟ ਬਣਾਉਣ ਵਾਲੇ ਵਿਅਕਤੀ ਦੀ ਆਸਥਾ ਸਿੱਖ ਧਰਮ ਵਿਚ ਹੋਣੀ ਚਾਹੀਦੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੀ ਵੋਟ ਬਣਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਫਾਰਮਾਂ ਦੇ ਨਾਲ ਇਕ ਪਾਸਪੋਰਟ ਸਾਈਜ਼ ਫੋਟੋ ਦੇ ਨਾਲ ਰਿਹਾਇਸ਼ ਦੇ ਸਬੂਤ ਵਜੋਂ ਆਧਾਰ ਕਾਰਡ, ਈ.ਸੀ.ਆਈ ਵੱਲੋਂ ਜਾਰੀ ਵੋਟਰ ਆਈ.ਡੀ. ਕਾਰਡ (ਫੋਟੋ ਵਾਲਾ), ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੰਸ, ਕਰਮਚਾਰੀਆਂ ਨੂੰ ਜਾਰੀ ਸਰਵਿਸ ਆਈ.ਡੀ. ਕਾਰਡ ਫੋਟੋ ਸਮੇਤ ਜਿਸ ਨੂੰ ਕੇਂਦਰ/ਰਾਜ ਸਰਕਾਰ/ਪੀ.ਐਸ.ਯੂ/ਪਬਲਿਕ ਲਿਮਿਟਿਡ ਕੰਪਨੀ ਵੱਲੋਂ ਜਾਰੀ ਕੀਤਾ ਹੋਵੇ, ਬੈਂਕ/ਡਾਕਖਾਨੇ ਵੱਲੋਂ ਜਾਰੀ ਪਾਸਬੁੱਕ ਫੋਟੋ ਸਮੇਤ, ਪੈਨ ਕਾਰਡ, ਐਨ.ਪੀ.ਆਰ. ਅਧੀਨ ਆਰ.ਜੀ.ਆਈ. ਵੱਲੋਂ ਜਾਰੀ ਸਮਾਰਟ ਕਾਰਡ, ਮਨਰੇਗਾ ਜਾਬ ਕਾਰਡ, ਮਨਿਸਟਰੀ ਆਫ਼ ਲੇਬਰ ਵੱਲੋਂ ਜਾਰੀ ਸਿਹਤ ਬੀਮਾ ਸਮਾਰਟ ਕਾਰਡ, ਸਰਕਾਰੀ ਪੈਨਸ਼ਨ ਦਸਤਾਵੇਜ਼ ਸਮੇਤ ਫੋਟੋ, ਐਮ.ਪੀਜ਼, ਐਮ.ਐਲ.ਏਜ਼ ਅਤੇ ਐਮ.ਐਲ.ਸੀਜ਼ ਨੂੰ ਜਾਰੀ ਦਫ਼ਤਰੀ ਸ਼ਨਾਖ਼ਤੀ ਕਾਰਡ ਵਿਚੋਂ ਕੋਈ ਵੀ ਇਕ ਦਸਤਾਵੇਜ਼ ਨਾਲ ਨੱਥੀ ਕਰਨਾ ਲਾਜ਼ਮੀ ਹੈ।

# ਮਾਲਵਿੰਦਰ ਮਾਲੀ ਖਿਲਾਫ਼ ਕੇਸ ਦਰਜ ਕਰਨ ਦੀ ਸਖ਼ਤ ਨਿਖੇਧੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਆਫ ਇੰਡੀਆ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਪਟਿਆਲੇ ਦੇ ਪੱਤਰਕਾਰਾਂ ਦੇ ਨਾਲ ਨਾਲ ਹਾਲ ਹੀ ਵਿੱਚ ਮਾਲਵਿੰਦਰ ਸਿੰਘ ਮਾਲੀ ਪੱਤਰਕਾਰ ਖਿਲਾਫ ਦਰਜ ਕੀਤੇ ਗਏ ਕੇਸ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਲੋਕਤੰਤਰ ਦੇ ਚੌਥੇ ਥੰਮ੍ਹ ਉੱਪਰ ਹਮਲਾ ਕਰਾਰ ਦਿੰਦੇ ਹੋਏ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਮਾਲਵਿੰਦਰ ਮਾਲੀ ਸਮੇਤ ਮੋਹਾਲੀ ਵਿਖੇ ਸਮੂਹ ਪੱਤਰਕਾਰਾਂ ਵਿਰੁੱਧ ਦਰਜ ਕੀਤੇ ਝੂਠੇ ਪੁਲਸ ਪਰਚਿਆਂ ਨੂੰ ਤੁਰੰਤ ਰੱਦ ਕੀਤਾ ਜਾਵੇ। ਉਹਨਾਂ ਦਸਿਆ ਕਿ ਸਮੁੱਚੇ ਪੰਜਾਬ ਵਿੱਚ ਭੂ ਮਾਫੀਏ, ਠੱਗ ਟਰੈਵਲ ਏਜੰਟਾਂ, ਖਨਨ ਮਾਫੀਆ, ਡਰੱਗ ਮਾਫੀਆ, ਗੈਂਗਸਟਰ ਮਾਫੀਆ, ਭਰਿਸ਼ਟ ਅਧਿਕਾਰੀ ਮਾਫੀਆ ਅਤੇ ਭ੍ਰਿਸ਼ਟ ਤੇ ਬੇਈਮਾਨ ਰਾਜਨੀਤਿਕ ਮਾਫੀਆ ਦੀ ਸ਼ਹਿ 'ਤੇ ਮਿਲੀਭੁਗਤ ਨਾਲ ਸੱਚੀ ਸੁੱਚੀ ਪੱਤਰਕਾਰੀ ਕਰ ਰਹੇ ਪੱਤਰਕਾਰਾਂ ਵਿਰੁੱਧ ਝੂਠੇ ਪਰਚੇ ਦਰਜ ਕਰਕੇ ਲੋਕਤੰਤਰ ਦੇ ਚੌਥੇ ਥੰਮ੍ਹ ਨੂੰ ਸੁੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭ੍ਰਿਸ਼ਟ ਪੁਲਸ ਅਫਸਰਾਂ, ਟਰੈਵਲ ਏਜੰਟਾ, ਭੂ ਮਾਫੀਆ, ਖਨਨ ਮਾਫੀਆ, ਭਰਿਸ਼ਟ ਅਧਿਕਾਰੀਆਂ ਅਤੇ ਭ੍ਰਿਸ਼ਟ ਰਾਜਨੀਤਿਕ ਲੋਕਾਂ ਵੱਲੋਂ ਲੋੜ ਤੋਂ ਵੱਧ ਬਣਾਈ ਜਾਇਦਾਦ ਦੀ ਨਿਰਪੱਖ ਜਾਂਚ ਕਰਾਈ ਜਾਵੇ ਤਾਂ ਕਿ ਗੈਰਕਾਨੂੰਨੀ ਦੌਲਤ ਦੇ ਦਮ 'ਤੇ ਫੈਲਾਈ ਜਾ ਰਹੀ ਅਰਾਜਕਤਾ ਨੂੰ ਠੱਲ ਪਾਈ ਜਾ ਸਕੇ।ਪੰਜਾਬ ਪੁਲਸ ਵੱਲੋਂ ਝੂਠੇ ਪਰਚੇ ਦਰਜ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਉਨ੍ਹਾਂ ਪੰਜਾਬ ਦੇ ਸਮੂਹ ਪੱਤਰਕਾਰ ਕਲੱਬਾਂ ਅਤੇ ਪੱਤਰਕਾਰ ਜਥੇਬੰਦੀਆਂ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਆਓ ਸਾਰੇ ਇੱਕ ਪਲੇਟਫਾਰਮ ਤੇ ਜਥੇਬੰਦ ਹੋ ਕੇ ਸਾਂਝਾ ਫਰੰਟ ਬਣਾਈਏ ਤਾਂ ਜੋ ਪੱਤਰਕਾਰਾਂ ਦੀ ਸੁਰੱਖਿਆ ਅਤੇ ਨਜਾਇਜ ਪਰਚਿਆਂ ਨੂੰ ਰੱਦ ਕਰਾਉਣ ਲਈ ਸਾਂਝੇ ਸੁਹਿਰਦ ਯਤਨ ਕੀਤੇ ਜਾ ਸਕਣ।

# ਸੌ ਸਾਲ ਪੁਰਾਣੇ ਦਰੱਖਤਾਂ ਨੂੰ ਕੱਟੇ ਜਾਣ ਦੇ ਵਿਰੋਧ 'ਚ ਸਮਾਜ ਸੇਵੀ ਸੰਸਥਾ ਨੇ ਦਿੱਤਾ ਧਰਨਾ

**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਸਰਕਾਰੀ ਹਸਪਤਾਲ 'ਚ ਸਿਵਲ ਸਰਜਨ ਦਫਤਰ 'ਚ ਕੱਟੇ ਗਏ 100 ਸਾਲ ਪੁਰਾਣੇ ਦਰੱਖਤ ਦੇ ਵਿਰੋਧ 'ਚ ਧਰਨਾ ਦਿੱਤਾ ਗਿਆ। ਦਰੱਖਤਾਂ ਦੀ ਕਟਾਈ ਦੇ ਵਿਰੋਧ ਵਿੱਚ ਇਹ ਪ੍ਰਦਰਸ਼ਨ ਸਮਾਜ ਸੇਵੀ ਤੇਜਸਵੀ ਮਿਨਹਾਸ ਅਤੇ ਐਕਸ਼ਨ ਗਰੁੱਪ ਅਗੇਂਸਟ ਪਲਾਸਟਿਕ ਪੋਲਿਊਸ਼ਨ (ਏਜੀਏਪੀਪੀ) ਦੇ ਡਾ. ਨਵਨੀਤ ਭੁੱਲਰ ਦੀ ਅਗਵਾਈ ਵਿੱਚ ਕੀਤਾ ਗਿਆ। ਸਮਾਜ ਸੇਵੀ ਤੇਜਸਵੀ ਮਿਨਹਾਸ ਨੇ ਦੱਸਿਆ ਕਿ ਪੁਰਾਣੇ ਕੰਪਲੈਕਸ ਨੂੰ ਢਾਹ ਕੇ ਉੱਥੇ ਕ੍ਰਿਟੀਕਲ ਕੇਅਰ ਯੂਨਿਟ (ਸੀ ਸੀ ਯੂ) ਸਥਾਪਿਤ ਕੀਤਾ ਜਾ ਰਿਹਾ ਹੈ। ਮਿਨਹਾਸ ਨੇ ਕਿਹਾ ਕਿ ਅਸੀਂ ਸਾਰੇ ਇੱਥੇ 100 ਸਾਲ ਪੁਰਾਣੇ ਵਿਰਾਸਤੀ ਦਰੱਖਤਾਂ ਦੀ ਗੈਰ-ਕਾਨੂੰਨੀ ਕਟਾਈ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਹਾਂ। ਪੀ.ਡਬਲਿਊ.ਡੀ. ਨੇ ਠੇਕੇਦਾਰ ਨੂੰ ਦਰੱਖਤ ਕੱਟਣ ਦੇ ਅਧਿਕਾਰ ਦਿੱਤੇ ਹਨ ਪਰ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵ ਅਤੇ ਰੁੱਖਾਂ ਦੀ ਕਟਾਈ ਦੇ ਬਦਲਾਂ ਬਾਰੇ ਕੋਈ ਵਿਗਿਆਨਕ ਅਧਿਐਨ ਨਹੀਂ ਕੀਤਾ ਗਿਆ। ਇਨ੍ਹਾਂ ਦਰੱਖਤਾਂ ਨੂੰ ਬਚਾਉਣ ਲਈ ਅੱਜ ਅਸੀਂ ਇੱਥੇ ਧਰਨਾ ਦਿੱਤਾ ਹੈ। ਤੇਜਸਵੀ ਨੇ ਕਿਹਾ ਕਿ 16 ਸਤੰਬਰ ਨੂੰ ਕੰਮ ਬੰਦ ਕਰ ਦਿੱਤਾ ਗਿਆ ਸੀ ਅਤੇ ਇਸ ਦੀ ਏਜੀਏਪੀਪੀ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਅਤੇ ਇਸ ਦੀ ਕਾਪੀ ਠੇਕੇਦਾਰ ਨੂੰ ਭੇਜ ਦਿੱਤੀ ਗਈ ਸੀ। ਪਰ ਇਸ ਦੇ ਬਾਵਜੂਦ ਅਗਲੇ ਦਿਨ ਰਾਤੋ ਰਾਤ ਜੇ ਸੀ ਬੀ ਮਸ਼ੀਨ ਨਾਲ ਦਰੱਖਤ ਕੱਟੇ ਗਏ। ਇਸ ਮਾਮਲੇ 'ਚ ਤੇਜਸਵੀ ਨੇ ਕਿਹਾ ਕਿ ਅਪਰਾਧਿਕ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਰੱਖਤ ਨੂੰ ਬਚਾਉਣ 'ਚ ਮਦਦ ਕਰਨ।ਤੇਜਸਵੀ ਨੇ ਇਹ ਵੀ ਕਿਹਾ ਕਿ ਭਾਰਤ ਵਿਚ ਸਭ ਤੋਂ ਘੱਟ ਜੰਗਲੀ ਖੇਤਰ ਹੈ ਅਤੇ ਸ਼ਹਿਰੀ ਖੇਤਰਾਂ ਵਿਚ ਬਹੁਤ ਘੱਟ ਪੁਰਾਣੇ ਦਰੱਖਤ ਬਚੇ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਵਿਕਾਸ ਦੇ ਨਾਂ 'ਤੇ ਬਿਨਾਂ ਸੋਚੇ ਸਮਝੇ ਕੱਟਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ 'ਚ ਕੇਸ ਦਾਇਰ ਕੀਤਾ ਗਿਆ ਹੈ।

# ਗੁਰਸ਼ਰਨ ਭਾਜੀ ਦੇ ਜਨਮ ਦਿਹਾੜਿਆਂ ਨੂੰ ਸਮਰਪਿਤ 9 ਰੋਜ਼ਾ ਸਮਾਗਮ ਵੱਖ-ਵੱਖ ਥਾਵਾਂ 'ਤੇ ਆਯੋਜਿਤ



**ਚੰਡੀਗੜ੍ਹ (ਗੁਰਜੀਤ ਬਿੱਲਾ)** ਇਪਟਾ ਪੰਜਾਬ ਵੱਲੋਂ ਆਪਣੀਆਂ ਰੰਗਮੰਚੀ, ਸੱਭਿਆਚਰਕ ਅਤੇ ਸਮਾਜਿਕ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਦਿਆਂ ਆਪਣੀਆਂ ਜ਼ਿਲ੍ਹਾ ਇਕਾਈਆਂ ਅਤੇ ਭਰਾਤਰੀ ਸੰਸਥਾਵਾਂ ਦੇ ਸਹਿਯੋਗ ਨਾਲ ਦੇਸ਼ ਤੋਂ ਅਲਙ਼ ਉਮਰੇ ਆਪਾ-ਵਾਰਨ ਵਾਲੇ ਸ਼ਹੀਦ ਭਗਤ ਸਿੰਘ ਤੇ ਨਾਟਕਾਂ ਰਾਹੀ ਲੋਕ-ਮਸਲੇ, ਲੋਕ-ਭਾਸ਼ਾ 'ਚ ਉਭਾਰਨ ਵਾਲੇ ਨਾਟ-ਕਰਮੀ ਗੁਰਸ਼ਰਨ ਭਾਜੀ ਦੇ ਜਨਮ ਦਿਹਾੜਿਆਂ ਨੂੰ ਸਮਰਪਿਤ 9 ਰੋਜ਼ਾ ਸਮਾਗਮਾਂ ਦੇ ਅਯੋਜਨਾਂ ਵਿੱਚ ਸ਼ਹੀਦ ਭਗਤ ਸਿੰਘ ਤੇ ਗੁਰਸ਼ਰਨ ਭਾਜੀ ਦੇ ਵਿਚਾਰਧਾਰਕ ਤੇ ਸਮਾਜਿਕ ਸਰੋਕਾਰਾਂ ਬਾਰੇ ਵਿਦਵਾਨਾਂ ਤੇ ਚਿੰਤਕਾਂ ਵੱਲੋਂ ਚਰਚਾ ਕਰਨ ਤੋਂ ਇਲਾਵਾ ਨਾਟਕ, ਨੁਕੜ-ਨਾਟਕ, ਗਾਇਕੀ ਤੇ ਸ਼ਾਇਰੀ ਵੀ ਹੋਵੇਗੀ। ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਕਾਰ ਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਅਤੇ ਜਨਰਲ ਸਕੱਤਰ ਤੇ ਰੰਗਕਰਮੀ ਇੰਦਰਜੀਤ ਰੂਪੋਵਾਲੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ 9 ਰੋਜ਼ਾ ਸਮਾਗਮਾਂ ਦੀ ਦੇ ਅਯੋਜਨਾਂ ਨੂੰ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਸਫਲਤਾ ਨਾ ਨੇਪਰੇ ਚਾੜਣ ਲਈ ਗੁਰਦਾਸਪੁਰ ਤੋਂ ਰੰਗਕਰਮੀ ਗੁਰਮੀਤ ਸਿੰਘ ਪਾਹੜਾ ਨੂੰ ਕਨਵੀਨਰ ਅਤੇ ਕਪੂਰਥਲਾਂ ਤੋਂ ਨਾਟ-ਕਰਮੀ ਡਾ. ਹਰਭਜਨ ਸਿੰਘ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਕਨਵੀਨਰ ਅਤੇ ਕੋ-ਕਨਵੀਨਰ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ 21 ਸਤੰਬਰ ਨੂੰ ਕਪੂਰਥਲਾ, 22 ਨੂੰ ਮੁਹਾਲੀ, 23 ਨੂੰ ਅੰਮ੍ਰਿਤਸਰ, 24 ਨੂੰ ਜਲੰਧਰ, 25 ਨੂੰ ਮਾਨਸਾ, 26 ਨੂੰ ਬਠਿੰਡਾ, 27 ਨੂੰ ਗੁਰਦਾਸਪੁਰ, 28 ਨੂੰ ਮੋਗਾ ਅਤੇ 29 ਨੂੰ ਫਗਵਾੜਾ ਵਿਖੇ ਸਰਬਜੀਤ ਰੂਪੋਵਾਲੀ, ਜਸਬੀਰ ਗਿੱਲ,ਦਲਜੀਤ ਸਿੰਘ ਸੋਨਾ, ਐਡਵੋਕੇਟ ਨੀਰਜ਼ ਕੌਸ਼ਿਕ,ਬਿੱਟੂ ਮਾਨਸਾ, ਕੀਰਤੀ ਕ੍ਰਿਪਾਲ, ਬੂਟਾ ਰਾਮ ਆਜ਼ਾਦ, ਵਿੱਕੀ ਮਹੇਸ਼ਵਰੀ ਤੇ ਬੀਬਾ ਕੁਲਵੰਤ ਦੀ ਰਹਿਨੁਮਾਈ ਹੇਠ ਹੋਣਗੇ।

20-SEP-PAGE-9.qxd 9/19/2024 11:23 PM Page 1



# ਸਰਕਾਰ ਸਕੂਲਾਂ 'ਚ ਪੋਸਟਾਂ ਰੈਗੂਲਰ ਭਰਨ ਵੱਲ ਧਿਆਨ ਦੇਵੇ : ਬੱਲੀ



**ਮਹਿਤਪੁਰ (ਰਾਜਾ)** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਸੂਬਾ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਮੁੱਖ ਮੰਤਰੀ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਨੂੰ ਸਮੇਂ ਦਾ ਹਾਣੀ ਬਣਾਉਣ ਦੀ ਥਾਂ ਸਰਕਾਰੀ ਸਕੂਲਾਂ ਨੂੰ ਮਜ਼ਾਕ ਦਾ ਪਾਤਰ ਬਣਾਉਣ ਵਾਲੇ ਦਿੱਤੇ ਬਿਆਨ ਦੀ ਨਿਖੇਧੀ ਕੀਤੀ ਹੈ।ਆਗੂਆਂ ਨੇ ਕਿਹਾ ਕਿ ਸਕੂਲੀ ਸਿੱਖਿਆ ਵਿੱਚ ਇਹ ਸਰਕਾਰ ਨਿਰੰਤਰ ਬੇਲੋੜੇ ਪਰਿਵਰਤਨ ਕਰ ਰਹੀ ਹੈ।ਬੱਚਿਆਂ ਨੂੰ ਸਿਲੇਬਸ ਤੋਂ ਦੂਰ ਕਰ ਕੇ ਅਧਿਆਪਕ /ਵਿਦਿਆਰਥੀਆਂ ਨੂੰ ਪਹਿਲਾਂ ਮਿਸ਼ਨ ਸਮਰੱਥ ਵਿੱਚ ਉਲਝਾਈ ਰੱਖਿਆ ਅਤੇ ਹੁਣ ਕੰਪੀਟੈਨਸੀ ਐਨਹਾਂਸਮੈਂਟ ਪ੍ਰੋਗਰਾਮ ਵਿੱਚ।ਸੀ ਈ ਪੀ ਤਹਿਤ ਸਾਰੇ ਸਿਲੇਬਸ ਵਿੱਚੋਂ ਪੇਪਰ ਲਿਆ ਜਾ ਰਿਹਾ ਹੈ ਜਦਕਿ ਬੱਚਿਆਂ ਨੂੰ ਅਜੇ ਤੱਕ ਚੌਥਾ ਹਿੱਸਾ ਵੀ ਸਿਲੇਬਸ ਨਹੀਂ ਕਰਵਾਇਆ ਗਿਆ।ਇਸ ਤਰ੍ਹਾਂ ਦੇ ਕਾਰਜਾਂ ਤਹਿਤ ਅਧਿਆਪਕਾਂ ਨੂੰ ਪੇਪਰਾਂ ਨੂੰ ਚੈੱਕ ਕਰਕੇ ਨੰਬਰ ਅਤੇ ਹੋਰ ਡਾਕਾਂ ਆਨਲਾਈਨ ਚੜ੍ਹਾਉਣ ਅਤੇ ਗੈਰ ਵਿਦਿਅਕ ਕੰਮਾਂ 'ਚ ਉਲਝਾ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਿਲੇਬਸ ਤੋਂ ਦੂਰੀ ਬਣਵਾਈ ਜਾ ਰਹੀ ਹੈ। ਪ੍ਰਾਈਵੇਟ ਸਕੂਲ ਸਿਲੇਬਸ ਪੜ੍ਹਾ ਕੇ ਬੱਚਿਆਂ ਦੇ ਪੇਪਰ ਲੈ ਰਹੇ ਹਨ, ਉਸ ਸਮੇਂ ਸਰਕਾਰੀ ਅਧਿਆਪਕ ਘਰ ਘਰ ਵੋਟਾਂ ਬਣਾ ਰਹੇ ਹਨ। ਮੁੱਖ ਮੰਤਰੀ ਨੇ ਇੱਕ ਨਿਊਜ਼ ਚੈਨਲ ਨੂੰ ਇੰਟਰਵਿਊ ਦੌਰਾਨ ਜੋ ਸਰਕਾਰੀ ਸਕੂਲਾਂ ਬਾਰੇ ਬਿਆਨ ਦੇ ਰਹੇ ਹਨ, ਉਹ ਰਾਜ ਦੇ ਮੁੱਖ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ। ਬਿਆਨ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਘਟੀਆ ਪੱਧਰ ਵੱਲ ਪ੍ਰਚਾਰਦਾ ਹੈ ਅਤੇ ਇਸ ਤਰ੍ਹਾਂ ਦੇ ਬਿਆਨ ਪ੍ਰਾਈਵੇਟ ਸਕੂਲਾਂ ਨੂੰ ਉਤਸ਼ਾਹਿਤ ਕਰਨਗੇ। ਗੌਰਮਿੰਟ ਟੀਚਰਜ ਯੂਨੀਅਨ (ਵਿਗਿਆਨਿਕ) ਪੰਜਾਬ ਮੁੱਖ ਮੰਤਰੀ ਵੱਲੋਂ ਸਰਕਾਰੀ ਸਕੂਲਾਂ ਬਾਰੇ ਨਿਊਜ਼ ਚੈਨਲ ਨੂੰ ਦਿੱਤੀ ਗਈ ਇੰਟਰਵਿਊ ਵਿੱਚ ਦਿੱਤੇ ਬਿਆਨ ਦੀ ਨਿਖੇਧੀ ਕਰਦੀ ਹੈ, ਬਿਆਨ ਵਾਪਸ ਲੈਣ ਦੀ ਮੰਗ ਕਰਦੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਸਾਰੀਆਂ ਪੋਸਟਾਂ ਰੈਗੂਲਰ ਤੌਰ 'ਤੇ ਭਰਨ ਦੀ ਮੰਗ ਕਰਦੀ ਹੈ।ਇਸ ਮੌਕੇ ਸੋਮ ਸਿੰਘ ਗੁਰਦਾਸਪੁਰ, ਕੰਵਲਜੀਤ ਸੰਗੋਵਾਲ, ਗੁਰਜੀਤ ਸਿੰਘ ਮੋਹਾਲੀ, ਜਤਿੰਦਰ ਸਿੰਘ ਸੋਨੀ, ਪਰਗਟ ਸਿੰਘ ਜੰਬਰ, ਸੁੱਚਾ ਸਿੰਘ ਚਾਹਲ, ਲਾਲ ਚੰਦ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ ਸੰਧੂ, ਜਗਤਾਰ ਸਿੰਘ ਖਮਾਣੋਂ, ਜਰਨੈਲ ਸਿੰਘ ਜੰਡਾਲੀ ਅਦਿ ਅਧਿਆਪਕ ਆਗੂ ਮੌਜੂਦ ਸਨ।

# 'ਡਰੱਗ ਫਰੀ ਪੰਜਾਬ' ਤਹਿਤ ਕਬੱਡੀ ਟੂਰਨਾਮੈਂਟ ਕਰਵਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)** ਨਸ਼ਿਆਂ ਖ਼ਿਲਾਫ਼ ਪੰਜਾਬ ਪੁਲਸ ਵੱਲੋਂ ਵਿੱਢੀ ਮੁਹਿੰਮ ਤਹਿਤ ਸੂਬੇ ਵਿਚ ਹਰ ਰੋਜ਼ ਤਲਾਸ਼ੀ ਅਭਿਆਨ ਕਰਕੇ ਨਸ਼ਿਆਂ ਦੀ ਸਪਲਾਈ ਕਰਨ ਵਾਲੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਜੇਲ੍ਹਾਂ ਵਿੱਚ ਡੱਕੇ ਜਾਣ ਦੇ ਨਾਲ ਨਾਲ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਅ ਕੇ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਕਪੂਰਥਲਾ ਦੀ ਪੁਲਸ ਵੱਲੋਂ ਸਥਾਨਕ ਕਸਬੇ ਕਾਲਾ ਸੰਘਿਆਂ ਵਿਖੇ ਕਬੱਡੀ ਦਾ ਟੂਰਨਾਮੈਂਟ ਗ਼ਦਰੀ ਬਾਬਾ ਹਰਨਾਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਮੈਦਾਨ ਵਿਖੇ ਪੰਜਾਬ ਸਰਕਾਰ ਅਤੇ ਸੂਬਾ ਪੁਲਸ ਮੁਖੀ ਡੀ ਜੀ ਪੀ ਪੰਜਾਬ ਗੌਰਵ ਯਾਦਵ, ਡੀ ਆਈ ਜੀ ਨਵੀਨ ਸਿੰਗਲਾ ਅਤੇ ਜ਼ਿਲ੍ਹਾ ਕਪੂਰਥਲਾ ਦੇ ਪੁਲਸ ਮੁਖੀ ਮੈਡਮ ਵਤਸਲਾ ਗੁਪਤਾ, ਗੁਰਪ੍ਰੀਤ ਸਿੰਘ ਗਿੱਲ ਐਸ ਪੀ ਹੈਡਕੁਆਰਟਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ 'ਡਰੱਗ ਫ਼੍ਰੀ ਪੰਜਾਬ' ਦੇ ਸਲੋਗਨ ਤਹਿਤ ਕਰਵਾਇਆ ਗਿਆ।

ਟੂਰਨਾਮੈਂਟ ਦੌਰਾਨ ਕੁਲਵੰਤ ਸਿੰਘ ਡੀ ਐਸ ਪੀ ਹੈਡਕੁਆਰਟਰ ਕਪੂਰਥਲਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਇਸ ਕਬੱਡੀ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਥਾਣਾ ਸਦਰ ਦੇ ਮੁਖੀ ਮੈਡਮ ਸੋਨਮਦੀਪ ਕੌਰ ਤੇ ਕਾਲਾ ਸੰਘਿਆਂ ਪੁਲਸ ਚੌਂਕੀ ਦੇ ਇੰਚਾਰਜ ਏ ਐਸ ਆਈ ਅਮਰਜੀਤ ਸਿੰਘ ਨੇ ਪਿੰਡਾਂ ਦੀਆਂ ਪੰਚਾਇਤਾਂ, ਧਾਰਮਿਕ ਤੇ ਰਾਜਨੀਤਕ ਆਗੂਆਂ ਦਾ ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਨੌਜਆਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਨੌਜਆਨਾਂ ਨੂੰ ਬਾਹਰ ਕੱਢਣ ਲਈ ਇਸ ਤਰ੍ਹਾਂ ਦੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

ਇਸ ਮੌਕੇ ਡੀ ਐਸ ਪੀ ਹੈਡਕੁਆਰਟਰ ਕੁਲਵੰਤ ਸਿੰਘ, ਥਾਣਾ ਸਦਰ ਮੁਖੀ ਇੰਸਪੈਕਟਰ ਸੋਨਮਦੀਪ ਕੌਰ, ਇੰਸਪੈਕਟਰ ਗੁਰਿੰਦਰਜੀਤ ਸਿੰਘ, ਇੰਸਪੈਕਟਰ ਮਨਦੀਪ ਕੌਰ, ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਪ੍ਰਬੰਧਕ ਕਮੇਟੀ ਕਾਲਾ ਸੰਘਿਆਂ , ਸਤਨਾਮ ਸਿੰਘ ਸੰਘਾ ਸੀਨੀਅਰ ਆਗੂ ਬਲਾਕ ਪ੍ਰਧਾਨ ਆਪ, ਮੁਲਾਜ਼ਮ ਆਗੂ ਸੰਜੀਵ ਕੌਂਡਲ, ਗੁਰਦਾਵਰ ਸਿੰਘ ਖ਼ਾਲਸਾ ਜੱਲੋਵਾਲ, ਬਲਾਕ ਪ੍ਰਧਾਨ ਦਲਵੀਰ ਸਿੰਘ ਰਾਣਾ ਸੁੰਨੜਵਾਲ, ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ, ਮਨਿੰਦਰਪਾਲ ਸਿੰਘ ਮੰਨਾ, ਸਰਪੰਚ , ਸੁਰਜੀਤ ਬਿੱਟੂ, ਜਸਵੀਰ ਸਿੰਘ ਟੌਹਰ, ਨਰਿੰਦਰ ਸਿੰਘ ਸੰਘਾ ਸੋਸ਼ਲ ਮੀਡੀਆ ਇੰਚਾਰਜ ਆਪ, ਲਹਿੰਬਰ ਸਿੰਘ ਢਿੱਲੋਂ ਪੰਚ, ਇੰਟਰਨੈਸ਼ਨਲ ਕਬੱਡੀ ਕੋਚ ਪਰਮਜੀਤ ਪੰਮਾ ਨਿਮਾਜੀਪੁਰ, ਰੈਫ਼ਰੀ ਰਾਣਾ ਬਨਵਾਲੀਪੁਰ, ਬਿੱਟੂ ਨਿਮਾਜੀਪੁਰ ਅਤੇ ਮੇਜਰ ਈਸੇਵਾਲ, ਪ੍ਰਸਿੱਧ ਕੁਮੈਂਟੇਟਰਜ ਰਾਜਨ ਕਲਿਆਣ ਅਤੇ ਸੋਢੀ ਟਿੱਬਾ ਇਸ ਮੌਕੇ ਹਾਜ਼ਰ ਸਨ।

# ਲਵਲੀ ਪ੍ਰੋਫੈਸ਼ਨਲ 'ਵਰਸਿਟੀ ਨੂੰ 'ਸੰਸਥਾਨ ਭਾਗੀਦਾਰ ਇਨ ਸਫਲਤਾ' ਵਜੋਂ ਮਾਨਤਾ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐਲ ਪੀ ਯੂ) ਨੂੰ ਮੋਂਗੋਡੀਬੀ ਦੁਆਰਾ "ਸੰਸਥਾਨ ਭਾਗੀਦਾਰ ਇੰਨ ਸਫਲਤਾ" ਪੁਰਸਕਾਰ ਦਿੱਤਾ ਗਿਆ। ਇਹ ਪੁਰਸਕਾਰ ਨਿਊ ਦਿੱਲੀ ਵਿੱਚ ਆਯੋਜਿਤ ਮੋਂਗੋਡੀਬੀ ਲੋਕਲ ਸੰਮੇਲਨ ਵਿੱਚ ਨਵੀਨਤਾਕਾਰੀ ਪਾਠਕ੍ਰਮ ਵਿਕਾਸ ਦੁਆਰਾ ਉਦਯੋਗ ਅਤੇ ਉਦਯੋਗ ਸਕਿਲਸ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦਿੰਦਾ ਹੈ। ਅਕਾਦਮਿਕ ਖੇਤਰ ਵਿੱਚ ਹੁਨਰ ਦੇ ਗੇਪ ਨੂੰ ਦੂਰ ਕਰਨ ਲਈ ਚੁੱਕੇ ਗਏ ਮਹੱਤਵਪੂਰਨ ਕਦਮਾਂ ਲਈ ਸਨਮਾਨਤ ਕੀਤਾ ਗਿਆ।



ਐਲ ਪੀ ਯੂ ਦਾ ਮੋਂਗੋਡੀਬੀ ਨਾਲ ਸਹਿਯੋਗ ਵਿਦਿਆਰਥੀਆਂ ਨੂੰ ਡਾਟਾਬੇਸ ਮੈਨੇਜਮੈਂਟ, ਕਲਾਉਡ ਕੰਪਿਊਟਿੰਗ ਅਤੇ ਆਧੁਨਿਕ ਵੈੱਬ ਵਿਕਾਸ ਫਰੇਮਵਰਕ ਵਿੱਚ ਲੋੜੀਂਦੇ ਹੁਨਰਾਂ ਨਾਲ ਲੈਸ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਅਸਲ-ਸੰਸਾਰ ਐਪਲੀਕੇਸ਼ਨਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦ੍ਰਤ ਕਰਨ ਦੇ ਨਾਲ ਐਲ ਪੀ ਯੂ ਨੇ ਆਪਣੇ ਕੋਰਸਵਰਕ ਵਿੱਚ ਮੋਂਗੋਡੀਬੀ ਦੀਆਂ ਉੱਨਤ ਤਕਨਾਲੋਜੀਆਂ ਨੂੰ ਸ਼ਾਮਲ ਕੀਤਾ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਨਵੀਂ ਤਕਨਾਲੋਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਾਂਝੇਦਾਰੀ ਨੇ ਵਿਦਿਆਰਥੀਆਂ ਨੂੰ ਉਦਯੋਗ ਲਈ ਤਿਆਰ ਪਸ਼ੇਸਵਰ ਬਣਨ ਲਈ ਸਕਤੀ ਪ੍ਰਦਾਨ ਕੀਤੀ ਹੈ ਜੋ ਤੇਜੀ ਨਾਲ ਵਿਕਸਤ ਹੋ ਰਹੇ ਡਿਜੀਟਲ ਵਾਤਾਵਰਣ ਵਿੱਚ ਤਕਨੀਕੀ ਪ੍ਰਤਿਭਾ ਦੀ ਵੱਧ ਰਹੀ ਮੰਗ ਦਾ ਜਵਾਬ ਦਿੰਦੇ ਹਨ। ਡਾ. ਅਸ਼ੋਕ ਕੁਮਾਰ ਮਿੱਤਲ ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਪੁਰਸਕਾਰ ਪ੍ਰਾਪਤ ਕਰਨ 'ਤੇ ਆਪਣਾ ਮਾਣ ਪ੍ਰਗਟ ਕੀਤਾ: "ਮੋਂਗੋਡੀਬੀ ਦੀ ਇਹ ਮਾਨਤਾ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਅਤੇ ਅਤਿ-ਆਧੁਨਿਕ ਹੁਨਰ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ"।

## ਕੈਡਿਟ ਆਕਾਸ਼ਦੀਪ ਨੇ ਸੋਨੇ ਦਾ ਤੇ ਅੰਮ੍ਰਿਤ ਪਾਲ ਨੇ ਚਾਂਦੀ ਦਾ ਤਮਗਾ ਜਿੱਤਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਹੇਠ ਅਤੇ ਐਨ.ਸੀ.ਸੀ. ਇੰਚਾਰਜ ਪ੍ਰੋ. ਰਜਿੰਦਰ ਕੁਮਾਰ ਦੀ ਅਗਵਾਈ ਹੇਠ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਦੋ ਐਨ.ਸੀ.ਸੀ. ਕੈਡਿਟਾਂ ਨੇ ਐੱਸ.ਯੂ. ਓ. ਅੰਮ੍ਰਿਤਪਾਲ ਸਿੰਘ ਅਤੇ ਕੈਡਿਟ ਅਕਾਸ਼ਦੀਪ ਸਿੰਘ ਨੇ 2 ਸਤੰਬਰ ਤੋਂ 12 ਸਤੰਬਰ ਤੱਕ ਆਯੋਜਿਤ ਆਲ ਇੰਡੀਆ ਆਰਮੀ ਕੈਂਪ, ਦਿੱਲੀ ਕੈਂਟ ਵਿੱਚ ਭਾਗ ਲਿਆ।ਇਸ ਸਬੰਧੀ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਡਾ. ਅਨੀਤਾ ਸਾਗਰ ਨੇ ਦੱਸਿਆ ਕਿ ਕੈਡਿਟ ਅਕਾਸ਼ਦੀਪ ਸਿੰਘ ਕਲਾਸ ਬੀ.ਏ. ਸਮੈਸਟਰ 2 ਜੇ.ਡੀ./ਐਫ.ਐਸ. ਟੀਮ ਨੇ ਸੋਨ ਤਮਗਾ ਜਿੱਤਿਆ ਅਤੇ ਐੱਸ.ਯੂ.ਓ. ਅੰਮ੍ਰਿਤਪਾਲ ਸਿੰਘ ਕਲਾਸ ਬੀ.ਏ. ਸਮੈਸਟਰ 6 ਦੇ ਸ਼ੂਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤਿਆ।

## ਛੁਪੇ ਰੁਸਤਮ ਟੀਮ ਵੱਲੋਂ ਸਿੰਗਿੰਗ ਕੰਪੀਟੀਸ਼ਨ



**ਬੰਗਾ (ਅਵਤਾਰ ਕਲੇਰ)**- ਬੱਚਿਆਂ ਦੇ ਹੁਨਰ ਨੂੰ ਬਾਹਰ ਕੱਢਣ ਦੇ ਉਪਰਾਲੇ ਨਾਲ ਛੁਪੇ ਰੁਸਤਮ ਟੀਮ ਵੱਲੋਂ ਨਵਾਂਸ਼ਹਿਰ ਵਿਖੇ ਪਹਿਲਾ ਸਿੰਗਿੰਗ ਕੰਪੀਟੀਸ਼ਨ ਕਰਵਾਇਆ ਗਿਆ । ਜ਼ਿਲ੍ਹੇ ਭਰ ਚੋਂ ਬੱਚਿਆਂ ਨੇ ਕੰਪੀਟੀਸ਼ਨ 'ਚ ਆਪਣਾ ਹੁਨਰ ਦਿਖਾਉਣ ਦੇ ਨਾਲ-ਨਾਲ ਇਸ ਦਾ ਅਨੰਦ ਵੀ ਮਾਣਿਆ। ਜ਼ਿਲ੍ਹੇ ਦੇ ਨਾਮਵਰ ਲੇਖਿਕਾ ਨੀਰੂ ਜੱਸਲ ਜੋ ਕਿ ਸਿੰਗਰ ਵੀ ਹਨ, ਇਸ ਈਵੈਂਟ ਦੇ ਔਰਗੇਨਾਈਜਰ ਹੋਣ ਦੇ ਨਾਲ ਨਾਲ ਜੱਜ ਵੀ ਸਨ । ਜੱਜਾਂ ਦੀ ਸੂਚੀ ਵਿਚ ਨਾਮਵਰ ਗਜ਼ਲ ਸਿੰਗਰ ਹੀਰਾ ਸੌਮੀ, ਸੀਰਤ ਵਰਮਾ, ਨੀਰੂ ਜੱਸਲ ਅਤੇ ਮੁੱਖ ਮਹਿਮਾਨ ਰਾਜਾ ਸਾਬੂ ਸਨ ਜੋ ਕਿ ਉੱਘੇ ਕਲਾਸੀਕਲ ਸਿੰਗਰ ਹਨ । ਮੁੱਖ ਮਹਿਮਾਨ ਰਾਜਾ ਸਾਬੂ, ਫਰਿਆਦ ਅਤੇ ਈਵੈਂਟ ਦੇ ਔਰਗੇਨਾਈਜਰ ਅਤੇ ਜੱਜ ਹੀਰਾ ਸੌਮੀ ਨੇ ਮਿਲ ਕੇ ਜਿੱਥੇ ਆਪਣੀ ਸਿੰਗਿੰਗ ਨਾਲ ਸਭ ਦਾ ਦਿਲ ਜਿੱਤ ਲਿਆ ਉੱਥੇ ਬੱਚਿਆਂ ਨੂੰ ਸੰਗੀਤ ਦੀਆਂ ਬਾਰੀਕੀਆਂ ਤੋਂ ਜਾਣੂ ਵੀ ਕਰਵਾਇਆ। ਬੱਚਿਆਂ ਨੂੰ ਟੀਮ ਵਲੋਂ ਸਰਟੀਫਿਕੇਟ ਅਤੇ ਇਨਾਮਾਂ ਦੇ ਨਾਲ ਗਿਫਟ ਵੀ ਦਿੱਤੇ ਗਏ। ਇਸ ਈਵੈਂਟ ਵਿਚ ਤਿੰਨ ਉਮਰ ਵਰਗ ਰੱਖੇ ਗਏ ਸਨ ਅਤੇ ਤਿੰਨ ਉਮਰ ਵਰਗਾਂ ਦੇ ਸਿੰਗਿੰਗ ਦੇ ਤਿੰਨ ਤਿੰਨ ਰਾਊਂਡ ਸਨ। ਜਿਸ ਵਿਚ 8 ਤੋਂ 14 ਸਾਲ ਉਮਰ ਵਰਗ ਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ 'ਤੇ ਕ੍ਰਮਵਾਰ ਪੁਸ਼ਪ ਸਿੱਧੂ, ਪਲਕ ਅਤੇ ਜੈਸਮੀਨ । 15 ਤੋਂ 23 ਉਮਰ ਵਰਗ ਚੋਂ ਕ੍ਰਮਵਾਰ ਲਵਪ੍ਰੀਤ, ਕਵੀ ਸਹੋਤਾ ਅਤੇ ਮਨਪ੍ਰੀਤ ਬੈਂਸ। 24 ਤੋਂ 30 ਉਮਰ ਵਰਗ ਚੋਂ ਕ੍ਰਮਵਾਰ ਪ੍ਰਭਜੋਤ ਕੌਰ, ਮਨੋਜ ਕੁਮਾਰ ਅਤੇ ਸਾਗਰ ਜੇਤੂ ਰਹੇ। ਜਸਕਰਨ ਮਹਿਮੀ ਨੂੰ "ਵੁਆਇਸ ਔਫ ਡਿਸਟ੍ਰਿਕਟ ਐਸ ਬੀ ਐਸ ਨਗਰ" ਵਜੋਂ ਚੁਣਿਆ ਗਿਆ।

## ਡਾ. ਸਰਵਨ ਸਿੰਘ ਬਲਾਚੌਰ ਕੌਮੀ ਚੇਅਰਮੈਨ ਨਿਯੁਕਤ

**ਬਲਾਚੌਰ (ਜਸਵਿੰਦਰ ਬੈਂਸ)**- ਨਾਮਵਰ ਕਰੀਅਰ ਗਾਈਡੈਂਸ ਕੌਂਸਲਰ ਡਾ. ਸਵਰਨ ਸਿੰਘ ਬਲਾਚੌਰ ਨੂੰ ਹਿਊਮਨ ਰਾਈਟ ਮੰਚ ਰਜਿ: ਪੰਜਾਬ ਵੱਲੋਂ ਨੈਸ਼ਨਲ ਚੇਅਰਮੈਨ ਕਰੀਅਰ ਗਾਈਡੈਂਸ ਕੌਂਸਲਿੰਗ ਸੈਲ ਨਿਯੁਕਤ ਕੀਤਾ ਗਿਆ ਹੈ।ਇਹ ਨਿਯੁਕਤੀ ਮਨੁੱਖੀ ਅਧਿਕਾਰ ਮੰਚ ਰਜਿ: ਪੰਜਾਬ ਦੇ ਕੌਮੀ ਪ੍ਰਧਾਨ ਡਾ. ਜਸਵੰਤ ਸਿੰਘ ਖੇੜਾ ਵੱਲੋਂ ਕੀਤੀ ਗਈ। ਡਾ. ਸਰਵਨ ਸਿੰਘ ਬਲਾਚੌਰ ਬਹੁਤ ਸਾਰੀਆਂ ਲੋਕ ਭਲਾਈ ਸੰਸਥਾਵਾਂ ਨਾਲ ਜੁੜੇ ਹੋਏ ਹਨ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਰੌਸ਼ਨ ਭਵਿੱਖ ਲਈ ਸਕੂਲਾਂ ਕਾਲਜਾਂ ਵਿੱਚ ਜਾ ਕੇ ਬਿਲਕੁਲ ਮੁਫਤ ਜਾਣਕਾਰੀ ਮੁਹੱਈਆ ਕਰਾ ਰਹੇ ਹਨ।

## ਮਾਲੀ ਨੂੰ ਤੁਰੰਤ ਰਿਹਾਅ ਕਰੇ : ਖੱਟੜਾ, ਮਾਵੀ

**ਮੋਹਾਲੀ, (ਗੁਰਜੀਤ ਬਿੱਲਾ)**-ਸਿਆਸੀ ਵਿਸ਼ਲੇਸ਼ਕ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ 'ਤੇ ਟਿੱਪਣੀ ਕਰਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸਾਬਕਾ ਸੂਬਾ ਜਨਰਲ ਸਕੱਤਰ ਸੁੱਚਾ ਸਿੰਘ ਖੱਟੜਾ ਤੇ ਸਾਬਕਾ ਸੂਬਾ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਤੁਰੰਤ ਰਿਹਾਅ ਕਰੇ। ਸਾਬਕਾ ਅਧਿਆਪਕ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਕਾਰਵਾਈ ਇੱਕ ਸਮਾਜਿਕ ਕਾਰਕੁੰਨ ਦੀ ਗ੍ਰਿਫਤਾਰੀ ਹੀ ਨਹੀਂ, ਸਗੋਂ ਸਰਕਾਰ ਦੀ ਦਿਸ਼ਾ ਦਾ ਸੂਚਕ ਤੇ ਹੋਰ ਸਭ ਨੂੰ ਸੁਨੇਹਾ ਹੈ। ਆਗੂਆਂ ਕਿਹਾ ਕਿ ਇਸ ਸੁਨੇਹੇ ਨੂੰ ਲੋਕ ਸਮਝ ਵੀ ਰਹੇ ਹਨ ਤੇ ਇਸ ਨੂੰ ਇੱਕ ਚੁਣੌਤੀ ਵੱਜੋਂ ਸਵੀਕਾਰ ਵੀ ਕਰ ਰਹੇ ਹਨ। ਸੋ ਸਰਕਾਰ ਨੂੰ ਬਦਲਾਖੋਰੀ ਦੀ ਥਾਂ ਲੋਕ ਮੁੱਦਿਆਂ ਨੂੰ ਸੰਬੋਧਿਤ ਹੁੰਦਿਆਂ ਵਿਵੇਕ ਤੋਂ ਕੰਮ ਲੈਣਾ ਚਾਹੀਦਾ ਹੈ।

## ਅਨਿਲ ਵਾਸੁਦੇਵ ਦਾ ਨਿੱਘਾ ਸਵਾਗਤ

**ਬਲਾਚੌਰ ( ਜਸਵਿੰਦਰ ਬੈਂਸ)**-ਬੁੱਧਵਾਰ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਦਫ਼ਤਰ ਬਲਾਚੌਰ ਵਿਖੇ ਅਨਿਲ ਵਾਸੁਦੇਵ ਜ਼ਿਲ੍ਹਾ ਇੰਚਾਰਜ ਵਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ ਸਮੇਤ ਸਮੁੱਚੀ ਟੀਮ ਵਲੋਂ ਵਾਸੁਦੇਵ ਦਾ ਨਿੱਘਾ ਸਵਾਗਤ ਕੀਤਾ ਗਿਆ। ਵਾਸੁਦੇਵ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਮੈਂਬਰਸ਼ਿਪ ਮੁਹਿੰਮ 'ਚ ਹੋਰ ਜ਼ਿਆਦਾ ਜੋਸ਼ ਤੇ ਤੇਜ਼ੀ ਲਿਆਉਣ ਲਈ ਕਿਹਾ।ਇਸ ਦੇ ਨਾਲ ਹੀ ਹਰੇਕ ਬੂਥ, ਮੁਹੱਲੇ ਆਮ ਲੋਕਾਂ ਤੱਕ ਕੇਂਦਰੀ ਸਰਕਾਰ ਵੱਲੋਂ ਚਲਾਈਆਂ ਲੋਕ ਭਲਾਈ ਸਕੀਮਾਂ ਦਾ ਪ੍ਰਚਾਰ ਕਰਨ ਲਈ ਵੀ ਕਿਹਾ। ਇਸ ਮੀਟਿੰਗ ਵਿੱਚ ਹਾਜ਼ਰ ਐਡਵੋਕੇਟ ਵਿਸ਼ਾਲ ਸ਼ਰਮਾ, ਐਡਵੋਕੇਟ ਦਿਨੇਸ਼ ਭਾਰਦਵਾਜ, ਐਡਵੋਕੇਟ ਅਮਨ ਰਾਣਾ ਤੀਨੋ ਜ਼ਿਲ੍ਹਾ ਮਹਾਂ ਮੰਤਰੀ, ਨਰਿੰਦਰ ਨਾਥ ਸੂਦਨ ਜ਼ਿਲ੍ਹਾ ਕੋਸ਼ ਅਧਿਅਕਸ਼ , ਸੁਮੀਤ ਕੁਮਾਰ, ਬਹਾਦਰ ਚੰਦ ਅਰੋੜਾ, ਨਿਰਮਲ ਰਾਜਪੂਤ ਨੇ ਵਿਸ਼ਵਾਸ ਦਿਵਾਇਆ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਟੀਮ ਪ੍ਰਾਂਤਕ ਕਮੇਟੀ ਵੱਲੋਂ ਮਿਥੇ ਟੀਚੇ ਤੋਂ ਜ਼ਿਆਦਾ ਮੈਂਬਰਸ਼ਿਪ ਕਰੇਗੀ।

## ਖੂਨਦਾਨੀ ਫ਼ਰਿਸ਼ਤਿਆਂ ਲਈ ਇੱਕ ਮਹੀਨੇ ਦੀ ਰਿਫਰੈਸ਼ਮੈਂਟ ਸੇਵਾ ਭੇਜੀ

**ਨਵਾਂਸ਼ਹਿਰ (ਮਨੋਜ ਲਾਡੀ)** ਖੂਨਦਾਨ ਸੇਵਾਵਾਂ ਪ੍ਰਤੀ ਪ੍ਰਤੀਬੱਧ ਸਵ: ਡਾ. ਕਮਲੇਸ਼ ਭੰਡਾਰੀ ਦੀ ਸਦੀਵੀ ਯਾਦ 'ਚ ਉਹਨਾਂ ਦੇ ਸਤਿਕਾਰਯੋਗ ਭੈਣ ਡਾ. ਸੁਸ਼ਮਾ ਆਰੀਆ ਯਮੁਨਾ ਨਗਰ ਵੱਲੋਂ ਖੂਨਦਾਨੀ ਫ਼ਰਿਸ਼ਤਿਆਂ ਲਈ ਇੱਕ ਮਹੀਨੇ ਦੀ ਰਿਫਰੈਸ਼ਮੈਂਟ ਸੇਵਾ (ਪੰਦਰਾਂ ਹਜ਼ਾਰ ਰੁਪਏ) ਭੇਜੀ ਗਈ ਹੈ।ਵਿਛੜੀ ਸ਼ਖ਼ਸੀਅਤ ਦੇ ਸਤਿਕਾਰ ਵਜੋਂ ਉਹਨਾਂ ਦੀ ਤਸਵੀਰ ਭਵਨ ਦੇ ਮੁੱਖ ਦੁਆਰ 'ਤੇ ਸਥਾਪਿਤ ਕੀਤੀ ਗਈ। ਬੀ ਡੀ ਸੀ ਵਲੋਂ ਵਿਛੜੀ ਆਤਮਾ ਦੀ ਸ਼ਾਂਤੀ ਲਈ ਪ੍ਰਰਥਨਾ ਕੀਤੀ ਗਈ। ਸੰਸਥਾ ਦੇ ਪ੍ਰਧਾਨ ਐਸ ਕੇ ਸਰੀਨ ਐਡਵੋਕੇਟ ਵਲੋਂ ਪ੍ਰੀਵਾਰ ਦਾ ਧੰਨਵਾਦ ਕੀਤਾ ਗਿਆ ਹੈ। ਇਸ ਮੌਕੇ ਜੇ ਐਸ ਗਿੱਦਾ, ਡਾ. ਅਜੇ ਬੱਗਾ, ਮੈਨੇਜਰ ਮਨਮੀਤ ਸਿੰਘ, ਕੁਮਾਰੀ ਮੰਦਨਾ, ਸ੍ਰੀਮਤੀ ਅਨੀਤਾ ਕੁਮਾਰੀ ਤੇ ਸਟਾਫ ਹਾਜ਼ਰ ਸੀ।

# ਬਲਾਕ ਪੱਧਰੀ ਸਾਇੰਸ ਸੈਮੀਨਾਰ ਕਰਵਾਇਆ



**ਮਹਿਤਪੁਰ (ਰਾਜਾ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਵਿਖੇ ਬਲਾਕ ਨੋਡਲ ਅਫ਼ਸਰ, ਬਲਾਕ ਨਕੋਦਰ-1 ਪ੍ਰਿੰਸੀਪਲ ਰੁਚੀ ਅਹੂਜਾ ਦੀ ਰਹਿਨੁਮਾਈ ਹੇਠ ਅਵਿਸ਼ਕਾਰ ਅਭਿਆਨ ਅਧੀਨ ਬਲਾਕ ਪੱਧਰੀ ਸਾਇੰਸ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਬਲਾਕ ਨਕੋਦਰ-1 ਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਵਿੱਚ ਬੱਚਿਆਂ ਦਾ ਆਰਟੀਫੀਸ਼ੀਅਲ ਇੰਟੈਲੀਜੈਂਸ: ਪੋਟੈਂਸ਼ੀਅਲ ਐਂਡ ਕੰਸਰਨ ਟੋਪਿਕ ਤੇ ਲਿਖਤੀ ਟੈਸਟ ਲਿਆ ਗਿਆ ਅਤੇ ਵਿਦਿਆਰਥੀਆਂ ਨੇ ਇਸ ਟੋਪਿਕ ਤੇ ਆਪਣੇ ਵਿਚਾਰ ਰੱਖੇ।ਇਸ ਸੈਮੀਨਾਰ ਵਿੱਚ ਹਰਸਿਮਰਤ ਸਿੰਘ ਲੈਕਚਰਾਰ ਕੈਮਿਸਟਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ, ਰੁਪਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਹਰੀਪੁਰ ਅਤੇ ਜਸਵਿੰਦਰ ਕੌਰ ਕੰਪਿਊਟਰ ਫੈਕਲਟੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਕੋਦਰ ਨੇ ਬਤੌਰ ਜੱਜ ਆਪਣੀ ਭੂਮਿਕਾ ਬਾਖੂਬੀ ਨਿਭਾਈ।ਇਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਦੀ ਵਿਦਿਆਰਥਣ ਰਾਜਬੀਰ ਕੌਰ ਨੇ ਪਹਿਲੀ ਸਥਾਨ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਦੀ ਵਿਦਿਆਰਥਣ ਹਰਸੀਰਤ ਕੌਰ ਨੇ ਦੂਸਰਾ ਸਥਾਨ ਅਤੇ ਸਰਕਾਰੀ ਹਾਈ ਸਕੂਲ ਆਦਰਮਾਨ ਦੇ ਵਿਦਿਆਰਥੀ ਮੈਨੂਅਲ ਨੇ ਤੀਸਰਾ ਸਥਾਨ ਪ੍ਰਾਪਤ ਕੀਤੀ।ਸਕੂਲ ਇੰਚਾਰਜ ਸ੍ਰੀ ਨਰੇਸ਼ ਕੁਮਾਰ ਲੈਕਚਰਾਰ ਬਾਇਓ ਨੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਪ੍ਰੋਗਰਾਮ ਦੇ ਜੱਜ ਸਾਹਿਬਾਨ ਅਤੇ ਸਾਇੰਸ ਫੈਕਲਟੀ ਦਾ ਇਸ ਸੈਮੀਨਾਰ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ।

## ਪੀ ਸੀ ਆਰ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹੈ : ਇੰਚਾਰਜ ਮਹਿੰਦਰ ਸਿੰਘ

**ਫਗਵਾੜਾ ( ਡਾ. ਰਮਨ )**- ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੀ ਸੀ ਆਰ ਪੂਰੀ ਮੁਸਤੈਦੀ ਨਾਲ ਕੰਮ ਕਰ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਪੀ ਸੀ ਆਰ ਦੇ ਨਵ -ਨਿਯੁਕਤ ਮੁਖੀ ਸਬ ਇੰਸਪੈਕਟਰ ਮਹਿੰਦਰ ਸਿੰਘ ਨੇ ਅਹੁਦਾ ਸੰਭਾਲਦਿਆਂ ਇੱਕ ਵਿਸ਼ੇਸ਼ ਭੇਂਟਵਾਰਤਾ ਦੌਰਾਨ ਕੀਤਾ ਅਤੇ ਨਸ਼ਾ ਤਸਕਰਾਂ ਅਤੇ ਹੁੱਲੜਬਾਜ਼ੀ ਕਰਨ ਵਾਲਿਆਂ ਵਿਰੁੱਧ ਸਹਿਯੋਗ ਦੀ ਮੰਗ ਕੀਤੀ। ਇਸ ਦੌਰਾਨ ਸਬ ਇੰਸਪੈਕਟਰ ਮਹਿੰਦਰ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ ਅਤੇ ਲੜਕੀਆਂ ਨੂੰ ਸਕੂਲੋਂ ਛੁੱਟੀ ਸਮੇਂ ਰਸਤਿਆਂ ਵਿੱਚ ਖੜ੍ਹਦੇ ਹੁੱਲੜਬਾਜ਼ਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਫੜੇ ਜਾਣ 'ਤੇ ਉਨ੍ਹਾਂ ਨੂੰ ਕਾਨੂੰਨ ਦੇ ਸ਼ਿਕੰਜੇ ਤੋਂ ਕੋਈ ਬਚਾ ਨਹੀਂ ਪਾਏਗਾ। ਮਹਿੰਦਰ ਸਿੰਘ ਨੇ ਦੱਸਿਆ ਕਿ ਲਾਅ ਐਂਡ ਆਰਡਰ ਨੂੰ ਲੈ ਕੇ ਉੱਚ ਅਧਿਕਾਰੀਆਂ ਐਸ ਐਸ ਪੀ ਕਪੂਰਥਲਾ, ਐਸ ਪੀ ਫਗਵਾੜਾ, ਅਤੇ ਡੀ ਐਸ ਪੀ ਫਗਵਾੜਾ ਦੀਆਂ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਏਗਾ। ਉਨ੍ਹਾਂ ਦੱਸਿਆ ਕਿ ਕ੍ਰਾਇਮ ਨੂੰ ਨੱਥ ਪਾਉਣ ਲਈ ਪੀ ਸੀ ਆਰ ਦੇ 10 ਮੋਟਰਸਾਈਕਲ ਦਿਨ ਰਾਤ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਲਈ ਸ਼ਹਿਰ ਦੇ ਚੱਪੇ ਚੱਪੇ ਤੇ ਪੈਨੀ ਨਜ਼ਰ ਰੱਖ ਕੰਮ ਕਰ ਰਹੇ ਹਨ। ਪੀ ਸੀ ਆਰ ਮੁਖੀ ਨੇ ਇਲਾਕਾ ਵਾਸੀਆਂ ਨੂੰ ਕਿਸੇ ਵੀ ਕਰਾਈਮ ਪ੍ਰਤੀ ਫੋਨ ਨੰਬਰ 78774-87411 'ਤੇ ਨਿਰਸੰਕੋਚ ਸੂਚਨਾ ਦੇਣ ਦੀ ਤਾਕੀਦ ਕੀਤੀ ਹੈ। ਉਨ੍ਹਾਂ ਲਾਅ ਐਂਡ ਆਰਡਰ ਦੀ ਮਜ਼ਬੂਤੀ ਲਈ ਪ੍ਰੈਸ ਤੋਂ ਸਹਿਯੋਗ ਦੀ ਕਾਮਨਾ ਕੀਤੀ।

## ਰੋਟਰੀ ਮੋਹਾਲੀ ਮਿਡਟਾਊਨ ਨੇ ਸਰਕਾਰੀ ਸਕੂਲਾਂ ਨੂੰ 20 ਆਰ ਓ ਸਿਸਟਮ ਸੌਂਪੇ



**ਮੁਹਾਲੀ (ਗੁਰਜੀਤ ਬਿੱਲਾ)**- ਰੋਟਰੀ ਕਲੱਬ ਮੋਹਾਲੀ ਮਿਡਟਾਊਨ ਨੇ ਸਰਕਾਰੀ ਪ੍ਰਾਇਮਰੀ ਸਕੂਲ ਨਰਾਇਣਗੜ੍ਹ ਝੁੰਗੀਆਂ ਵਿਖੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਪੀਣ ਵਾਲੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਲਈ 20 ਆਰ.ਓ ਸਿਸਟਮ ਭੇਟ ਕੀਤੇ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਐਸ ਡੀ ਐਮ ਮੁਹਾਲੀ ਦੀਪਾਂਕਰ ਗਰਗ, ਡੀ ਈ ਓ ਪ੍ਰੇਮ ਕੁਮਾਰ ਮਿੱਤਲ ਅਤੇ ਤਹਿਸੀਲਦਾਰ ਅਰਜੁਨ ਸਿੰਘ ਗਰੇਵਾਲ ਸ਼ਾਮਲ ਹੋਏ, ਜਿਨ੍ਹਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਪ੍ਰਧਾਨ ਰੋਟੇਰੀਅਨ ਦਿਲਪ੍ਰੀਤ ਸਿੰਘ ਬੋਪਾਰਾਏ ਨੇ ਰੋਟਰੀ ਕਲੱਬ ਮੋਹਾਲੀ ਮਿਡਟਾਊਨ ਦੇ ਮੈਂਬਰਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਆਰ.ਓ., ਕੁਲਦੀਪ ਸਿੰਘ ਢੋਡੀ ਮੀਤ ਪ੍ਰਧਾਨ, ਜਗਦੀਪ ਸਿੰਘ ਡਾਇਰੈਕਟਰ ਕਲੱਬ ਸਰਵਿਸ, ਇਕਬਾਲ ਸਿੰਘ ਡਾਇਰੈਕਟਰ ਕਮਿਊਨਿਟੀ ਸਰਵਿਸ, ਹਰਜੀਤ ਸਿੰਘ ਸਾਰਜੈਂਟ ਨੇ ਆਰ.ਓ. ਹਥਿਆਰ, ਪ੍ਰਭਜੋਤ ਕੌਰ ਕਲੱਬ ਸਕੱਤਰ, ਹਰਦੀਪ ਸਿੰਘ, ਅੰਕਿਤ ਬੇਰੀ ਅਤੇ ਪ੍ਰਧਾਨ-ਇਲੈਕਟ ਅਮੀਪ ਸਿਨਹਾ ਹਾਜ਼ਰ ਸਨ।ਡੀ ਈ ਓ ਪ੍ਰੇਮ ਕੁਮਾਰ ਮਿੱਤਲ ਦੀ ਮੱਦਦ ਰਾਹੀਂ ਦਿਹਾਤੀ ਖੇਤਰ ਦੇ ਕਰੀਬ 20 ਸਰਕਾਰੀ ਸਕੂਲਾਂ ਦੀ ਸ਼ਨਾਖਤ ਕੀਤੀ ਗਈ, ਬਸ਼ਰਤੇ ਸਕੂਲ 200 ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ ਵਾਲਾ ਪੇਂਡੂ ਖੇਤਰ ਦਾ ਹੋਵੇ ਅਤੇ ਸਕੂਲ ਵਿੱਚ ਪਹਿਲਾਂ ਆਰ ਓਨਾ ਲਗਾਇਆ ਗਿਆ ਹੋਵੇ।ਰੋਟਰੀ ਕਲੱਬ ਮੋਹਾਲੀ ਮਿਡਟਾਊਨ ਨੇ ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੇ ਵਡਮੁੱਲੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਸਰਕਾਰੀ ਸਕੂਲਾਂ ਦੇ 14 ਅਧਿਆਪਕਾਂ ਨੂੰ 'ਨੇਸ਼ਨ ਬਿਲਡਰ' ਐਵਾਰਡ ਨਾਲ ਵੀ ਸਨਮਾਨਿਤ ਕੀਤਾ। ਕਲੱਬ ਵੱਲੋਂ ਸਿੱਖਿਆ ਵਿਭਾਗ ਰਾਹੀਂ ਇਨ੍ਹਾਂ ਅਧਿਆਪਕਾਂ ਦੀ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਮਾਜਿਕ ਵਿਕਾਸ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਗਏ ਮਿਸਾਲੀ ਕੰਮਾਂ ਲਈ ਅਧਿਆਪਕਾਂ ਦੀ ਚੋਣ ਕੀਤੀ ਗਈ ਸੀ।

# ਸ਼ਹੀਦ ਸੋਹਣ ਸਿੰਘ ਢੇਸੀ ਦੀ 35ਵੀਂ ਬਰਸੀ ਮਨਾਈ



**ਫਿਲੌਰ (ਨਿਰਮਲ)**- ਨੌਜਵਾਨਾਂ ਦੇ ਹਰਮਨ ਪਿਆਰੇ ਆਗੂ ਸ਼ਹੀਦ ਸੋਹਣ ਸਿੰਘ ਢੇਸੀ ਦੀ 35ਵੀਂ ਬਰਸੀ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਦੇਸ਼ 'ਚ ਪੂੰਜੀਵਾਦ ਨਹੀਂ ਸਗੋਂ ਸਾਂਝੀਵਾਲਤਾ ਚਾਹੀਦੀ ਹੈ ਤਾਂ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ। ਉਨ੍ਹਾ ਕਿਹਾ ਕਿ ਦਿੱਲੀ ਦੇ ਫਾਸ਼ੀਵਾਦੀ ਰਾਜ ਵਲੋਂ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਉਪਰ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਜਿਸ 'ਚ ਲੋਕਾਂ ਲਈ ਸੰਘਰਸ਼ ਕਰਨ ਵਾਲੇ ਕਮਿਊਨਿਸਟਾਂ ਉਪਰ ਵੀ ਹਮਲੇ ਕੀਤੇ ਜਾ ਰਹੇ ਹਨ। ਪਾਸਲਾ ਨੇ ਕਿਹਾ ਕਿ ਇਸ ਦੇ ਮੁਕਾਬਲੇ ਮਜ਼ਦੂਰਾਂ, ਕਿਸਾਨਾਂ ਦੀ ਅਗਵਾਈ ਵਾਲਾ ਰਾਜ ਪ੍ਰਬੰਧ ਹੀ ਲੋਕਾਂ ਦੀ ਜ਼ਿੰਦਗੀ ਨੂੰ ਸੁਖਾਲਾ ਕਰ ਸਕਦਾ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਹਾਕਮ ਦੇਸ਼ ਦੇ ਮਹੌਲ ਨੂੰ ਜਾਣਬੁੱਝ ਕੇ ਫਿਰਕੂ ਰੰਗ ਦੇ ਕੇ ਵਿਗਾੜ ਰਹੇ ਹਨ।ਪਾਸਲਾ ਨੇ ਅੱਗੇ ਕਿਹਾ ਕਿ ਬਦਲਾਅ ਦੇ ਨਾਂ 'ਤੇ ਬਣੀ ਇਸ ਸਰਕਾਰ ਦੇ ਰਾਜਭਾਗ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਬਦਤਰ ਹੋ ਰਹੀ ਹੈ। ਰੇਤੇ ਸਮੇਤ ਨਸ਼ੇ ਵਰਗੇ ਮੁੱਦੇ ਇਨ੍ਹਾਂ ਤੋਂ ਢਾਈ ਸਾਲ ਬੀਤ ਜਾਣ ਬਾਅਦ ਵੀ ਹੱਲ ਨਹੀਂ ਹੋਏ। ਮਾਲਵਿੰਦਰ ਮਾਲੀ ਦੀ ਗ੍ਰਿਫਤਾਰੀ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਵਿਰੋਧੀ ਆਵਾਜ਼ ਨੂੰ ਕੁਚਲ ਦੇਣਾ ਚਾਹੁੰਦੀ ਹੈ।ਇਸ ਮੌਕੇ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਸੋਹਣ ਸਿੰਘ ਢੇਸੀ 'ਚ ਅਥਾਹ ਜਥੇਬੰਦਕ ਸਮਰੱਥਾ ਸੀ, ਜਿਸ ਕਾਰਨ ਹੀ ਉਹ ਨੌਜਵਾਨਾਂ ਦਾ ਪੰਜਾਬ ਪੱਧਰੀ ਆਗੂ ਬਣ ਸਕਿਆ। ਉਨ੍ਹਾ ਕਿਹਾ ਕਿ ਅਸ਼ਵਨੀ, ਬੀਕਾ, ਮੇਹਲੀ, ਮੁਠੱਡਾ, ਚੀਮਾ ਵਰਗੇ ਅਨੇਕਾਂ ਸਾਥੀ ਸ਼ਹੀਦ ਹੋਏ, ਕਿਸੇ ਵੀ ਪਰਵਾਰ ਨੇ ਪਿੱਠ ਨਹੀਂ ਮੋੜੀ।ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ, ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਸੰਤੋਖ ਸਿੰਘ ਬਿਲਗਾ, ਮਨੋਹਰ ਗਿੱਲ ਅਤੇ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਅਜੈ ਫਿਲੌਰ ਨੇ ਵੀ ਸਾਥੀ ਸੋਹਣ ਸਿੰਘ ਢੇਸੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।ਸਟੇਜ 'ਤੇ ਸ਼ਹੀਦ ਸੋਹਣ ਸਿੰਘ ਢੇਸੀ ਦੀ ਜੀਵਨ ਸਾਥਣ ਬੀਬੀ ਅਜਮੇਰ ਕੌਰ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ, ਰਾਮ ਸਿੰਘ ਕੈਮਵਾਲਾ ਹਾਜ਼ਰ ਸਨ। ਆਰੰਭ 'ਚ ਸ਼ਹੀਦੀ ਮਿਨਾਰ 'ਤੇ ਫੁੱਲ ਅਰਪਣ ਕਰਨ ਤੋਂ ਪਹਿਲਾਂ ਪਿੰਡ 'ਚ ਮਾਰਚ ਕੀਤਾ ਗਿਆ। ਜਿਥੇ ਉਕਤ ਆਗੂਆਂ ਤੋਂ ਇਲਾਵਾ ਸਾਥੀ ਦਰਸ਼ਨ ਨਾਹਰ, ਦਲਵਿੰਦਰ ਕੁਲਾਰ, ਮੇਜਰ ਖੁਰਲਾਪੁਰ, ਕੁਲਦੀਪ ਫਿਲੌਰ, ਜਰਨੈਲ ਫਿਲੌਰ, ਮੇਜਰ ਫਿਲੌਰ, ਮਨਜਿੰਦਰ ਢੇਸੀ, ਗੁਰਦੀਪ ਗੋਗੀ, ਕੁਲਜੀਤ ਫਿਲੌਰ, ਮੱਖਣ ਸੰਗਰਾਮੀ, ਕੁਲਜਿੰਦਰ ਤਲਵਣ, ਹਰਦੇਵ ਸੰਧੂ, ਪਰਮਜੀਤ ਬੋਪਾਰਾਏ, ਰਾਮ ਨਾਥ ਦੁਸਾਂਝ, ਮਾ. ਮਲਕੀਅਤ ਸਿੰਘ, ਕੁਲਵੰਤ ਖਹਿਰਾ, ਕੁਲਦੀਪ ਵਾਲੀਆ, ਬਲਵਿੰਦਰ ਸਿੰਘ ਦੁਸਾਂਝ ਆਦਿ ਹਾਜ਼ਰ ਸਨ। ਸ਼ਹੀਦ ਸੋਹਣ ਸਿੰਘ ਢੇਸੀ ਦੇ ਪੋਤਰੇ ਜਸਰਾਜ ਸਿੰਘ ਅਤੇ ਕੁਲਦੀਪ ਵਾਲੀਆ ਨੇ ਕਵਿਤਾਵਾਂ ਪੇਸ਼ ਕੀਤੀਆਂ।

# ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਫੁੱਟਬਾਲ ਟੂਰਨਾਮੈਂਟ ਦੇ ਰੌਚਕ ਮੁਕਾਬਲੇ ਜਾਰੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 68ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਫੁਟਬਾਲ ਉਮਰ ਗੁੱਟ 17 ਸਾਲ ਲੜਕਿਆਂ ਦਾ ਟੂਰਨਾਮੈਂਟ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸੁਰੇਸ਼ ਕੁਮਾਰ ਦੀ ਅਗਵਾਈ ਵਿੱਚ ਨਵਾਂਸ਼ਹਿਰ ਵਿਖੇ ਚੱਲ ਰਿਹਾ ਹੈ । ਇਸ ਰਾਜ ਪੱਧਰੀ ਟੂਰਨਾਮੈਂਟ ਦਾ ਅੱਜ ਦੂਸਰੇ ਦਿਨ ਉਦਘਾਟਨ ਸਤਨਾਮ ਸਿੰਘ ਜਲਵਾਹਾ ਚੇਅਰਮੈਨ ਇੰਪਰੂਵਮੈਂਟ ਟੱਰਸਟ ਅਤੇ ਅਮਰਜੀਤ ਖਟਕੜ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵਲੋਂ ਕੀਤਾ ਗਿਆ। ਇਸ ਮੌਕੇ ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਦੇਸ਼ ਲਈ ਹੋਣਹਾਰ ਖਿਡਾਰੀ ਪੈਦਾ ਕਰ ਕੇ ਦਿੰਦਾ ਹੈ ਤੇ ਅਸਲੀ ਖੇਡ ਸਥਾਨ ਸਕੂਲ ਹੀ ਹਨ ਜਿੱਥੋਂ ਸਾਡੇ ਬੱਚੇ ਅੱਗੇ ਨਿਕਲ ਕੇ ਜੀਵਨ ਵਿੱਚ ਕੁਝ ਕਰਦੇ ਹਨ। ਇਸ ਮੌਕੇ ਦਵਿੰਦਰ ਕੌਰ ਜ਼ਿਲ੍ਹਾ ਖੇਡ ਕੋਆਰਡੀਨੇਟਰ ਵਲੋਂ ਬਾਹਰੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਖੇਡਾਂ ਅਨੁਸ਼ਾਸਨ ਵਿੱਚ ਰਹਿ ਖੇਡਣ ਦੀ ਅਪੀਲ ਕੀਤੀ।

ਇਸ ਮੌਕੇ ਅੱਜ ਹੋਏ ਮੁਢਲੇ ਲੀਗ ਮੁਕਾਬਲਿਆਂ ਵਿੱਚ ਫਗਵਾੜਾ ਵਿੰਗ ਤੇ ਲੁਧਿਆਣਾ ਬਰਾਬਰ ਰਹੇ, ਪਾਲਦੀ ਵਿੰਗ ਨੇ ਮੋਹਾਲੀ ਨੂੰ 3-0 ਨਾਲ, ਰੁੜਕਾ ਵਿੰਗ ਨੂੰ ਗੁਰਦਾਸਪੁਰ ਨੇ 1-0, ਫਗਵਾੜਾ ਤੇ ਬਠਿੰਡਾ ਵਿਚਕਾਰ ਬਰਾਬਰ, ਸਪੋਰਟਸ ਸਕੂਲ ਘੁੱਦਾ ਤੇ ਜਲੰਧਰ ਵਿਚਕਾਰ ਮੁਕਾਬਲਾ ਬਰਾਬਰ ਰਿਹਾ। ਫਾਜ਼ਲਿਕਾ ਤੇ ਮਜਾਰਾ ਡੀਂਗਰੀਆ ਵਿਚਕਾਰ ਮੁਕਾਬਲਾ ਬਰਾਬਰ। ਸ੍ਰੀ ਮੁਕਤਸਰ ਤੇ ਤਰਨ ਤਾਰਨ ਨੂੰ 3-0 ਨਾਲ, ਫਾਜ਼ਿਲਕਾ ਨੇ ਪਠਾਨਕੋਟ ਨੂੰ 3-0 ਨਾਲ ਹਰਾਇਆ ।ਇਸ ਮੌਕੇ ਪ੍ਰਿੰ. ਰਜਨੀਸ਼ ਕੁਮਾਰ, ਹੈਡਮਾਸਟਰ ਦਲਜੀਤ ਸਿੰਘ ਬੋਲਾ, ਪ੍ਰਿੰ. ਰਣਜੀਤ ਕੌਰ ਕਰੀਹਾ, ਮੁੱਖ ਅਧਿਆਪਕ ਲਖਵੀਰ ਸਿੰਘ ਕੋਟਰਾਂਝਾ, ਮੁੱਖ ਅਧਿਆਪਕ ਅਮਰਪ੍ਰੀਤ ਸਿੰਘ ਜੌਹਰ, ਪ੍ਰਿੰ. ਸੁਨੀਤਾ ਰਾਣੀ ਦੌਲਤਪੁਰ, ਜਸਵਿੰਦਰ ਸਿੰਘ ਸੁਪਰਡੈਂਟ, ਜਸਵੀਰ ਸਿੰਘ ਕੋਚ, ਸਰਬਜੀਤ ਕੌਰ, ਅਮਨਦੀਪ ਕੌਰ, ਆਦਿ ਸਮੇਤ ਡੀ.ਪੀ.ਈ ,ਪੀ.ਟੀ.ਆਈ ਅਤੇ ਆਫੀਸ਼ਲ ਹਾਜ਼ਰ ਸਨ।ਇਸ ਮੌਕੇ ਸਟੇਟ ਵਲੋਂ ਭੇਜੀ ਸਿਲੈਕਸ਼ਨ ਟੀਮ ਵਿੱਚ ਡਾ. ਪਰਮਜੀਤ ਕੌਰ ਲੁਧਿਆਣਾ, ਲੈਕਚਰਾਰ ਇਕਬਾਲ ਸਿੰਘ ਲੁਧਿਆਣਾ,ਜਸਪਾਲ ਸਿੰਘ ਪੀ.ਟੀ.ਆਈ ਪਟਿਆਲਾ, ਮਹਿੰਦਰ ਸਿੰਘ ਪੀ.ਟੀ.ਆਈ ਸ੍ਰੀ ਮੁਕਤਸਰ ਸਾਹਿਬ,ਮਨਮੋਹਨ ਸਿੰਘ ਪੀ.ਟੀ.ਆਈ ਮੋਹਾਲੀ,ਯਾਮੀਨ ਮੁਹੰਮਦ ਮਲੇਰਕੋਟਲਾ ਵੀ ਹਾਜ਼ਰ ਸਨ।

## ਡੇਅਰੀ ਸਿਖਲਾਈ ਕੋਰਸ 7 ਅਕਤੂਬਰ ਤੋਂ

**ਨਵਾਂਸ਼ਹਿਰ (ਮਨੋਜ ਲਾਡੀ)** ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਿਤੀ 7 ਅਕਤੂਬਰ 2024 ਤੋਂ ਦੁੱਧ ਉਤਪਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਡੇਅਰੀ ਸਿਖਲਾਈ ਦੇਣ ਲਈ ਅਗਲਾ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ਼ਹੀਦ ਭਗਤ ਸਿੰਘ ਨਗਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਅਜੋਕੇ ਯੁੱਗ ਵਿਚ ਵਿਗਿਆਨਕ ਢੰਗਾਂ ਨਾਲ ਕੀਤੇ ਕਾਰੋਬਾਰ ਹੀ ਲਾਹੇਵੰਦ ਹੋਣਗੇ। ਉਨ੍ਹਾਂ ਦੱਸਿਆ ਕਿ ਦੁਧਾਰੂ ਪਸ਼ੂਆਂ ਦੀ ਖ਼ਰੀਦ ਤੋਂ ਲੈ ਕੇ ਰੱਖ-ਰਖਾਓ ,ਖਾਧ-ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦੇਣ ਲਈ ਚਲਾਏ ਜਾਂਦੇ ਡੇਅਰੀ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਸਮੂਹ ਦੁੱਧ ਉਤਪਤਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਸੁਨੇਹਾ ਦਿੱਤਾ ਕਿ ਉਹ ਤੁਰੰਤ ਆਪਣੇ ਆਪ ਨੂੰ ਸਿਖਲਾਈ ਪ੍ਰੋਗਰਾਮ ਵਿਚ ਦਾਖ਼ਲ ਕਰਵਾਉਣ ਲਈ ਉਪਰਾਲੇ ਕਰਨ ਅਤੇ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਲੋੜੀਂਦੇ ਕਾਗਜ਼ਾਤ ਪੜ੍ਹਾਈ ਦਾ ਸਰਟੀਫਿਕੇਟ, ਆਧਾਰ ਕਾਰਡ, ਵੋਟਰ ਕਾਰਡ, ਅਨਸੂਚਿਤ ਜਾਤੀ ਸਰਟੀਫਿਕੇਟ,ਪਾਸਪੋਰਟ ਸਾਈਜ਼ ਫੋਟੋ ਨਾਲ ਲੈ ਕੇ ਮਿਤੀ 1 ਅਕਤੂਬਰ 2024 ਤੱਕ ਆਪਣੇ ਫਾਰਮ ਭਰਵਾਉਣ ਲਈ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਵੈਟਰਨਰੀ ਪੋਲੀਕਲੀਨਿਕ,ਬੰਗਾ ਰੋਡ, ਮਹਾਲੋਂ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਂਝੇ ਮਜ਼ਦੂਰ ਮੋਰਚੇ ਵੱਲੋਂ ਬਿਸ਼ਨਪੁਰਾ 'ਚ ਮਾਰੇ ਗਏ ਮਨਰੇਗਾ ਮਜ਼ਦੂਰਾਂ ਦੇ ਪਰਵਾਰਾਂ ਨੂੰ ਇਨਸਾਫ ਦੇਣ ਦੀ ਮੰਗ

**ਚੰਡੀਗੜ੍ਹ** : ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਬਿਸ਼ਨਪੁਰਾ ਦੇ ਚਾਰ ਮਨਰੇਗਾ ਵਰਕਰਾਂ ਨੂੰ ਇੱਕ ਟਰੱਕ ਦੁਆਰਾ ਕੁਚਲ ਕੇ ਮਾਰ ਦੇਣ ਵਾਲੀ ਘਟਨਾ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਸਬੰਧੀ ਧਾਰਨ ਕੀਤੇ ਅਣਮਨੁੱਖੀ ਤੇ ਮਜ਼ਦੂਰ ਵਿਰੋਧੀ ਰਵੱਈਏ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਕੁਲਵੰਤ ਸਿੰਘ ਸੇਲਬਰਾਹ, ਲਛਮਣ ਸਿੰਘ ਸੇਵੇਵਾਲਾ, ਤਰਸੇਮ ਪੀਟਰ, ਦੇਵੀ ਕੁਮਾਰੀ, ਦਰਸ਼ਨ ਨਾਹਰ, ਮੁਕੇਸ਼ ਮਲੌਦ, ਗੁਰਪ੍ਰੀਤ ਸਿੰਘ ਰੂੜੇਕੇ, ਰਾਮ ਸਿੰਘ ਨੂਰਪੁਰੀ ਤੇ ਭਗਵੰਤ ਸਿੰਘ ਸਮਾਓ ਨੇ ਜਾਰੀ ਕੀਤੇ ਸਾਂਝੇ ਬਿਆਨ ਰਾਹੀਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪੀੜਤ ਪਰਵਾਰਾਂ ਨੂੰ ਦਸ - ਦਸ ਲੱਖ ਰੁਪਏ ਮੁਆਵਜ਼ਾ ਦੇਣ, ਕਰਜ਼ਾ ਮੁਆਫ਼ੀ ਤੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਆਦਿ ਵਰਗੀਆਂ ਬਹੁਤ ਹੀ ਵਾਜਿਬ ਮੰਗਾਂ ਨੂੰ ਪ੍ਰਵਾਨ ਕਰਨ ਦੀ ਥਾਂ ਦੁਖੀ ਪਰਵਾਰਾਂ 'ਤੇ ਸਿਆਸੀ ਅਤੇ ਪ੍ਰਸ਼ਾਸਨਿਕ ਦਬਾਅ ਪਾ ਕੇ ਮ੍ਰਿਤਕਾਂ ਦਾ ਸਸਕਾਰ ਕਰਾਉਣ ਵਰਗੇ ਕੋਝੇ ਹੱਥ ਕੰਡੇ ਅਪਣਾਏ ਜਾ ਰਹੇ ਹਨ। ਮਜ਼ਦੂਰ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਪੰਜਾਬ ਸਰਕਾਰ ਹਰ ਮਗਨਰੇਗਾ ਵਰਕਰ ਦਾ ਸਰਕਾਰੀ ਪੱਧਰ ਉੱਪਰ ਬੀਮਾ ਯਕੀਨੀ ਬਣਾਵੇ ਅਤੇ ਕਾਨੂੰਨ ਲਾਗੂ ਨਾ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਵੱਡੀ ਘਟਨਾ ਵਾਪਰਨ ਦੇ ਬਾਵਜੂਦ ਕਿਸੇ ਮੰਤਰੀ ਜਾਂ ਵਿਧਾਇਕ ਵੱਲੋਂ ਦੁਖੀ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਬਾਰੇ ਅਖ਼ਬਾਰੀ ਬਿਆਨ ਦੇਣ ਤੋਂ ਵੀ ਕਿਨਾਰਾ ਕਰ ਜਾਣਾ ਆਪ ਸਰਕਾਰ ਦੀ ਮਜ਼ਦੂਰ ਵਿਰੋਧੀ ਨੀਤੀ ਦਾ ਇੱਕ ਹੋਰ ਜ਼ਾਹਰਾ ਸਬੂਤ ਹੈ। ਉਹਨਾਂ ਮੰਗ ਕੀਤੀ ਕਿ ਬਿਸ਼ਨਪੁਰਾ ਮਾਮਲੇ ਨੂੰ ਲੈ ਕੇ ਬਣੀ ਐਕਸ਼ਨ ਕਮੇਟੀ ਵੱਲੋਂ ਰੱਖੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ । ਉਹਨਾਂ ਮਨਰੇਗਾ ਮਜ਼ਦੂਰਾਂ ਸਮੇਤ ਸਮੂਹ ਮਜ਼ਦੂਰਾਂ ਅਤੇ ਮਜ਼ਦੂਰ ਹਿਤੈਸ਼ੀ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਬਿਸ਼ਨਪੁਰਾ ਮਾਮਲੇ ਸਬੰਧੀ ਚੱਲ ਰਹੇ ਸੰਘਰਸ਼ ਨੂੰ ਸਫ਼ਲ ਬਣਾਉਣ ਲਈ ਅੱਗੇ ਆਉਣ।

# ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਲਈ ਕਲੱਸਟਰ ਅਫਸਰਾਂ ਨੂੰ ਟ੍ਰੇਨਿੰਗ ਦੇਣ ਲਈ ਮੀਟਿੰਗ



**ਮੁਹਾਲੀ (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਐੱਸ.ਏ.ਐੱਸ.ਨਗਰ ਆਸ਼ਿਕਾ ਜੈਨ ਦੀ ਅਗਵਾਈ ਅਧੀਨ ਸੋਨਮ ਚੌਧਰੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੀ ਪ੍ਰਧਾਨਗੀ ਹੇਠ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਲਈ ਸਰਕਾਰ ਵੱਲੋਂ ਤਿਆਰ ਕੀਤੇ ਗਏ ਮੋਬਾਇਲ ਐਪ ਦੀ ਜਿਲ੍ਹੇ ਵਿੱਚ ਕੰਮ ਕਰ ਰਹੇ ਕਲੱਸਟਰ ਅਫਸਰਾਂ ਨੂੰ ਟ੍ਰੇਨਿੰਗ ਦੇਣ ਲਈ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸਾਲ 2024-25 ਦੌਰਾਨ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਲਗਭਗ 35000 ਹੈਕਟੇਅਰ ਰਕਬਾ ਤੇ ਝੋਨੇ ਦੀ ਕਾਸ਼ਤ ਕੀਤੀ ਜਾ ਰਹੀ ਹੈ ਅਤੇ ਜਿਲ੍ਹੇ ਵਿੱਚ ਲਗਭਗ 2.27 ਲੱਖ ਮੀਟਰਕ ਟਨ ਝੋਨੇ ਦੀ ਪਰਾਲੀ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਪਰਾਲੀ ਦੀ ਇਸ ਪੈਦਾਵਾਰ ਨੂੰ ਖੇਤਾਂ ਵਿੱਚ ਮਿਲਾ ਕੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਇੰਨ-ਸੀਟੂ ਮਸ਼ੀਨਰੀ ਜਿਵੇਂ ਕਿ ਸੁਪਰ ਸੀਡਰ, ਹੈਪੀ ਸੀਡਰ, ਉਲਟਾਵਾਂ ਹੱਲ, ਜ਼ੀਰੋ ਟਿੱਲ ਡਰਿੱਲ, ਰੀਪਰ ਆਦਿ ਦੀ ਵਰਤੋਂ ਕੀਤੀ ਜਾਵੇਗੀ ਅਤੇ ਬੇਲਰ ਤੇ ਰੈਕ ਮਸ਼ੀਨਾਂ ਨਾਲ ਪਰਾਲੀ ਦੀਆਂ ਗੰਢਾਂ ਤਿਆਰ ਕੀਤੀਆਂ ਜਾਣਗੀਆ। ਉਨ੍ਹਾਂ ਜਾਣਕਾਰੀ ਦਿੱਤੀ ਕਿ ਪਰਾਲੀ ਦੀ ਸਾਂਭ ਸੰਭਾਲ ਲਈ ਵਰਤੀ ਜਾਂਦੀ ਮਸ਼ੀਨਰੀ ਨੂੰ ਲੋੜਵੰਦ ਕਿਸਾਨਾਂ ਤੱਕ ਪਹੁੰਚਾਉਣ ਲਈ ਸਰਕਾਰ ਵੱਲੋਂ 'ਉਨਤ ਕਿਸਾਨ' ਨਾਮ ਅਧੀਨ ਮੋਬਾਇਲ ਐਪ ਤਿਆਰ ਕੀਤੀ ਜਾ ਰਹੀ ਹੈ ਅਤੇ ਇਸ ਐਪ ਨੂੰ ਰਾਜ ਪੱਧਰ 'ਤੇ ਜਾਰੀ ਕਰਨ ਤੋਂ ਪਹਿਲਾਂ ਸਬੰਧਤ ਅਧਿਕਾਰੀਆਂ, ਕਲੱਸਟਰਾਂ ਅਫਸਰਾਂ ਅਤੇ ਨੋਡਲ ਅਫਸਰਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮੋਬਾਇਲ ਐਪ ਦਾ ਲਿੰਕ ਸਬੰਧਤ ਅਧਿਕਾਰੀਆਂ, ਕਲੱਸਟਰ ਅਫਸਰਾਂ ਅਤੇ ਨੋਡਲ ਅਫਸਰਾਂ ਨੂੰ ਭੇਜਿਆ ਜਾ ਰਿਹਾ ਹੈ ਤਾਂ ਜੋ ਐਪ ਸਬੰਧੀ ਮੁਕੰਮਲ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ ਅਤੇ ਇਸ ਦੀ ਸਫਲਤਾ ਪੂਰਵਕ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

# ਪਿੰਡ 'ਚ ਵੜ ਕੇ ਕੀਤਾ ਘਰ 'ਤੇ ਹਮਲਾ, ਬੋਲੇ ਜਾਤੀਸੂਚਕ ਸ਼ਬਦ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਨੇੜਲੇ ਪਿੰਡ ਸੱਧੇਵਾਲ ਵਿਖੇ ਇੱਕ ਘਰ ਵਿੱਚ ਵੜ ਕੇ ਕੁਝ ਲੋਕਾਂ ਵੱਲੋਂ ਹਮਲਾ ਕੀਤਾ ਗਿਆ, ਉਹਨਾਂ ਨੂੰ ਜਾਤੀ ਸੂਚਕ ਸ਼ਬਦ ਬੋਲੇ ਗਏ, ਪਰ ਚਾਰ ਦਿਨ ਬੀਤ ਜਾਣ ਦੇ ਬਾਅਦ ਵੀ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਤੰਗ ਆ ਕੇ ਪਿੰਡ ਦੇ ਸਰਪੰਚ, ਲੰਬੜਦਾਰ ਅਤੇ ਪੀੜਤ ਪਰਵਾਰ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ। ਉਹਨਾਂ ਦੋਸ਼ ਲਾਇਆ ਕਿ ਸਾਨੂੰ ਅਜੇ ਵੀ ਜਾਨ ਤੋਂ ਖਤਰਾ ਹੈ ਪਰ ਪੁਲਸ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਨਾ ਕੀਤੇ ਜਾਣਾ ਸਾਡੇ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਿਹਾ ਹੈ ।ਮਨਿੰਦਰ ਸਿੰਘ ਸਰਪੰਚ ਪਿੰਡ ਸੱਧੇਵਾਲ, ਲੰਬੜਦਾਰ ਭੂਸ਼ਣ ਕੁਮਾਰ ਅਤੇ ਪੀੜਤ ਬਲਵਿੰਦਰ ਕੁਮਾਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ15 ਤਾਰੀਕ ਨੂੰ ਸਾਡੇ ਪਿੰਡ ਦੇ ਨਾਲ ਲੱਗਦੇ ਪਿੰਡ ਦੇ ਬੰਦਿਆਂ ਨਾਲ ਲੜਾਈ ਹੋ ਗਈ ਸੀ। ਲੜਾਈ ਦੌਰਾਨ ਬਲਜੀਤ ਸਿੰਘ, ਹਰਜਿੰਦਰ ਕੁਮਾਰ ਤੇ ਸੁਮੀਤ ਕੁਮਾਰ ਸਖਤ ਜਖ਼ਮੀ ਹੋ ਗਏ। ਲੜਾਈ ਤੋਂ ਬਾਅਦ ਇਹ ਵਾਪਸ ਆਪਣੇ ਘਰ ਨੂੰ ਜਾਣ ਲੱਗੇ ਤਾਂ ਰਸਤੇ ਵਿੱਚ ਇਹਨਾਂ ਨੂੰ ਘੇਰ ਲਿਆ ਗਿਆ ਤੇ ਕੁੱਟਮਾਰ ਕੀਤੀ ਗਈ। ਛੋਟੀ ਬੱਚੀ ਚਾਰ ਸਾਲ ਦੀ ਉਹਦੇ ਵੀ ਸੱਟ ਲੱਗੀ ਤੇ ਇਹਦੀ ਪਤਨੀ ਦੇ ਵੀ ਗੁੱਝੀਆਂ ਸੱਟਾਂ ਲੱਗੀਆਂ। ਉਸ ਤੋਂ ਬਾਅਦ ਬਲਵਿੰਦਰ ਸਿੰਘ ਆਪਣੇ ਭਰਾ ਨੂੰ ਲੈ ਕੇ ਘਰ ਚਲੇ ਗਏ। ਘਰ ਜਾਣ ਤੋਂ ਬਾਅਦ ਉਹ ਬੰਦੇ ਦੁਬਾਰਾ ਗੱਡੀ ਭਰ ਕੇ ਆਏ ਤੇ ਇਹਨਾਂ ਦੇ ਘਰ 'ਤੇ ਹਮਲਾ ਕਰ ਦਿੱਤਾ। 8 ਤੋਂ 10 ਬੰਦੇ ਸਨ, ਜਿਹਨਾਂ ਵਿੱਚ ਕੁਝ ਬੰਦੇ ਸਾਡੇ ਪਹਿਚਾਣੇ ਹੋਏ ਹਨ, ਕੁਝ ਬੰਦੇ ਅਣਪਛਾਤੇ ਸੀ। ਹਮਲਾ ਕਰਨ ਸਮੇਂ ਉਹਨਾਂ ਕੋਲ ਡਾਂਟ, ਰਾਡ ਵਗੈਰਾ ਹੱਥ ਵਿੱਚ ਸੀ ਤੇ ਇਹਨਾਂ ਨੇ ਆਪਣੇ ਬਚਾਅ ਕਰਨ ਲਈ ਕਾਫੀ ਜੱਦੋ ਜਹਿਦ ਕੀਤੀ। ਉਸ ਤੋਂ ਬਾਅਦ ਜ਼ਖ਼ਮੀਆਂ ਨੂੰ 15 ਤਰੀਕ ਰਾਤ ਨੂੰ ਤਕਰੀਬਨ 11 ਵਜੇ ਅਸੀਂ ਹਸਪਤਾਲ ਦਾਖਲ ਕਰਾਇਆ। ਪੁਲਸ ਬਿਆਨ ਲੈ ਗਈ ਪਰ ਚਾਰ ਦਿਨ ਬੀਤ ਜਾਣ ਦੇ ਬਾਅਦ ਵੀ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।ਸਰਪੰਚ ਮਨਿੰਦਰ ਸਿੰਘ ਨੇ ਕਿਹਾ ਕਿ ਪਿੰਡ ਵਿੱਚ ਵੜ ਕੇ ਹੀ ਸਾਨੂੰ ਧਮਕੀਆਂ, ਸਾਡੇ 'ਤੇ ਹਮਲਾ ਇਸ ਤਰ੍ਹਾਂ ਜੇਕਰ ਰੈਗੂਲਰ ਚਲਦਾ ਰਿਹਾ ਤਾਂ ਸਾਡੇ ਪਿੰਡ ਵਾਲੇ ਕਿਵੇਂ ਰਹਾਂਗੇ। ਉਹਨਾਂ ਕਿਹਾ ਕਿ ਇਹਨਾਂ ਦੇ ਪਰਵਾਰ ਨੂੰ ਇਹਨਾਂ ਦੇ ਜਿਹੜੇ ਨਾਲ ਸੀ, ਸਾਰਿਆਂ ਨੂੰ ਜਾਤੀਸੂਚਕ ਸ਼ਬਦ ਬੋਲੇ ਗਏ ਜਿਸ ਨਾਲ ਕਿ ਸਾਨੂੰ ਬਹੁਤ ਦੁੱਖ ਹੋਇਆ । ਉਹਨਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਜਿੰਨੀ ਜਲਦੀ ਹੋ ਸਕੇ ਇਹਨਾਂ ਤੇ ਜੋ ਵੀ ਬਣਦੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸਰਪੰਚ ਮਨਿੰਦਰ ਸਿੰਘ, ਦੀਪਕ ਧਰਮਾਣੀ, ਸੰਦੀਪ ਧਰਮਾਣੀ, ਰਕੇਸ਼ ਕੁਮਾਰ, ਭੂਸ਼ਣ ਕੁਮਾਰ, ਪਰਮਿੰਦਰ ਸਿੰਘ, ਕਰਮ ਚੰਦ, ਗੁਰਪਾਲ ਸਿੰਘ, ਰਾਮਪਾਲ ਸਿੰਘ, ਸੁਖਦੇਵ ਸਿੰਘ, ਵਿਜੇ ਕੁਮਾਰ, ਸ਼ਿਵ ਕੁਮਾਰ, ਜਸਵੰਤ ਸਿੰਘ, ਸੁਖਬੀਰ ਸਿੰਘ ਆਦਿ ਹਾਜ਼ਰ ਸਨ।ਜਦੋਂ ਇਸ ਸਬੰਧੀ ਥਾਣਾ ਮੁਖੀ ਦਾਨਸ਼ਵੀਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਜਿਵੇਂ ਹੀ ਸਾਨੂੰ ਹਸਪਤਾਲ ਤੋਂ ਰਿਪੋਰਟ ਆਈ ਉਸੇ ਸਮੇਂ ਅਸੀਂ ਇਹਨਾਂ ਦੇ ਬਿਆਨ ਲੈ ਲਏ । ਹੁਣ ਸਮੁੱਚੇ ਕੇਸ ਦੀ ਪੜਤਾਲ ਕੀਤੀ ਜਾ ਰਹੀ ਹੈ ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਮੋਦੀ ਨੇ ਮੰਤਰੀਆਂ ਤੇ ਸੰਸਦ ਮੈਂਬਰਾਂ ਨੂੰ ਕਾਂਗਰਸ ਪ੍ਰਤੀ ਜ਼ਹਿਰ ਉਗਲਣ ਦੀ ਦਿੱਤੀ ਖੁੱਲ੍ਹੀ ਛੋਟ : ਧਾਲੀਵਾਲ



**ਫਗਵਾੜਾ (ਡਾ. ਰਮਨ)**- ਮਹਿਲਾ ਕਾਂਗਰਸ ਫਗਵਾੜਾ ਸ਼ਹਿਰੀ ਪ੍ਰਧਾਨ ਰਣਜੀਤ ਕੌਰ ਰਾਣੀ ਦੀ ਅਗਵਾਈ 'ਚ ਸਥਾਨਕ ਖਲਵਾੜਾ ਰੋਡ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਤਿੱਖਾ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਦੌਰਾਨ ਹਲਕਾ ਵਿਧਾਇਕ ਤੇ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਆਸੀ ਮਰਿਆਦਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ ਅਤੇ ਉਨ੍ਹਾਂ ਦੇ ਚਹੇਤੇ ਮੰਤਰੀ ਤੇ ਸੰਸਦ ਮੈਂਬਰ ਵੀ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਨ। ਮੋਦੀ ਕਈ ਵਾਰ ਕਾਂਗਰਸ ਪ੍ਰਤੀ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰ ਚੁੱਕੇ ਹਨ। ਪਰ ਜਦੋਂ ਅੰਗਰੇਜ਼ ਕਾਂਗਰਸ ਨੂੰ ਖਤਮ ਨਹੀਂ ਕਰ ਸਕੇ ਤਾਂ ਭਾਜਪਾ ਅਤੇ ਆਰ.ਐਸ.ਐਸ. ਨੂੰ ਵੀ ਅਜਿਹੇ ਸੁਪਨੇ ਨਹੀਂ ਦੇਖਣੇ ਚਾਹੀਦੇ। ਕੇਂਦਰੀ ਮੰਤਰੀ ਰਵਨੀਤ ਬਿੱਟੂ ਵੱਲੋਂ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ ਬਾਰੇ ਧਾਲੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਕਾਂਗਰਸ ਵਿਰੁੱਧ ਜ਼ਹਿਰ ਉਗਲਣ ਦੀ ਖੁੱਲ੍ਹ ਦੇ ਦਿੱਤੀ ਹੈ। ਫਿਰ ਵੀ ਬਿੱਟੂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰਾਹੁਲ ਗਾਂਧੀ ਦੀ ਬਦੌਲਤ ਹੀ ਉਹ ਤਿੰਨ ਵਾਰ ਸੰਸਦ ਮੈਂਬਰ ਬਣੇ ਸਨ। ਉਨ੍ਹਾਂ ਤਿੱਖੇ ਲਹਿਜੇ ਵਿੱਚ ਕਿਹਾ ਕਿ ਰਾਹੁਲ ਗਾਂਧੀ ਸੰਸਦ ਵਿੱਚ ਵਿਰੋਧੀ ਧਿਰ ਦੇ ਆਗੂ ਹਨ, ਇਸ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਰਵਨੀਤ ਬਿੱਟੂ ਦੇ ਬਿਆਨ 'ਤੇ ਸਦਨ ਵਿੱਚ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਦੌਰਾਨ ਉਨ੍ਹਾਂ ਨੇ ਭਾਜਪਾ ਸੰਸਦ ਕੰਗਨਾ ਰਣੌਤ 'ਤੇ ਵੀ ਉਨ੍ਹਾਂ ਦੇ ਇਤਰਾਜ਼ਯੋਗ ਬਿਆਨਾਂ ਲਈ ਤਿੱਖਾ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨ ਘੱਟ ਗਿਣਤੀ ਭਾਈਚਾਰਿਆਂ ਪ੍ਰਤੀ ਨਫ਼ਰਤ ਫੈਲਾਉਂਦੇ ਹਨ, ਜਿਸ 'ਤੇ ਕਾਬੂ ਪਾਇਆ ਜਾਣਾ ਚਾਹੀਦਾ ਹੈ। ਇਸ ਦੌਰਾਨ ਮਹਿਲਾ ਕਾਂਗਰਸ ਫਗਵਾੜਾ ਦੀ ਪ੍ਰਧਾਨ ਰਣਜੀਤ ਕੌਰ ਰਾਣੀ ਨੇ ਕਿਹਾ ਕਿ ਰਵਨੀਤ ਬਿੱਟੂ ਅਤੇ ਕੰਗਣਾ ਰਣੌਤ ਵਰਗੇ ਨਫਰਤੀ ਮਾਨਸਿਕਤਾ ਵਾਲੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਦੀ ਸੰਸਦ ਵਿੱਚ ਕੋਈ ਥਾਂ ਨਹੀਂ ਹੈ ਬਲਕਿ ਉਨ੍ਹਾਂ ਨੂੰ ਮਾਨਸਿਕ ਇਲਾਜ ਦੀ ਲੋੜ ਹੈ। ਮਹਿਲਾ ਆਗੂਆਂ ਸਰਜੀਵਨ ਲਤਾ ਸ਼ਰਮਾ, ਬਲਜੀਤ ਕੌਰ ਬੁੱਟਰ ਅਤੇ ਤ੍ਰਿਪਤਾ ਸ਼ਰਮਾ ਨੇ ਵੀ ਰਾਹੁਲ ਗਾਂਧੀ ਪ੍ਰਤੀ ਮਾੜੀ ਬਿਆਨਬਾਜ਼ੀ ਕਰਨ ਲਈ ਰਵਨੀਤ ਬਿੱਟੂ ਤੋਂ ਮੁਆਫ਼ੀ ਦੀ ਮੰਗ ਕੀਤੀ। ਇਸ ਮੌਕੇ ਸ਼ਵਿੰਦਰ ਨਿਸ਼ਚਲ, ਸੀਤਾ ਦੇਵੀ, ਦਲਬੀਰ ਕੌਰ ਬਰਨ, ਜਤਿੰਦਰ ਕੌਰ, ਸੁਨੀਤਾ ਰਾਣੀ, ਗੁਰਦਿਆਲ ਸਿੰਘ ਪ੍ਰਧਾਨ, ਗੁਰਜੀਤ ਵਾਲੀਆ, ਤੁਲਸੀ ਰਾਮ ਖੋਸਲਾ, ਵਿੱਕੀ ਵਾਲੀਆ, ਸੋਹਣ ਪਰਮਾਰ, ਰਿੰਕੂ ਵਾਲੀਆ, ਸੰਜੀਵ ਟੀਟੂ, ਡਾ. ਰਮਨ ਸ਼ਰਮਾ, ਬਾਬਾ ਮਹਿੰਦਰ ਸਿੰਘ, ਬਿੱਟੂ ਸੰਤੋਖਪੁਰਾ, ਸ਼ਸ਼ੀ ਬਾਲਾ, ਕੁਲਦੀਪ ਸਿੰਘ, ਅਮਰਜੀਤ ਸਿੰਘ ਗਬਰੂ, ਹਰਵਿੰਦਰ ਸਿੰਘ ਰਾਣੀਪੁਰ, ਯੋਗੇਸ਼ ਕੌਲ, ਗੁਰਦਿਆਲ ਸਿੰਘ ਭਗਤਪੁਰਾ, ਲਾਡੀ ਸਰਪੰਚ ਕਾਂਸ਼ੀ ਨਗਰ, ਮਨਜੀਤ ਸਿੰਘ ਬਰਨ, ਯੋਗ ਰਾਮ, ਨੌਰੀਆ ਰਾਮ, ਰਵਿੰਦਰ ਬਹਿਲ, ਅਮਨਦੀਪ ਢੰਡਾ, ਸੋਹਣ ਸਿੰਘ ਆਦਿ ਹਾਜ਼ਰ ਸਨ।

# ਬੇਟੀਆਂ ਨਾਲ ਚੱਲਦਾ ਸਮਾਜ, ਬੇਟੀਆਂ ਪ੍ਰਤੀ ਸੋਚ ਬਦਲਣ ਦੀ ਜ਼ਰੂਰਤ : ਡਾ. ਚੱਬੇਵਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਦੀ ਅਗਵਾਈ ਵਿਚ ਸੀ.ਡੀ.ਪੀ.ਓ ਹੁਸ਼ਿਆਰਪੁਰ-2 ਦਇਆ ਰਾਣੀ ਵੱਲੋਂ ਪਿੰਡ ਜਿਆਣ ਦੇ ਕਮਿਊਨਿਟੀ ਹਾਲ ਵਿੱਚ ਬੇਟੀ ਬਚਾਓ, ਬੇਟੀ ਪੜ੍ਹਾਓ ਸਕੀਮ ਤਹਿਤ ਨਵਜੰਮੀਆਂ ਬੱਚੀਆਂ ਦਾ ਜਨਮ ਦਿਨ ਮਨਾਇਆ ਗਿਆ।ਇਸ ਮੌਕੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਐਸ.ਡੀ.ਐਮ ਸੰਜੀਵ ਕੁਮਾਰ ਵੀ ਮੌਜੂਦ ਸਨ।ਮੁੱਖ ਮਹਿਮਾਨ ਨੇ 10 ਨਵਜੰਮੀਆਂ ਬੱਚੀਆਂ ਦੇ ਨਾਂ 'ਤੇ ਪਲੇਅ ਗਰਾਊਂਡ ਜਿਆਣ ਵਿਚ ਪੌਦੇ ਲਗਾਏ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੱਚੀਆਂ ਦੇ ਨਾਮ ਦਾ ਕੇਕ ਵੀ ਕੱਟਿਆ ਗਿਆ। ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਇਹ ਸਾਰਾ ਸਮਾਜ ਸਾਡੀਆਂ ਧੀਆਂ ਨਾਲ ਹੀ ਚੱਲਦਾ ਹੈ।ਉਨ੍ਹਾਂ ਕਿਹਾ ਕਿ ਜਿੱਥੇ ਸਾਨੂੰ ਆਪਣੀਆਂ ਧੀਆਂ ਨੂੰ ਬਚਾਉਣ ਅਤੇ ਸਿੱਖਿਅਤ ਕਰਨ ਦੀ ਲੋੜ ਹੈ, ਉੱਥੇ ਹੀ ਮਰਦ ਸਮਾਜ ਨੂੰ ਵੀ ਆਪਣੀ ਮਾਨਸਿਕ ਸੋਚ ਬਦਲਣ ਦੀ ਲੋੜ ਹੈ ਤਾਂ ਜੋ ਸਾਡੀਆਂ ਬੇਟੀਆਂ ਸਮਾਜ ਵਿੱਚ ਸੁਰੱਖਿਅਤ ਰਹਿ ਸਕਣ।ਲੋਕ ਸਭਾ ਮੈਂਬਰ ਨੇ ਕਿਹਾ ਕਿ ਔਰਤਾਂ ਕਿਸੇ ਵੀ ਖੇਤਰ ਵਿੱਚ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਵਿਭਾਗ ਨੇ ਬੇਟੀਆਂ ਦੇ ਨਾਮ 'ਤੇ ਪੌਦੇ ਲਗਾ ਕੇ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਬੇਟੀਆਂ ਨੂੰ ਸਨਮਾਨਤ ਕਰਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਦੌਰਾਨ ਪੋਸ਼ਣ ਮਹੀਨੇ ਦੇ ਮੱਦੇਨਜ਼ਰ ਘੱਟ ਖਰਚੇ 'ਤੇ ਤਿਆਰ ਪੌਸ਼ਟਿਕ ਗੁਣਵੱਤਾ ਵਾਲੇ ਪਕਵਾਨਾਂ ਦਾ ਸਟਾਲ ਵੀ ਲਗਾਇਆ ਗਿਆ।ਇਸ ਮੌਕੇ ਸੀ.ਡੀ.ਪੀ.ਓ ਭੂੰਗਾ ਜਸਵਿੰਦਰ ਕੌਰ, ਸੀ.ਡੀ.ਪੀ.ਓ ਹੁਸ਼ਿਆਰਪੁਰ-1 ਰਵਿੰਦਰ ਕੌਰ, ਐਸ.ਐਮ.ਓ ਮਨਪ੍ਰੀਤ ਸਿੰਘ ਬੈਂਸ, ਸਾਬਕਾ ਸਰਪੰਚ ਪਰਮਜੀਤ ਕੌਰ, ਰਵਿੰਦਰ ਕੌਰ, ਅਰਸ਼ਦੀਪ ਕੌਰ ਆਦਿ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫਤਾਰ ਕਰਨ ਦੀ ਨਿੰਦਾ

## ਪੈਟਰੋਲ, ਡੀਜ਼ਲ ਤੇ ਬੱਸ ਕਿਰਾਏ 'ਚ ਵਾਧਾ ਤੁਰੰਤ ਵਾਪਸ ਲੈਣ ਦੀ ਮੰਗ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਨਾਮਵਰ ਰਾਜਨੀਤਕ ਵਿਸ਼ਲੇਸ਼ਕ ਮਾਲਵਿੰਦਰ ਸਿੰਘ ਮਾਲੀ ਦੇ ਖਿਲਾਫ ਪੰਜਾਬ ਪੁਲਸ ਵੱਲੋਂ ਝੂਠਾ ਪਰਚਾ ਦਰਜ ਕਰਨ ਤੋਂ ਬਾਅਦ ਗ੍ਰਿਫਤਾਰ ਕਰਕੇ ਜੇਲ੍ਹ ਭੇਜਣ ਨਾਲ ਭਗਵੰਤ ਮਾਨ ਸਰਕਾਰ ਨੇ ਲੋਕਤੰਤਰੀ ਕਦਰਾਂ ਕੀਮਤਾਂ ਦਾ ਘਾਣ ਕੀਤਾ ਹੈ। ਪੰਜਾਬ ਸਰਕਾਰ ਦੀਆਂ ਅਜਿਹੀਆਂ ਗੈਰ-ਲੋਕਤੰਤਰੀ ਕਾਰਵਾਈਆਂ ਦਾ ਜਵਾਬ ਪੰਜਾਬ ਦੇ ਇਨਸਾਫ ਪਸੰਦ ਲੋਕ ਆਪਣੇ ਸੰਘਰਸ਼ਾਂ ਰਾਹੀਂ ਦੇ ਕੇ ਪੰਜਾਬ ਸਰਕਾਰ ਨੂੰ ਅਜਿਹੇ ਮੰਦਭਾਗੇ ਫੈਸਲੇ ਵਾਪਸ ਲੈਣ ਲਈ ਮਜਬੂਰ ਕਰਨਗੇ ਤੇ ਇਸ ਦਾ ਢੁਕਵਾਂ ਉੱਤਰ ਆਉਣ ਵਾਲੀਆਂ ਸਾਰੀਆਂ ਜ਼ਿਮਨੀ ਚੋਣਾਂ ਤੇ ਹੋਰ ਚੋਣਾਂ ਵਿੱਚ ਦੇ ਕੇ ਭਗਵੰਤ ਮਾਨ ਸਰਕਾਰ ਨੂੰ ਸਬਕ ਸਿਖਾਉਣਗੇ। ਇਸ ਕਰਕੇ ਪੰਜਾਬ ਸਰਕਾਰ ਨੂੰ ਤੁਰੰਤ ਮਾਲਵਿੰਦਰ ਸਿੰਘ ਮਾਲੀ ਨੂੰ ਬਿਨਾਂ ਸ਼ਰਤ ਰਿਹਾਅ ਕਰਨਾ ਚਾਹੀਦਾ ਹੈ। ਇਹ ਮੰਗ ਇੱਥੇ ਪੰਜਾਬ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ) ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਸੂਬਾਈ ਆਗੂਆਂ ਦੀ ਆਨਲਾਈਨ ਮੀਟਿੰਗ ਦੌਰਾਨ ਕੀਤੀ ਗਈ। ਇਸ ਤੋਂ ਇਲਾਵਾ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀ ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਵਾਧੇ, ਬੱਸ ਕਿਰਾਏ ਵਿੱਚ ਕੀਤੇ ਗਏ ਵਾਧੇ ਤੇ ਘੱਟੋ ਘੱਟ ਬੱਸ ਕਿਰਾਏ ਦੀ ਦਰ 10 ਰੁਪਏ ਦੀ ਥਾਂ 15 ਰੁਪਏ ਕਰਨ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਨਾਲ ਆਮ ਲੋਕਾਂ ਦੀ ਜੇਬਾਂ 'ਤੇ ਵੱਡਾ ਬੋਝ ਪਵੇਗਾ ਤੇ ਇਸ ਦਾ ਫਾਇਦਾ ਸਰਕਾਰੀ ਟਰਾਂਸਪੋਰਟ ਨੂੰ ਨਾ-ਮਾਤਰ ਤੇ ਪ੍ਰਾਈਵੇਟ ਟਰਾਂਸਪੋਰਟਰਾਂ ਅਤੇ ਮਿੰਨੀ ਬੱਸ ਆਪ੍ਰੇਟਰਾਂ ਨੂੰ ਵੱਡੇ ਪੱਧਰ 'ਤੇ ਹੋਵੇਗਾ। ਆਗੂਆਂ ਨੇ ਮਹਿਸੂਸ ਕੀਤਾ ਕਿ ਅਸਲ ਵਿੱਚ ਪੰਜਾਬ ਸਰਕਾਰ ਦਾ ਇਹ ਫੈਸਲਾ ਹੁਕਮਰਾਨਾ ਵੱਲੋਂ ਨਿੱਜੀ ਟਰਾਂਸਪੋਰਟਰਾਂ ਨੂੰ ਖ਼ੁਸ਼ ਕਰਕੇ ਭ੍ਰਿਸ਼ਟਾਚਾਰ ਰਾਹੀਂ ਆਪਣੀਆਂ ਜੇਬਾਂ ਨੂੰ ਗਰਮ ਕਰਨ ਵੱਲ ਵੱਡਾ ਕਦਮ ਹੈ। ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲੋਕ ਹਿੱਤ ਵਿੱਚ ਪੈਟਰੋਲ, ਡੀਜ਼ਲ ਤੇ ਬੱਸ ਕਿਰਾਏ ਵਿੱਚ ਹਰੇਕ ਕਿਸਮ ਦੇ ਕੀਤੇ ਗਏ ਵਾਧੇ ਤੁਰੰਤ ਵਾਪਸ ਲਏ ਜਾਣ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੂਬਾਈ ਆਗੂ ਚਰਨ ਸਿੰਘ ਸਰਾਭਾ, ਅਵਤਾਰ ਸਿੰਘ ਗਗੜਾ, ਗੁਰਮੇਲ ਸਿੰਘ ਮੈਲਡੇ, ਗੁਰਜੀਤ ਸਿੰਘ ਘੋੜੇਵਾਹ, ਜਗਤਾਰ ਸਿੰਘ ਭੁੰਗਰਨੀ, ਪ੍ਰੇਮ ਚਾਵਲਾ, ਸੱਤਿਆਪਾਲ ਗੁਪਤਾ, ਅਵਤਾਰ ਸਿੰਘ ਤਾਰੀ, ਭੁਪਿੰਦਰ ਸਿੰਘ ਸੇਖੋ, ਕੁਲਵੰਤ ਸਿੰਘ ਚਾਨੀ, ਪ੍ਰਿਤਪਾਲ ਸਿੰਘ ਪੰਡੋਰੀ, ਬਲਰਾਜ ਸਿੰਘ ਭੰਗੂ, ਸੁੱਚਾ ਸਿੰਘ ਅਜਨਾਲਾ, ਨਸੀਬ ਸਿੰਘ ਜੜੋਤ, ਸਵਰਨ ਸਿੰਘ ਹਠੂਰ, ਗੁਰਬਖਸ਼ ਸਿੰਘ ਢਿੱਲੋਂ, ਵੇਦ ਪ੍ਰਕਾਸ਼ ਬਟਾਲਾ, ਸੁਰੇਸ਼ ਕੁਮਾਰ ਪਠਾਨਕੋਟ, ਬਲਵੰਤ ਸਿੰਘ ਸੰਧੂ ਫਿਰੋਜ਼ਪੁਰ, ਅੰਗਰੇਜ਼ ਸਿੰਘ ਸ੍ਰੀ ਮੁਕਤਸਰ ਸਾਹਿਬ, ਗੁਰਦੀਪ ਸਿੰਘ, ਮਨਜੀਤ ਸਿੰਘ ਮਨਸੂਰਾਂ, ਮਨਜੀਤ ਸਿੰਘ ਗਿੱਲ, ਦਰਸ਼ਨ ਸਿੰਘ ਥਰੀਕੇ, ਗੁਰਮੇਲ ਚੰਦ ਨਵਾਂ ਸ਼ਹਿਰ, ਪੋਹਲਾ ਸਿੰਘ ਬਰਾੜ, ਸੱਤਪਾਲ ਸਿੰਘ ਸਹਿਗਲ ਆਦਿ ਸ਼ਾਮਲ ਸਨ।



# ਪ੍ਰਾਇਮਰੀ ਸਕੂਲ ਖੇਡਾਂ ਲਈ ਅਧਿਆਪਕਾਂ ਤੋਂ ਫੰਡ ਉਗਰਾਹੁਣ ਦਾ ਵਿਰੋਧ

ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹੇ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਜੀ ਟੀ ਯੂ, ਡੀ ਟੀ ਐਫ਼ (ਦਿਗਵਿਜੇਪਾਲ), ਬੀ ਐੱਡ ਫ਼ਰੰਟ, ਡੀ ਟੀ ਐੱਫ (ਵਿਕਰਮਦੇਵ) ਆਦਿ ਦੀ ਮੀਟਿੰਗ ਪ੍ਰਾਇਮਰੀ ਸਕੂਲਾਂ ਦੀਆਂ ਖੇਡਾਂ ਸਬੰਧੀ ਹੋਈ।ਮੀਟਿੰਗ ਵਿੱਚ ਪ੍ਰਾਇਮਰੀ ਸਕੂਲ ਖੇਡਾਂ ਕਰਾਉਣ ਲਈ ਅਧਿਆਪਕਾਂ ਤੋਂ 1500 ਰੁਪਏ ਪ੍ਰਤੀ ਅਧਿਆਪਕ ਫੰਡ ਜਬਰੀ ਇਕੱਠਾ ਕਰਨ ਦਾ ਮਸਲਾ ਪ੍ਰਮੁੱਖਤਾ ਨਾਲ ਵਿਚਾਰਿਆ ਗਿਆ। ਜਥੇਬੰਦਕ ਆਗੂਆਂ ਨਰਿੰਦਰ ਮਾਖਾ, ਕਰਮਜੀਤ ਤਾਮਕੋਟ, ਦਰਸ਼ਨ ਅਲੀਸ਼ੇਰ, ਜਗਤਾਰ ਸਿੰਘ ਝੱਬਰ ਤੇ ਅਮੋਲਕ ਸਿੰਘ ਡੇਲੂਆਣਾ ਨੇ ਕਿਹਾ ਕਿ ਅੱਜ ਤੱਕ ਕਦੇ ਸਰਕਾਰ ਨੇ ਕਦੇ ਵੀ ਪ੍ਰਾਇਮਰੀ ਸਕੂਲ ਖੇਡਾਂ ਜੋ ਸੈਂਟਰ, ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਕਰਾਈਆਂ ਜਾਂਦੀਆਂ ਹਨ, ਲਈ ਕੋਈ ਫੰਡ ਨਹੀਂ ਦਿੱਤਾ ਜਾਂਦਾ। ਅਧਿਆਪਕ ਆਗੂਆਂ ਗੁਰਦਾਸ ਰਾਏਪੁਰ, ਹਰਜਿੰਦਰ ਅਨੂਪਗੜ੍ਹ, ਇੰਦਰਜੀਤ ਡੇਲੂਆਣਾ ਨੇ ਕਿਹਾ ਕਿ ਅਧਿਆਪਕ ਪਹਿਲਾਂ ਹੀ ਬੱਚਿਆਂ ਨੂੰ ਡਾਇਟ ਤੇ ਬੱਚਿਆਂ ਦਾ ਖੇਡਾਂ 'ਤੇ ਲਿਜਾਣ ਲਈ ਵਹੀਕਲਾਂ ਦੇ ਪ੍ਰਬੰਧ ਦਾ ਖਰਚਾ ਆਪਣੀਆਂ ਜੇਬਾਂ ਚੋਂ ਕਰਦੇ ਹਨ। ਆਗੂਆਂ ਨੇ ਇਸ ਫੰਡ ਵਿੱਚ ਹੇਰਾ ਫੇਰੀ ਹੋਣ ਦੀ ਵੀ ਸ਼ੰਕਾ ਜ਼ਾਹਰ ਕੀਤੀ। ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਫ਼ੈਸਲਾ ਕੀਤਾ ਕਿ ਪ੍ਰਾਇਮਰੀ ਸਕੂਲ ਖੇਡਾਂ ਲਈ ਕੋਈ ਵੀ ਅਧਿਆਪਕ ਇਹ ਜ਼ਬਰੀ ਉਗਰਾਹੀ ਵਾਲਾ ਫੰਡ ਨਹੀਂ ਦੇਵੇਗਾ।ਅਧਿਆਪਕ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਨ੍ਹਾਂ ਪ੍ਰਾਇਮਰੀ ਸਕੂਲ ਖੇਡਾਂ ਸਬੰਧੀ ਵਿਭਾਗ ਵੱਲੋਂ ਖੇਡਾਂ ਲਈ ਲੋੜੀਂਦਾ ਫੰਡ ਜਾਰੀ ਕਰੇ।ਜੇਕਰ ਸਰਕਾਰ ਵਲੋਂ ਖੇਡਾਂ ਨੂੰ ਕਰਾਉਣ ਲਈ ਕੋਈ ਫੰਡ ਜਾਰੀ ਨਹੀਂ ਕੀਤਾ ਜਾਂਦਾ ਤਾਂ ਖੇਡਾਂ ਦਾ ਸਮੂਹ ਅਧਿਆਪਕਾ ਵੱਲੋ ਪੂਰਨ ਬਾਈਕਾਟ ਕੀਤਾ ਜਾਵੇਗਾ।ਆਗੂਆਂ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਸਕੂਲ ਮੁੱਖੀ ਜਾਂ ਅਧਿਆਪਕ ਨੂੰ ਉੱਚ ਅਧਿਕਾਰੀਆਂ ਵੱਲੋਂ ਇਸ ਜ਼ਬਰੀ ਫੰਡ ਉਗਰਾਹੀ ਸਬੰਧੀ ਦਬਾਅ ਪਾਇਆ ਜਾਂਦਾ ਹੈ ਤਾਂ ਜਥੇਬੰਦੀਆਂ ਨਾਲ ਸੰਪਰਕ ਕਰਨ ਦੀ ਖੇਚਲ ਕਰਨ।

# ਬੱਚਿਆਂ ਦੀ ਯੌਨ ਸ਼ੋਸ਼ਣ ਤੋਂ ਸੁਰੱਖਿਆ ਲਈ ਸੰਵੇਦਨਸ਼ੀਲ ਹੋਣ ਦੀ ਲੋੜ : ਐਡਵੋਕੇਟ ਭਾਟੀਆ



ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਐੱਚ.ਐਸ.ਗਰੇਵਾਲ ਤੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ. ਰਾਜਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਏ.ਡੀ.ਆਰ. ਸੈਂਟਰ ਮਾਨਸਾ ਵਿਖੇ ਪੁਲਸ ਸਾਂਝ ਕੇਂਦਰ ਇੰਚਾਰਜਾਂ ਲਈ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਸਾਰੇ ਸਾਂਝ ਕੇਂਦਰ ਇੰਚਾਰਜ ਸ਼ਾਮਲ ਹੋਏ।ਕੈਂਪ ਨੂੰ ਸੰਬੋਧਨ ਕਰਦਿਆਂ ਸੀਨੀਅਰ ਐਡਵੋਕੇਟ ਬਲਵੰਤ ਭਾਟੀਆ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਬੱਚਿਆਂ ਦੀ ਯੌਨ ਸੋਸ਼ਣ ਤੋਂ ਸੁਰੱਖਿਆ ਬਹੁਤ ਮਹੱਤਵਪੂਰਨ ਮਾਮਲਾ ਹੈ, ਇਸ ਲਈ ਸਾਨੂੰ ਸਭ ਨੂੰ ਸੰਵੇਦਨਸ਼ੀਲ ਹੋਣ ਦੀ ਲੋੜ ਹੈ।ਬੱਚਿਆਂ ਦੀ ਯੌਨ ਸ਼ੋਸ਼ਣ ਤੋਂ ਸੁਰੱਖਿਆ ਲਈ ਬਣਾਏ ਗਏ ਸਖ਼ਤ ਕਾਨੂੰਨ ਪੌਕਸੋ-2012 ਅਤੇ ਅਮੈਂਡਮੈਂਟ ਐਕਟ-2012 ਦੀਆਂ ਵੱਖ ਵੱਖ ਧਾਰਾਵਾਂ ਬਾਰੇ ਵਿਸਥਾਰ ਸਹਿਤ ਚਰਚਾ ਕਰਦਿਆਂ ਐਡਵੋਕੇਟ ਭਾਟੀਆ ਨੇ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਜਬਰ ਜਨਾਹ ਤੋਂ ਇਲਾਵਾ ਉਨ੍ਹਾਂ ਨਾਲ ਛੇੜ-ਛਾੜ ਕਰਨਾ, ਰਾਹ ਰੋਕਣਾ, ਗਲਤ ਇਸ਼ਾਰੇ ਕਰਨ, ਅਸ਼ਲੀਲ ਵਸਤਾਂ ਵਿਖਾਉਣਾ, ਅਸ਼ਲੀਲ ਰੂਪ ਵਿੱਚ ਪੇਸ਼ ਕਰਨਾ ਆਦਿ ਅਜਿਹੇ ਅਪਰਾਧ ਹਨ ਜਿਨ੍ਹਾਂ ਲਈ ਐਕਟ ਵਿੱਚ ਸਖ਼ਤ ਸਜ਼ਾਵਾਂ ਦਾ ਪ੍ਰਾਵਧਾਨ ਹੈ।ਐਡਵੋਕੇਟ ਭਾਟੀਆ ਨੇ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਮਾਮਲੇ ਦੀ ਸੰਗੀਨਤਾ ਨੂੰ ਸਮਝਣ ਤੇ ਸੋਸ਼ਣ ਦਾ ਸ਼ਿਕਾਰ ਕੋਈ ਵੀ ਬੱਚਾ ਇਨਸਾਫ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।ਪੀੜਤ ਲੋੜ ਵੇਲੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਕਿਸੇ ਵੇਲੇ ਵੀ ਸੰਪਰਕ ਕਰ ਸਕਦੇ ਹਨ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਸਰਕਾਰ ਖਿਲਾਫ਼ ਰੈਲੀ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਜੁਆਇੰਟ ਫਰੰਟ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਸਟੇਟ ਬਾਡੀ ਦੇ ਸੱਦੇ 'ਤੇ ਰੈਲੀ ਕਰਕੇ ਡੀ ਸੀ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕੋਆਰਡੀਨੇਟਰ ਸੁਬੇਗ ਸਿੰਘ ਅਜੀਜ ਨੇ ਸਰਕਾਰ ਵੱਲੋਂ ਜਥੇਬੰਦੀ ਨੂੰ ਮੀਟਿੰਗ ਕਰਨ ਲਈ ਵੱਖ-ਵੱਖ ਸਮੇਂ ਤਰੀਕਾਂ ਦੇ ਕੇ ਮੁਕਰਨ ਬਾਰੇ ਜਾਣੂ ਕਰਵਾਇਆ ਤੇ ਕਿਹਾ ਕਿ ਜਿੰਨਾ ਚਿਰ ਸਰਕਾਰ ਫਰੰਟ ਨਾਲ ਗੱਲਬਾਤ ਰਾਹੀਂ ਮੰਗਾਂ ਦਾ ਹੱਲ ਨਹੀਂ ਕਰੇਗੀ, ਸੰਘਰਸ਼ ਜਾਰੀ ਰਹੇਗਾ।

ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕਸ਼ਮੀਰ ਸਿੰਘ ਜੇਲ੍ਹ ਪੈਨਸ਼ਨਰ, ਖਜ਼ਾਨ ਸਿੰਘ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਮੁਖਤਿਆਰ ਸਿੰਘ ਜਨਰਲ ਸਕੱਤਰ ਪੁਲਸ ਵੈੱਲਫੇਅਰ ਐਸੋਸੀਏਸ਼ਨ, ਮਹਿੰਦਰ ਸਿੰਘ ਧਾਲੀਵਾਲ ਪੰਜਾਬ ਜੰਗਲਾਤ ਪੈਨਸ਼ਨਰ ਐਸੋਸੀਏਸ਼ਨ, ਸਤਨਾਮ ਸਿੰਘ ਮੀਤ ਪ੍ਰਧਾਨ ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ, ਬਲਬੀਰ ਸਿੰਘ ਪ੍ਰਧਾਨ ਇੰਟਕ, ਗੁਰਦੇਵ ਸਿੰਘ ਸਿੱਧੂ, ਅਜੀਤ ਸਿੰਘ ਸੋਢੀ ਜਨਰਲ ਸਕੱਤਰ ਪੈਨਸ਼ਨਰ ਐਸੋਸੀਏਸ਼ਨ, ਬਲਵੰਤ ਸਿੰਘ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ, ਨਰਿੰਦਰ ਸ਼ਰਮਾ ਪ੍ਰਧਾਨ ਪੈਰਾ ਮੈਡੀਕਲ, ਰਕੇਸ਼ ਸ਼ਰਮਾ ਪ੍ਰਧਾਨ ਪੀਐੱਸਪੀਸੀਐੱਲ ਤੇ ਚੰਨਣ ਸਿੰਘ ਪੀਐੱਸਪੀਸੀਐੱਲ, ਮਨਜੀਤ ਸਿੰਘ ਜਨਰਲ ਸਕੱਤਰ ਜੇਲ੍ਹ ਪੈਨਸ਼ਨਰ, ਹਰਬੰਸ ਸਿੰਘ ਸਕੱਤਰ ਜੰਗਲਾਤ ਯੂਨੀਅਨ, ਤਰਸੇਮ ਸਿੰਘ ਬੇਦੀ, ਪ੍ਰਤਾਪ ਸਿੰਘ ਢਿੱਲੋਂ ਜਨਰਲ ਸਕੱਤਰ ਫਡਰੇਸ਼ਨ, ਕੇ ਐੱਲ ਗਾਬਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਆਦਿ ਨੇ ਸਰਕਾਰ ਦੀਆਂ ਲਾਰੇ ਲਾਊ ਨੀਤੀਆਂ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ।

ਇਸ ਮੌਕੇ ਜਗਦੀਪ ਸਿੰਘ ਮਾਂਗਟ, ਜਗਮੀਤ ਸਿੰਘ ਪ੍ਰਧਾਨ ਸ਼ਹੀਦ ਭਗਤ ਸਿੰਘ ਟੈਕਨੀਕਲ ਯੂਨੀਵਰ ਸਿਟੀ, ਗੁਰਮੀਤ ਸਿੰਘ ਔਲਖ, ਸੁਖਦੇਵ ਸਿੰਘ ਕਟੋਰਾ ਪ੍ਰਧਾਨ ਏਟਕ, ਤਾਰਾ ਸਿੰਘ ਤੇ ਅਸ਼ੋਕ ਕੁਮਾਰ ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ ਆਦਿ ਹਾਜ਼ਰ ਸਨ।

# ਵੱਖ-ਵੱਖ ਪਾਰਟੀਆਂ ਨੇ ਡੀ ਸੀ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)



ਅਜ਼ਾਦ ਸਮਾਜ ਪਾਰਟੀ ਕਾਂਸ਼ੀ ਰਾਮ, ਜਦੋਂ ਮੁਕਤੀ ਮੋਰਚਾ ਤੇ ਭੀਮ ਆਰਮੀ ਪੰਜਾਬ ਵੱਲੋਂ ਜ਼ਿਲ੍ਹਾ ਸੰਗਰੂਰ, ਬਲਾਕ ਸੁਨਾਮ ਦੇ ਪਿੰਡ ਬਿਸ਼ਨਪੁਰਾ ਦੇ ਮ੍ਰਿਤਕ ਮਨਰੇਗਾ ਮਜ਼ਦੂਰਾਂ ਨੂੰ ਇਨਸਾਫ ਤੇ ਪੀੜਤ ਪਰਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਤੇ ਹੋਰ ਮੰਗਾਂ ਲਈ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮੁੱਖ ਮੰਤਰੀ ਮਾਨ ਨੂੰ ਮੰਗ ਪੱਤਰ ਭੇਜਿਆ। ਇਸ ਮੌਕੇ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਦੇ ਸੂਬਾ ਪ੍ਰਧਾਨ ਤੇ ਆਜ਼ਾਦ ਸਮਾਜ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਲਈ ਕੰਮ ਕਰਨ ਦੇ ਦਿਨਾਂ ਵਿੱਚ ਵਾਧਾ ਕਰਨ ਤੇ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਦੀ ਥਾਂ ਤਰ੍ਹਾਂ-ਤਰ੍ਹਾਂ ਦੀਆਂ ਸ਼ਰਤਾਂ ਲਗਾ ਕੇ ਮਨਰੇਗਾ ਮਜ਼ਦੂਰਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ ਕੀਤੇ ਕੰਮ ਦੀ ਮਿਣਤੀ ਕਰਕੇ ਦਿਹਾੜੀ ਦੇਣ ਤੇ ਕੰਮ ਵਾਲੀ ਥਾਂ ਤੋਂ ਦੂਰ ਲੁਕੇਸ਼ਨ 'ਤੇ ਹਾਜ਼ਰੀ ਲਗਵਾਈ ਜਾਂਦੀ ਹੈ, ਜਿਸ ਕਾਰਨ ਮਜ਼ਦੂਰਾਂ 'ਤੇ ਪੂਰਾ ਕੰਮ ਕਰਨ ਦਾ ਮਾਨਸਿਕ ਦਬਾਅ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਮਨਰੇਗਾ ਮਜ਼ਦੂਰਾਂ 'ਤੇ ਤਰ੍ਹਾਂ-ਤਰ੍ਹਾਂ ਦੀਆਂ ਸ਼ਰਤਾਂ ਹੀ ਹਾਦਸਿਆਂ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਜ਼ਿਲ੍ਹੇ ਵਿੱਚ ਤਿੰਨ ਦਿਨਾਂ ਤੋਂ ਚਾਰ ਮਨਰੇਗਾ ਮਜ਼ਦੂਰਾਂ ਦੀਆਂ ਲਾਸ਼ਾਂ ਇਨਸਾਫ ਦੀ ਉਡੀਕ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਹਰਿਆਣਾ 'ਚ ਵੋਟਾਂ ਮੰਗਣ ਦਾ ਤਾਂ ਸਮਾਂ ਹੈ, ਮਜ਼ਦੂਰਾਂ ਦਾ ਦੁੱਖ ਵੰਡਾਉਣ ਲਈ ਕੋਈ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ ਆਜ਼ਾਦ ਸਮਾਜ ਪਾਰਟੀ ਸੰਗਰੂਰ ਦੇ ਮ੍ਰਿਤਕ ਮਨਰੇਗਾ ਮਜ਼ਦੂਰਾਂ ਨੂੰ ਇਨਸਾਫ ਦਿਵਾਉਣ ਲਈ ਤਿੱਖਾ ਸੰਘਰਸ਼ ਚਲਾਵੇਗੀ।

ਉਨ੍ਹਾਂ ਪੰਜਾਬ ਦੇ ਮਜ਼ਦੂਰ ਪੱਖੀ ਇਨਸਾਫ ਪਸੰਦ ਲੋਕਾਂ ਨੂੰ ਮ੍ਰਿਤਕ ਮਨਰੇਗਾ ਮਜ਼ਦੂਰਾਂ ਨੂੰ ਇਨਸਾਫ ਦਿਵਾਉਣ ਲਈ ਲੱਗੇ ਮੋਰਚੇ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਦੇ ਜਰਨੈਲ ਸਿੰਘ ਮਾਨਸਾ, ਭੀਮ ਆਰਮੀ ਦੇ ਸੋਨੂ ਸਿੰਘ ਝੱਬਰ, ਗਗਨ ਰੱਲਾ ਸਮੇਤ ਹੋਰ ਆਗੂ ਹਾਜ਼ਰ ਸਨ।

# ਜ਼ੋਨ ਪੱਧਰੀ ਖੇਡਾਂ 'ਚ ਸਿਲਵਰ ਵਾਟਿਕਾ ਸਕੂਲ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਭੀਖੀ (ਧਰਮਵੀਰ ਸ਼ਰਮਾ)-ਜ਼ੋਨ ਪੱਧਰੀ ਖੇਡਾਂ ਵਿੱਚੋਂ ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਉਂ ਦੇ ਵਿਦਿਆਰਥੀਆਂ ਵੱਲੋਂ ਕੀਤਾ ਗਿਆ ਪ੍ਰਦਰਸ਼ਨ ਸ਼ਾਨਦਾਰ ਰਿਹਾ। ਇਸ ਵਿੱਚ ਅੰਡਰ-14 ਮੁੰਡਿਆਂ ਦੀ 100 ਮੀਟਰ ਰੇਸ ਵਿੱਚੋਂ ਗੋਬਿੰਦ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਪ੍ਰਭਜੋਤ ਸਿੰਘ ਨੇ 200 ਮੀਟਰ ਰੇਸ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਨ੍ਹਾਂ ਦੋਨਾਂ ਬੱਚਿਆਂ ਦੀ ਜ਼ਿਲ੍ਹੇ ਲਈ ਰੀਲੇਅ ਟੀਮ ਵਿੱਚ ਵੀ ਸਲੈਕਸ਼ਨ ਹੋਈ। ਹਰਜੋਤ ਸਿੰਘ ਨੇ ਗੋਲਾ ਸੁੱਟਣ ਵਿੱਚ ਦੂਜਾ ਸਥਾਨ ਹਾਸਲ ਕੀਤਾ। ਅੰਡਰ-17 ਉੱਚੀ ਛਾਲ ਵਿੱਚ ਗੈਵਨੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਲੰਬੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਅੰਡਰ-19 ਲੜਕੀਆਂ ਦੀ 100 ਮੀਟਰ ਰੇਸ ਵਿੱਚ ਪਵਨਦੀਪ ਕੌਰ ਨੇ ਪਹਿਲਾ ਸਥਾਨ ਤੇ ਲੰਬੀ ਛਾਲ ਵਿੱਚ ਵੀ ਪਹਿਲਾ ਸਥਾਨ ਹਾਸਲ ਕੀਤਾ ਹੈ। ਰਾਜਵੀਰ ਕੌਰ ਨੇ 100 ਮੀਟਰ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੀ 400 ਮੀਟਰ ਰੇਸ ਵਿੱਚੋਂ ਸੁਖਮਨ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ ਤੇ ਇਨ੍ਹਾਂ ਸਾਰੇ ਬੱਚਿਆਂ ਦੀ ਜਿਲੇ ਲਈ ਸਿਲੈਕਸ਼ਨ ਹੋਈ। ਸਕੂਲ ਚੇਅਰਮੈਨ ਜੀਵੇਸ਼ ਸਿੰਗਲਾ ਨੇ ਇਨ੍ਹਾਂ ਬੱਚਿਆਂ ਨੂੰ ਵਧਾਈ ਦਿੱਤੀ ਤੇ ਇਨ੍ਹਾਂ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਨਾਲ ਹੀ ਕੋਚ ਡੀਪੀ ਹਰਿੰਦਰ ਸਿੰਘ ਦੀ ਤਾਰੀਫ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਸਖਤ ਮਿਹਨਤ ਸਦਕਾ ਹੀ ਇਹ ਸੰਭਵ ਹੋਇਆ ਹੈ, ਜਿਸ ਕਾਰਨ ਇਹ ਬੱਚੇ ਵਧੀਆ ਮੁਕਾਮ ਹਾਸਲ ਕਰਦੇ ਹਨ।

# ਪੱਤਰਕਾਰ ਕਪੂਰ ਨੂੰ ਸਦਮਾ, ਪਿਤਾ ਦਾ ਦਿਹਾਂਤ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਪ੍ਰੈੱਸ ਕਲੱਬ ਗੁਰੂ ਹਰਸਹਾਏ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਕਪੂਰ ਨੂੰ ਉਸ ਵੇਲੇ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਮਾਸਟਰ ਹਰਪਾਲ ਸਿੰਘ ਕਪੂਰ ਦਾ ਅਚਾਨਕ ਦੇਹਾਂਤ ਹੋ ਗਿਆ। ਮਾਸਟਰ ਹਰਪਾਲ ਸਿੰਘ 84 ਵਰ੍ਹਿਆਂ ਦੇ ਸਨ।



ਇਸ ਸਦਮੇ 'ਤੇ ਵੱਖ-ਵੱਖ ਰਾਜਨੀਤਕ ਆਗੂਆਂ, ਪੱਤਰਕਾਰਾਂ, ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਸਮੇਤ ਸ਼ਹਿਰ ਨਿਵਾਸੀਆਂ ਨੇ ਉਨ੍ਹਾਂ ਦੇ ਘਰ ਗੁਰੂ ਹਰਸਹਾਏ ਵਿਚਲੀ ਰਿਹਾਇਸ਼ 'ਤੇ ਜਾ ਕੇ ਕਪੂਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਸਵਰਗੀ ਮਾਸਟਰ ਹਰਪਾਲ ਸਿੰਘ ਕਪੂਰ ਦਾ ਅੰਤਿਮ ਸੰਸਕਾਰ ਜੱਦੀ ਪਿੰਡ ਮੋਠਾਂਵਾਲਾ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।

# ਆਮ ਆਦਮੀ ਪਾਰਟੀ ਦਾ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਬੀਜਾ 'ਤੇ ਕਬਜ਼ਾ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਦੀ ਬੀਜਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਡ ਬੀਜਾ ਦੀ ਪ੍ਰਧਾਨਗੀ ਦੀ ਚੋਣ ਹੋਈ।ਇਹ ਸਭਾ ਪੰਜ ਪਿੰਡਾਂ ਦੀ ਸਭਾ ਹੈ, ਇਨ੍ਹਾਂ ਵਿੱਚ ਪਿੰਡ ਬੀਜਾ, ਮਡਿਆਲਾ ਕਲਾਂ, ਮਡਿਆਲਾ ਖੁਰਦ, ਭੌਰਲਾ ਤੇ ਚਾਵਾ ਆਦਿ ਪੰਜ ਪਿੰਡਾਂ ਵਿੱਚੋਂ 11 ਮੈਂਬਰੀ ਕਮੇਟੀ ਬਣਾਈ ਗਈ ਹੈ।ਆਮ ਆਦਮੀ ਪਾਰਟੀ ਦੇ ਉਮੀਦਵਾਰ ਰਸ਼ਪਾਲ ਸਿੰਘ ਦੇ ਹੱਕ ਵਿੱਚ ਛੇ ਮੈਂਬਰਾਂ ਨੇ ਜਦੋਂ ਸਹਿਮਤੀ ਪ੍ਰਗਟਾ ਦਿੱਤੀ ਤਾਂ ਇਸ ਦੇ ਵਿਰੋਧ ਵਿੱਚ ਹੋਰ ਕੋਈ ਵੀ ਮੈਂਬਰ ਉਮੀਦਵਾਰ ਖੜਾ ਨਾ ਹੋਇਆ।ਇਸ ਤੋਂ ਪਹਿਲਾਂ ਬੀਜਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਿਟਡ ਦੀ ਪ੍ਰਧਾਨਗੀ ਉੱਪਰ ਅਕਾਲੀ ਦਲ ਦਾ ਕਬਜ਼ਾ ਸੀ।ਇੱਥੇ ਇਹ ਵੀ ਦੱਸਣਯੋਗ ਹੈ ਇਸ ਸਹਿਕਾਰੀ ਸਭਾ ਦੇ ਪੰਜ ਪਿੰਡਾਂ ਵਿੱਚੋਂ ਤਿੰਨ ਪਿੰਡ ਮੰਡਿਆਲਾ ਖੁਰਦ, ਭੌਰਲਾ ਤੇ ਚਾਵਾ ਵਿਧਾਨ ਸਭਾ ਹਲਕਾ ਸਮਰਾਲਾ ਦੇ ਅਧੀਨ ਆਉਂਦੇ ਹਨ। ਪਿੰਡ ਬੀਜਾ ਅਤੇ ਮੰਡਿਆਲਾ ਕਲਾਂ ਵਿਧਾਨ ਸਭਾ ਹਲਕਾ ਖੰਨੇ ਦੇ ਅਧੀਨ ਆਉਂਦੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਵਿਰੁੱਧ ਵਿੱਚ ਕੋਈ ਉਮੀਦਵਾਰ ਨਾ ਹੋਣ ਕਰਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿੱਚੋਂ ਰਛਪਾਲ ਸਿੰਘ ਪ੍ਰਧਾਨ, ਬਲਵੀਰ ਕੌਰ ਮੀਤ ਪ੍ਰਧਾਨ, ਮਨਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ, ਜਸਵੀਰ ਸਿੰਘ ਜੂਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਕਮੇਟੀ ਮੈਂਬਰ, ਚਰਨਜੀਤ ਕੌਰ ਕਮੇਟੀ ਮੈਂਬਰ ਚੁਣਿਆ ਗਿਆ।ਨਵੇਂ ਚੁਣੇ ਪ੍ਰਧਾਨ ਤੇ ਅਹੁਦੇਦਾਰਾਂ ਮੈਂਬਰਾਂ ਨੂੰ ਐੱਮ ਐੱਲ ਏ ਖੰਨਾ ਸ੍ਰ. ਤਰੁਨਪ੍ਰੀਤ ਸਿੰਘ ਸੌਂਧ ਮੀਤ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਇਨ੍ਹਾਂ ਚੁਣੇ ਗਏ ਮੈਂਬਰਾਂ ਦਾ ਸਨਮਾਨ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਇਆ ਗਿਆ।



ਇਸ ਮੌਕੇ ਜਗਤਾਰ ਸਿੰਘ ਗਿੱਲ ਸੀਨੀਅਰ ਆਗੂ ਆਮ ਆਦਮੀ ਪਾਰਟੀ, ਮਾਸਟਰ ਅਵਤਾਰ ਸਿੰਘ ਦਹਿੜੂ ਬਲਾਕ ਪ੍ਰਧਾਨ, ਹਰਦੀਪ ਸਿੰਘ ਕੁਲਾਰ ਬਲਾਕ ਪ੍ਰਧਾਨ, ਮਨਰੀਤ ਸਿੰਘ ਨਾਗਰਾ, ਪੀ ਏ ਮਹੇਸ਼ ਕੁਮਾਰ, ਸੁਖਵਿੰਦਰ ਸਿੰਘ ਸੈਕਟਰੀ ਬੀਜਾ, ਮੇਲਾ ਸਿੰਘ ਲਾਲੀ, ਬਹਾਦਰ ਸਿੰਘ, ਨਿਰਮਲ ਸਿੰਘ, ਮੇਜਰ ਸਿੰਘ, ਜਗਜੀਤ ਸਿੰਘ, ਪਰਗਟ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਮਲਕੀਤ ਸਿੰਘ, ਹਰਜੀਤ ਸਿੰਘ, ਸਕੱਤਰ ਰਘਬੀਰ ਸਿੰਘ, ਵਰਿੰਦਰਜੀਤ ਸਿੰਘ ਕਲਰਕ, ਗੁਰਵਿੰਦਰ ਸਿੰਘ, ਗੁਰਚਰਨ ਸਿੰਘ, ਭਜਨ ਸਿੰਘ ਆਦਿ ਹਾਜ਼ਰ ਸਨ।ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਰਸ਼ਪਾਲ ਸਿੰਘ ਨੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰਨਪ੍ਰੀਤ ਸਿੰਘ ਸੌਂਧ, ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਜੀਵਨ ਸਿੰਘ ਖੀਰਨੀਆਂ ਆਦਿ ਦਾ ਧੰਨਵਾਦ ਕੀਤਾ।

# ਪੁਲਸ ਪਿੰਡਾਂ 'ਚ ਪਹੁੰਚ ਕੇ ਪਰਾਲੀ ਨੂੰ ਅੱਗ ਨਾ ਲਾਉਣ ਪ੍ਰਤੀ ਕਰੇਗੀ ਸੁਚੇਤ : ਏ ਡੀ ਸੀ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿ) ਅਮਰਿੰਦਰ ਸਿੰਘ ਮੱਲੀ ਦੀ ਅਗਵਾਈ ਹੇਠ ਪੁਲਿਸ ਵਿਭਾਗ ਦੇ ਥਾਣਾ ਮੁਖੀ ਅਫਸਰਾਂ ਨਾਲ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਲਈ ਪਹਿਲਕਦਮੀਆਂ ਬਾਰੇ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਹੰਭਲਾ ਮਾਰਦੇ ਹੋਏ ਪਿੰਡਾਂ ਵਿਚ ਪਹੁੰਚ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਬਾਰੇ ਜਾਗਰੂਕ ਕਰੇਗਾ।ਬੈਠਕ ਦੌਰਾਨ ਉਨ੍ਹਾਂ ਕਿਹਾ ਕਿ ਪੁਲਸ ਵਿਭਾਗ ਦੇ ਅਧਿਕਾਰੀ ਪਿੰਡਾਂ ਵਿਚ ਗਸ਼ਤ ਕਰਦਿਆਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕਰਨਗੇ ਤਾਂ ਜੁ ਵਾਤਾਵਰਣ ਪੱਖੀ ਅਤੇ ਬੱਚਿਆਂ ਦੀ ਸਿਹਤ ਪ੍ਰਤੀ ਸੁਚੇਤ ਹੁੰਦਿਆਂ ਪਰਾਲੀ ਤੇ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਾਉਣਗੇ।ਉਨ੍ਹਾਂ ਕਿਹਾ ਕਿ ਇਹ ਵੀ ਜਾਗਰੂਕਤਾ ਫੈਲਾਈ ਜਾਵੇਗੀ ਕਿ ਪਰਾਲੀ ਦੀਆਂ ਗਠਾਂ ਬਣਾਉਣ ਤੋਂ ਪਿੱਛੇ ਰਹਿ ਜਾਂਦੀ ਰਹਿੰਦ-ਖੂੰਹਦ ਨੂੰ ਵੀ ਅੱਗ ਲਾਉਣ ਤੋਂ ਪ੍ਰਹੇਜ਼ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਕਿਸਾਨਾਂ ਵੀਰਾਂ ਨੂੰ ਵਾਤਾਵਰਣ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰਦਾ ਹੈ।ਉਨ੍ਹਾਂ ਕਿਹਾ ਕਿ ਆਪਣੇ ਆਲੇ-ਦੁਆਲੇ ਨੂੰ ਬਿਮਾਰੀਆਂ ਮੁਕਤ ਸਿਰਜਣ ਲਈ ਪਰਾਲੀ ਨੂੰ ਅੱਗ ਨਾ ਲਾਈ ਜਾਵੇ ਤੇ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ ਮੁਹੱਈਆ ਕਰਾਏ ਗਏ ਯੋਗ ਸਾਧਨ ਦੀ ਵਰਤੋਂ ਕੀਤੀ ਜਾਵੇ।ਇਸ ਮੌਕੇ ਸਮੂਹ ਥਾਣਿਆਂ ਦੇ ਐਸ.ਐਚ.ਓ ਆਦਿ ਮੌਜੂਦ ਸਨ।

# ਵਿਚਾਰਾਂ ਦੀ ਆਪਸੀ ਸਾਂਝ ਨਾਲ ਗਿਆਨ ਦਾ ਪ੍ਰਵਾਹ ਦੂਜੇ ਮਨੁੱਖਾਂ ਤੱਕ ਪਹੁੰਚਦਾ ਹੈ : ਕੰਗ



ਸਮਰਾਲਾ (ਸੁਰਜੀਤ ਸਿੰਘ)-ਸਾਹਿਤ ਸਭਾ (ਰਜਿ.) ਦੀ ਮਾਸਿਕ ਇਕੱਤਰਤਾ ਪੰਜਾਬੀ ਸਾਹਿਤ ਦੇ ਉੱਘੇ ਚਿੰਤਕ ਗੁਰਭਗਤ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਮਰਾਲਾ ਵਿਖੇ ਹੋਈ।ਇਕੱਤਰਤਾ ਦੀ ਅਰੰਭਤਾ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਿਮਰਜੀਤ ਸਿੰਘ ਕੰਗ ਦੇ ਵਿਚਾਰਾਂ ਨਾਲ ਹੋਈ। ਉਨ੍ਹਾਂ ਕਹਾਣੀਕਾਰ ਸੁਖਜੀਤ ਤੇ ਉੱਘੇ ਸਾਹਿਤਕਾਰ ਸੁਰਜੀਤ ਖੁਰਸ਼ੀਦੀ ਨੂੰ ਯਾਦ ਕਰਦਿਆਂ ਦੋਨਾਂ ਸਾਹਿਤਕਾਰਾਂ ਦੇ ਸਾਹਿਤ ਜਗਤ ਵਿੱਚ ਪਾਏ ਵਡਮੁੱਲੇ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਗਿਆਨ ਦਾ ਵਾਹਨ ਮਨੁੱਖ ਹੈ, ਇਸਨੇ ਇੱਕ ਮਨੁੱਖ ਤੋਂ ਦੂਜੇ ਮਨੁੱਖ ਤੱਕ ਵਿਚਾਰਾਂ ਦੀ ਸਾਂਝ ਨਾਲ ਹੀ ਜਾਣਾ ਹੁੰਦਾ ਹੈ।ਸਾਹਿਤ ਸਭਾ ਦੇ ਸਾਰੇ ਮੈਂਬਰਾਂ ਨੂੰ ਇਹ ਗੁਣ ਕਹਾਣੀਕਾਰ ਸੁਖਜੀਤ ਰਾਹੀਂ ਪ੍ਰਾਪਤ ਹੋਇਆ ਹੈ। ਗੁਰਭਗਤ ਸਿੰਘ ਨੇ ਕਿਹਾ ਕਿ ਗਿਆਨ ਪ੍ਰਾਪਤੀ ਦਾ ਸਭ ਤੋਂ ਵੱਡਾ ਸੋਮਾ ਪੁਸਤਕਾਂ ਹਨ, ਇਨ੍ਹਾਂ ਰਾਹੀਂ ਹੀ ਮਨੁੱਖ ਦਾ ਸਮੁੱਚਾ ਵਿਕਾਸ ਸੰਭਵ ਹੈ, ਇਹ ਸਭ ਵੱਡਿਆਂ ਦੀ ਸੰਗਤ ਨਾਲ ਹੀ ਸਿੱਖਿਆ ਜਾ ਸਕਦਾ ਹੈ।ਇਸ ਉਪਰੰਤ ਰਚਨਾਵਾਂ ਦੇ ਦੌਰ ਸਭਾ ਦੇ ਜਨਰਲ ਸਕੱਤਰ ਕਹਾਣੀਕਾਰਾ ਯਤਿੰਦਰ ਕੌਰ ਮਾਹਲ, ਗੁਰਨਾਮ ਸਿੰਘ ਬਿਜਲੀ, ਅਮਨ ਸਮਰਾਲਾ, ਦੀਪ ਦਿਲਬਰ, ਅਮਰਜੀਤ ਕੌਰ ਮੋਰਿੰਡਾ, ਸੁਰਜੀਤ ਸਿੰਘ ਜੀਤ ਮੋਰਿੰਡਾ, ਜਵਾਲਾ ਸਿੰਘ ਥਿੰਦ ਨੇ ਆਪੋ ਆਪਣੀਆਂ ਰਚਨਾਵਾਂ ਪੜ੍ਹੀਆਂ, ਜਿਨ੍ਹਾਂ 'ਤੇ ਸਾਹਿਤਕਾਰ ਸਾਥੀਆਂ ਵੱਲੋਂ ਭਰਵੀਂ ਚਰਚਾ ਕੀਤੀ ਗਈ।ਇਕੱਤਰਤਾ ਦੌਰਾਨ ਦੋ ਵੱਡੀਆਂ ਕਹਾਣੀਆਂ ਜਿਨ੍ਹਾਂ ਵਿੱਚ ਕਹਾਣੀਕਾਰ ਰਵਿੰਦਰ ਰੁਪਾਲ ਦੀ 'ਰੋਟੀ' ਪੜ੍ਹੀ।

# ਫ਼ਸਲ ਦਾ ਨੁਕਸਾਨ ਤੇ ਕੁੱਟਮਾਰ ਕਰਨ ਦੇ ਦੋਸ਼ 'ਚ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਬੀਤੇ ਦਿਨ ਨਿਊ ਗੁਰੂ ਨਾਨਕਪੁਰਾ ਵਿੱਚ ਔਰਤ ਦੀ ਬੀਜੀ ਫਸਲ ਦਾ ਨੁਕਸਾਨ ਕਰਨ ਤੇ ਉਸ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਵਾਲੇ 4 ਲੋਕਾਂ ਖਿਲਾਫ ਵੱਖ ਵੱਖ ਧਾਰਾਵਾਂ ਤਹਿਤ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਹੈ। ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ 'ਚ ਸ਼ਿਕਾਇਤਕਰਤਾ ਕੁਲਵਿੰਦਰ ਕੌਰ ਪੁੱਤਰੀ ਸਵਰਨ ਸਿੰਘ ਵਾਸੀ ਨਿਊ ਗੁਰੂ ਨਾਨਕ ਨਗਰ ਪੁਰਾ ਨੇ ਦੱਸਿਆ ਕਿ ਉਸ ਦੇ ਖੇਤਾਂ 'ਚ ਤੂਤ ਦਾ ਦਰੱਖਤ ਲੱਗਾ ਹੋਇਆ ਹੈ, ਜਿਸ ਨੂੰ ਮੁਲਜ਼ਮ ਰਿੰਕੂ ਪੁੱਤਰ ਕੁਲਵਿੰਦਰ ਸਿੰਘ, ਸੋਨੀਆ ਪਤਨੀ ਕੁਲਵਿੰਦਰ ਸਿੰਘ ਤੇ ਦੋ ਅਣਪਛਾਤੇ ਵਿਅਕਤੀ ਵੱਢ ਕੇ ਘਰ ਲੈ ਗਏ ਅਤੇ ਮੁਲਜ਼ਮਾਂ ਨੇ ਪੀੜਤ ਦੀ ਜ਼ਮੀਨ ਵਿੱਚ ਬੀਜੀ ਫ਼ਸਲ ਨੂੰ ਨੁਕਸਾਨ ਪਹੁੰਚਾਇਆ।ਜਦੋਂ ਉਸ ਨੇ ਮੁਲਜ਼ਮਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਮੁਲਜ਼ਮਾਂ ਨੇ ਉਸ ਦੀ ਕੁੱਟਮਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਿਆ ਤੇ ਪਰਵਾਰ ਨੇ ਉਸ ਨੂੰ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ।ਮਾਮਲੇ ਦੀ ਜਾਂਚ ਕਰ ਰਹੇ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ 'ਚ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਾਬਾ ਫ਼ਰੀਦ 'ਵਰਸਿਟੀ 'ਚ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਸੁਖਮਨੀ ਸਾਹਿਬ ਦਾ ਪਾਠ ਕਰਵਾਏ ਗਏ।ਇਸ ਮੌਕੇ ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਸਮੇਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ:) ਰਾਜੀਵ ਸੂਦ ਨੇ ਯੂਨੀਵਰਸਿਟੀ ਵਿੱਚ ਬਾਬਾ ਫ਼ਰੀਦ ਜੀ ਦੇ ਬੁੱਤ ਦਾ ਰਸਮੀ ਉਦਘਾਟਨ ਕੀਤਾ, ਜਿਸ ਵਿੱਚ ਬਾਬਾ ਫ਼ਰੀਦ ਜੀ ਪ੍ਰਮਾਤਮਾ ਨੂੰ ਬੇਨਤੀ ਕਰ ਰਹੇ ਹਨ : ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸ।ਇਹ ਮੂਰਤੀ ਪ੍ਰਸਿੱਧ ਮੂਰਤੀਕਾਰ ਇਕਬਾਲ ਸਿੰਘ ਮਾਣੂੰਕੇ ਨੇ ਬਣਾਈ ਹੈ।ਇਸ ਮੌਕੇ ਰਾਗੀ ਭਾਈ ਅੰਮ੍ਰਿਤਪਾਲ ਸਿੰਘ, ਹਜ਼ੂਰੀ ਰਾਗੀ ਟਿੱਲਾ ਬਾਬਾ ਫ਼ਰੀਦ ਨੇ ਰਸਭਿੰਨਾ ਕੀਰਤਨ ਕੀਤਾ।ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ: ਰਾਕੇਸ਼ ਕੁਮਾਰ ਗੁਰੱਈਆ, ਡੀਨ ਕਾਲਜਿਜ਼ ਡਾ: ਦੀਪਕ ਭੱਟੀ, ਕੰਟਰੋਲਰ ਡਾ: ਰਾਜੀਵ ਜੋਸ਼ੀ, ਡਾ: ਰੋਹਿਤ ਚੋਪੜਾ, ਡਾ: ਜਸਵੀਰ ਕੌਰ, ਫਤਿਹਜੀਤ ਸਿੰਘ ਮਾਨ, ਵਿੱਤ ਅਫ਼ਸਰ ਸੀਤਾ ਰਾਮ ਗੋਇਲ ਤੋਂ ਇਲਾਵਾ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਦੇ ਕੰਸਟੀਚਿਊਟ ਕਾਲਜਾਂ ਦੇ ਪ੍ਰਿੰਸਪਲ, ਸਟਾਫ਼ ਹਾਜ਼ਰ ਸਨ।



# ਦੋ ਤਸਕਰ ਭਰਾ 1 ਕਿੱਲੋ ਹੈਰੋਇਨ ਸਮੇਤ ਗ੍ਰਿਫਤਾਰ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿੱਚ ਇੱਕ ਵਾਰੀ ਫਿਰ ਹੈਰੋਇਨ ਦੀ ਖੇਪ ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ ਬਰਾਮਦ ਕੀਤੀ ਹੈ।ਇਸ ਵਾਰ ਫੋਰਸ ਨੇ ਫਿਰੋਜ਼ਪੁਰ ਦੇ ਸਰਹੱਦੀ ਪਿੰਡ ਹਬੀਬ ਵਾਲਾ ਵਾਸੀ ਦੋ ਸਕੇ ਤਸਕਰ ਭਰਾਵਾਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਏਐਨਟੀਐੱਫ ਦੇ ਐੱਸ ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਫੜੇ ਗਏ ਮੋਟਰਸਾਈਕਲ ਸਵਾਰ ਨਸ਼ਾ ਤਸਕਰ ਭਰਾਵਾਂ ਦੇ ਲਿੰਕ ਪਾਕਿਸਤਾਨ ਵਿੱਚ ਬੈਠੇ ਸਮਗਲਰਾਂ ਨਾਲ ਹਨ।ਇਨ੍ਹਾਂ ਦੀ ਪਛਾਣ ਸੁਖਵਿੰਦਰ ਸਿੰਘ ਉਰਫ ਕਾਲਾ ਤੇ ਜੋਗਿੰਦਰ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਹਬੀਬ ਵਾਲਾ ਥਾਣਾ ਸਦਰ ਫਿਰੋਜ਼ਪੁਰ ਦੇ ਰੂਪ ਵਿੱਚ ਕੀਤੀ ਗਈ ਹੈ, ਇਨ੍ਹਾਂ ਤਸਕਰਾਂ ਤੋਂ ਇੱਕ ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਥਾਣਾ ਐਂਸਟੀਐੱਫ ਮੋਹਾਲੀ ਵਿੱਚ ਮੁਕੱਦਮਾ ਨੰਬਰ 142 ਦਰਜ ਕਰਵਾਇਆ ਗਿਆ ਹੈ।ਐੱਸ ਪੀ ਨੇ ਦੱਸਿਆ ਕਿ ਮੁੱਢਲੀ ਪੜਤਾਲ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ ਤਸਕਰਾਂ ਦੇ ਪਾਕਿਸਤਾਨ ਵਿਚਲੇ ਸਮਗਲਰਾਂ ਨਾਲ ਲਿੰਕ ਹਨ, ਜਿਨ੍ਹਾਂ ਨਾਲ ਮਿਲ ਕੇ ਇਹ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਡਰੱਗ ਦੀ ਖੇਪ ਮੰਗਵਾਉਂਦੇ ਸਨ ਤੇ ਫਿਰੋਜ਼ਪੁਰ ਸ਼ਹਿਰ ਏਰੀਆ ਵਿੱਚ ਸਪਲਾਈ ਕਰਦੇ ਸਨ।

# ਬਿਜਲੀ ਕਾਮਿਆਂ ਵੱਲੋਂ ਕੰਮ ਬੰਦ ਕਰਨ ਦੀ ਚਿਤਾਵਨੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਿਟੀ ਡਵੀਜ਼ਨ ਦੇ ਪ੍ਰਧਾਨ ਰਮਨਦੀਪ ਸਿੰਘ ਨੇ ਪ੍ਰੈੱਸ ਨੂੰ ਦੱਸਿਆ ਕਿ ਫੀਲਡ ਵਿੱਚ ਕੰਮ ਕਰਦੇ ਸਾਥੀਆਂ ਬਹੁਤ ਲੰਮੇ ਸਮੇਂ ਤੋਂ ਡਵੀਜ਼ਨ ਅੰਦਰ ਕੰਮ ਲਟਕ ਰਹੇ ਹਨ। ਜਥੇਬੰਦੀ ਨੇ ਵਾਰ ਵਾਰ ਮੀਟਿੰਗਾਂ ਕਰਕੇ ਵਧੀਕ ਨਿਗਰਾਨ ਇੰਜੀਨੀਅਰ ਨੂੰ ਇਸ ਸਬੰਧੀ ਜਾਣੂ ਵੀ ਕਰਵਾਇਆ ਗਿਆ, ਪਰ ਇੱਕਾ ਦੁੱਕਾ ਕੰਮਾਂ ਨੂੰ ਛੱਡ ਕੇ ਬਾਕੀ ਸਾਰੇ ਕੰਮ ਪੈਂਡਿੰਗ ਹਨ, ਜਿਸ ਕਾਰਨ ਜਥੇਬੰਦੀ ਨੇ ਰੋਸ ਵਜੋਂ 20 ਸਤੰਬਰ ਤੋਂ ਕੰਮ ਬੰਦ ਕਰਨ ਦਾ ਨੋਟਿਸ ਦਿੱਤਾ ਹੈ। ਜੇਕਰ ਸਮਾਂ ਰਹਿੰਦੇ ਮੁਲਾਜ਼ਮ ਸਾਥੀਆਂ ਦੇ ਕੰਮ ਕਰਦੇ ਮੀਟਿੰਗ ਨਹੀਂ ਦਿੱਤੀ ਜਾਂਦੀ ਤਾਂ ਕੰਮ ਬੰਦ ਦੌਰਾਨ ਹੋਣ ਵਾਲੇ ਸਾਰੇ ਨੁਕਸਾਨ ਦੀ ਜ਼ਿੰਮੇਵਾਰੀ ਐਕਸੀਅਨ ਸਿਟੀ ਫਿਰੋਜ਼ਪੁਰ ਦੀ ਹੋਵੇਗੀ। ਇਸ ਮੌਕੇ ਗੁਰਦੇਵ ਸਿੰਘ ਸਕੱਤਰ ਸਿਟੀ ਡਵੀਜ਼ਨ, ਜਗਸੀਰ ਸਿੰਘ ਮੀਤ ਪ੍ਰਧਾਨ, ਰੇਸ਼ਮ ਸਿੰਘ ਹਾਜ਼ਰ ਸਨ।

# ਬਾਬਾ ਫ਼ਰੀਦ ਲਾਅ ਕਾਲਜ ਦੇ ਵਿਦਿਆਰਥੀਆਂ ਨੈਸ਼ਨਲ ਲੋਕ ਅਦਾਲਤ 'ਚ ਲਿਆ ਹਿੱਸਾ



ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-ਬਾਬਾ ਫ਼ਰੀਦ ਲਾਅ ਕਾਲਜ ਵਿੱਚ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਮੁਸਕਾਨ ਸ਼ਰਮਾ, ਰੂਚੀ, ਰਾਬੀਆ, ਗੌਤਮ ਖੁੰਗਰ, ਅਨਮੋਲ, ਰਮਨ, ਗੁਰਬਾਜ, ਆਰਜੂ, ਪਰਵੀਨ, ਨਿਸ਼ਪ੍ਰੀਤ, ਖੁਸ਼ਪ੍ਰੀਤ, ਨਵਦੀਪ, ਕਮਲਪ੍ਰੀਤ, ਕਰਨਜੋਤ ਅਤੇ ਅਰਸ਼ਪ੍ਰੀਤ ਨੇ ਜ਼ਿਲ੍ਹਾ ਕੋਰਟ ਫ਼ਰੀਦਕੋਟ ਵਿੱਚ ਲਾਈ ਗਈ ਨੈਸ਼ਨਲ ਲੋਕ ਅਦਾਲਤ ਵਿੱਚ ਹਿੱਸਾ ਲਿਆ।ਇਸ ਦੌਰਾਨ ਵਿਦਿਆਰਥੀਆਂ ਨੇ ਸ਼੍ਰੀਮਤੀ ਹਰਬੰਸ ਜੱਸੀ (ਮੂਟ ਇੰਚਾਰਜ) ਦੀ ਨਿਗਰਾਨੀ ਹੇਠ ਲੋਕ ਅਦਾਲਤ ਦੀ ਕਾਰਵਾਈ ਦੀ ਜਾਣਕਾਰੀ ਹਾਸਲ ਕੀਤੀ।ਜੱਜ ਸਾਹਿਬਾਨ ਸ਼੍ਰੀਮਤੀ ਗੁਰਪ੍ਰੀਤ ਕੌਰ (ਚੇਅਰਮੈਨ ਡਿਸਟ੍ਰਿਕਟ ਲੀਗਲ ਸਰਵਿਸ ਅਥਾਰਟੀ-ਕਮ-ਸੈਸ਼ਨ ਜੱਜ), ਮਿਸ ਪਰਵੀਨ ਬਾਲੀ (ਪ੍ਰਿੰਸੀਪਲ ਜੱਜ ਫੈਮਲੀ ਕੋਰਟ), ਮਿਸ ਨਵਜੋਤ ਕੌਰ (ਮਾਨਯੋਗ ਜੱਜ), ਮਿਸ ਸ਼ੈਂਪੀ ਚੌਧਰੀ (ਮਾਨਯੋਗ ਜੱਜ) ਤੇ ਸ਼੍ਰੀ ਲਵਦੀਪ ਹੁੰਦਲ (ਸਿਵਲ ਸੀਨੀਅਰ ਡਵੀਜ਼ਨ ਮੈਜਿਸਟ੍ਰੇਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ) ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਲੋਕ ਅਦਾਲਤ ਵਿੱਚ ਕਿਵੇਂ ਸਿਵਲ ਕੇਸਾਂ, ਫੈਮਿਲੀ ਕੇਸਾਂ ਤੇ ਚੈੱਕ ਡਿਸਆਨਰ ਕੇਸਾਂ, ਐਮ ਏ ਸੀ ਟੀ ਤੇ ਛੋਟੇ ਅਪਰਾਧਿਕ ਕੇਸਾਂ ਵਿੱਚ ਰਾਜ਼ੀਨਾਮਾ ਕਰਾ ਕੇ ਜਲਦੀ ਕੇਸਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ।ਵਿਦਿਆਰਥੀਆਂ ਦੇ ਕਾਲਜ ਵਿਖੇ ਪੁੱਜਣ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਜ਼ਿਲ੍ਹਾ ਮੁਫ਼ਤ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਅਦਾਲਤੀ ਸਿਸਟਮ ਬਾਰੇ ਜਾਣੂ ਕਰਾਇਆ।

# ਗੁਰੂ ਨਾਨਕ ਕਾਲਜ ਦੇ ਕੈਡਿਟ ਨੇ ਆਲ ਇੰਡੀਆ ਥਲ ਸੈਨਿਕ ਕੈਂਪ 'ਚ ਭਾਗ ਲਿਆ



ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੀ ਐੱਨ ਸੀ ਸੀ ਅੰਡਰ ਅਫ਼ਸਰ ਸਾਕਸ਼ੀ ਨੀਥਾਨੀ ਨੇ ਆਲ ਇੰਡੀਆ ਥਲ ਸੈਨਿਕ ਕੈਂਪ ਵਿੱਚ ਭਾਗ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਇਹ ਜਾਣਕਾਰੀ ਦਿੰਦਿਆ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਸਾਕਸ਼ੀ ਨਿਥਾਨੀ ਦੀ ਆਲ ਇੰਡੀਆ ਥਲ ਸੈਨਾ ਕੈਂਪ ਲਈ ਚੋਣ 19 ਪੰਜਾਬ ਬਟਾਲੀਅਨ ਦੇ ਕਾਰਜਕਾਰੀ ਕਰਨਲ ਫ਼ੈਜ਼ਲ ਜ਼ਹੂਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਕੀਤੀ ਗਈ।3 ਸਤੰਬਰ ਤੋਂ 13 ਸਤੰਬਰ 2024 ਤੱਕ ਡੀ ਜੀ ਐੱਨ ਸੀ ਸੀ ਦਿੱਲੀ ਵੱਲੋਂ ਆਯੋਜਤ ਇਸ ਕੈਂਪ ਵਿੱਚ ਸਾਕਸ਼ੀ ਨੇ ਫਾਈਰਿੰਗ ਦੇ ਵਿੱਚ ਚੰਗਾ ਪ੍ਰਦਰਸ਼ਨ ਕੀਤਾ।ਸਾਕਸ਼ੀ ਦੇ ਵਧੀਆ ਪ੍ਰਦਰਸ਼ਨ ਨੂੰ ਮੁੱਖ ਰੱਖਦਿਆਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਏ ਡੀ ਜੀ ਮੇਜਰ ਜਨਰਲ ਐੱਮ ਐੱਸ ਮੋਖਾ ਨੇ ਉਸ ਨੂੰ 5000 ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ।ਸਾਕਸ਼ੀ ਦੇ ਕਾਲਜ ਪਹੁੰਚਣ 'ਤੇ ਕਾਲਜ ਪ੍ਰਬੰਧਕੀ ਕਮੇਟੀ ਦੇ ਐਗਜ਼ੀਕਿਊਟਿਵ ਮੈਂਬਰ ਕਰਨਲ ਰੁਪਿੰਦਰ ਸਿੰਘ ਬਰਾੜ, ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ, ਗੁਰੂ ਨਾਨਕ ਸਕੂਲ ਦੇ ਪ੍ਰਿੰਸੀਪਲ ਡੀ. ਪੀ. ਠਾਕੁਰ ਤੇ ਏ ਐੱਨ ਓ ਪ੍ਰੋ. ਸਨਦੀਪ ਸਿੰਘ ਹੁੰਦਲ ਨੇ ਗੁਲਦਸਤਾ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਪ੍ਰੋ. ਰਣਜੀਤ ਕੌਰ, ਡਾ. ਲਵਲੀਨ ਬੈਂਸ, ਗੋਬਿੰਦ ਸਿੰਘ ਬਰਾੜ, ਰਵਿੰਦਰ ਸਿੰਘ ਮਲਹਾਂਸ, ਸੁਖਪਾਲ ਸਿੰਘ ਤੇ ਕੁਲਵੰਤ ਸਿੰਘ ਹਾਜ਼ਰ ਸਨ।

ਇਸ ਸ਼ਾਨਦਾਰ ਪ੍ਰਾਪਤੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਏ ਐੱਨ ਓ ਪ੍ਰੋ. ਸਨਦੀਪ ਸਿੰਘ ਹੁੰਦਲ ਅਤੇ ਸਾਕਸ਼ੀ ਨਿਥਾਨੀ ਤੇ ਉਸ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਭਗਵਾਨ ਵਿਸ਼ਵਕਰਮਾ ਜੀ ਦਾ ਪ੍ਰਗਟ ਦਿਵਸ ਮਨਾਇਆ

ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਸਿਰਜਣ ਕਲਾ ਦੇ ਪਿਤਾਮਾ ਭਗਵਾਨ ਵਿਸਵਕਰਮਾ ਜੀ ਦੇ ਦਿਵਸ ਮੌਕੇ ਭਗਵਾਨ ਸ੍ਰੀ ਵਿਸ਼ਵਕਰਮਾ ਮੰਦਰ ਸਭਾ (ਰਜਿ:) ਸਮਾਣਾ ਵੱਲੋਂ ਵਿਸ਼ਵਕਰਮਾ ਮੰਦਰ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮਹਿਲਾ ਸੰਕੀਰਤਨ ਮੰਡਲੀ ਸਮਾਣਾ ਦੀਆਂ ਬੀਬੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਜੋਤੀ ਪ੍ਰਚੰਡ ਕਰਦੇ ਹੋਏ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਬਲਾਕ ਪ੍ਰਧਾਨ ਸੁਨੈਨਾ ਮਿੱਤਲ, ਰਵਿੰਦਰ ਸਿੰਘ ਸੋਹਲ, ਨਿਸ਼ਾਨ ਸਿੰਘ ਚੀਮਾ, ਅੰਗਰੇਜ ਸਿੰਘ ਭੁੱਲਰ ਤੇ ਵਿੰਦਰ ਨਾਗਰ ਆਦਿ ਨੇ ਹਾਜ਼ਰੀ ਭਰੀ ਤੇ ਭਗਵਾਨ ਵਿਸ਼ਵਕਰਮਾ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਮਣਕੂ ਤੇ ਮਹਿੰਦਰ ਸਿੰਘ ਧੀਮਾਨ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਨੇ ਸਮਾਜ ਨੂੰ ਸਿਰਜਣਾ ਤੇ ਨਿਰਮਾਣ ਦੀ ਕਲਾ ਦੇ ਨਾਲ-ਨਾਲ ਹੱਥਾਂ ਦਾ ਹੁਨਰ ਵੀ ਦਿੱਤਾ ਹੈ, ਜਿਸ ਕਾਰਨ ਸਮਾਜ ਦੇ ਕਰੋੜਾਂ ਲੋਕ ਰੋਜ਼ੀ-ਰੋਟੀ ਕਮਾ ਰਹੇ ਹਨ। ਇਸ ਮੌਕੇ ਮੰਦਿਰ ਵਿੱਚ ਹਵਨ ਯੱਗ ਤੇ ਸੰਕੀਰਤਨ ਕਰਵਾਇਆ ਗਿਆ। ਇਸ ਮੌਕੇ ਕਰਵਾਏ ਗਏ ਸੰਕੀਰਤਨ ਦੌਰਾਨ ਭਜਨ ਗਾਇਕ ਰਿੰਕੂ ਸ਼ਰਮਾ ਤੇ ਰਜਨੀ ਧੀਮਾਨ ਨੇ ਭੇਟਾਂ ਤੇ ਧਾਰਮਿਕ ਗੀਤਾਂ ਨਾਲ ਭਗਤੀਮਈ ਮਹੌਲ ਬਣਾਈ ਰੱਖਿਆ। ਇਸ ਮੌਕੇ ਸੰਗਤਾਂ ਲਈ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਮਣਕੂ, ਮਹਿੰਦਰ ਸਿੰਘ ਧੀਮਾਨ, ਹਰਿੰਦਰ ਸਿੰਘ ਧੀਮਾਨ, ਬਿੱਟੂ ਧੀਮਾਨ, ਸਵਰਨ ਸਿੰਘ ਮਠਾੜੂ ਤੇ ਮਨੀਸ਼ ਧੀਮਾਨ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।



# ਸਵਰਾਜ ਐਕਸਪ੍ਰੈੱਸ ਦੀ ਚੈਕਿੰਗ; ਬਿਨਾਂ ਟਿਕਟੇ ਯਾਤਰੀਆਂ ਤੋਂ 29 ਹਜ਼ਾਰ ਦਾ ਜੁਰਮਾਨਾ ਵਸੂਲਿਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਡਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਦੀਆਂ ਹਦਾਇਤਾਂ ਅਨੁਸਾਰ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਵੱਲੋਂ ਬੀਤੇ ਦਿਨ ਰੇਲਗੱਡੀ ਨੰਬਰ 12472 (ਸਵਰਾਜ ਐਕਸਪ੍ਰੈੱਸ) ਦੀ ਚੈਕਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੇ ਨਾਲ ਕਮਰਸ਼ੀਅਲ ਇੰਸਪੈਕਟਰ/ਕੈਟਰਿੰਗ ਰਮਾਕਾਂਤ ਸਿੰਘ ਤੇ 4 ਟਿਕਟ ਚੈਕਿੰਗ ਸਟਾਫ਼ ਵੀ ਮੌਜੂਦ ਸੀ।ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਨੇ ਪੂਰੀ ਰੇਲਗੱਡੀ ਦੇ ਏਅਰ-ਕੰਡੀਸ਼ਨਡ ਤੇ ਸਲੀਪਰ ਕੋਚਾਂ ਦੀ ਡੂੰਘਾਈ ਨਾਲ ਜਾਂਚ ਕੀਤੀ।ਇਸ ਤੋਂ ਇਲਾਵਾ ਉਨ੍ਹਾਂ ਨੇ ਆਈਆਰਸੀਟੀਸੀ/ਉੱਤਰੀ ਜ਼ੋਨ ਦੇ ਵਧੀਕ ਜਨਰਲ ਮੈਨੇਜਰ ਰਾਜੇਸ਼ ਕੁਮਾਰ ਨਾਲ ਸਾਂਝੇ ਤੌਰ 'ਤੇ ਪੈਂਟਰੀ ਕਾਰ ਦੀ ਵਿਸਤ੍ਰਿਤ ਜਾਂਚ ਕੀਤੀ।ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਜਾਂਚ ਦੌਰਾਨ ਪੈਂਟਰੀ ਕਾਰ ਦਾ ਨਰੀਖਣ ਕੀਤਾ ਗਿਆ।ਸਫ਼ਾਈ ਵਿੱਚ ਕੁਝ ਖਾਮੀਆਂ ਪਾਈਆਂ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।ਪੈਂਟਰੀ ਕਾਰ ਦੇ ਮੈਨੇਜਰ ਦੀ ਕਾਊਂਸਲਿੰਗ ਕੀਤੀ ਗਈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਰੇਲਵੇ ਯਾਤਰੀਆਂ ਨੂੰ ਸਾਫ਼-ਸੁਥਰਾ ਭੋਜਨ ਮਿਲ ਸਕੇ।ਹੈੱਡਕੁਆਰਟਰ ਦੀ ਸਪੈਸ਼ਲ ਟਿਕਟ ਚੈਕਿੰਗ ਮੁਹਿੰਮ ਤਹਿਤ ਉਨ੍ਹਾਂ ਨੇ ਟਿਕਟ ਚੈਕਿੰਗ ਸਟਾਫ਼ ਨਾਲ ਮਿਲ ਕੇ ਸਵਰਾਜ ਐਕਸਪ੍ਰੈੱਸ ਟਰੇਨ ਦੇ ਏਅਰ ਕੰਡੀਸ਼ਨਡ, ਸਲੀਪਰ ਤੇ ਜਨਰਲ ਕੋਚਾਂ ਦੀ ਬਾਰੀਕੀ ਨਾਲ ਟਿਕਟ ਚੈਕਿੰਗ ਕੀਤੀ।ਬਿਨਾਂ ਟਿਕਟ ਤੇ ਬੇਨਿਯਮੀ ਨਾਲ ਸਫਰ ਕਰਨ ਵਾਲੇ 58 ਰੇਲਵੇ ਯਾਤਰੀਆਂ ਤੋਂ ਲਗਭਗ 29 ਹਜ਼ਾਰ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ।


ਉੱਤਰ ਰੇਲਵੇ

ਈ-ਟੈਂਡਰ ਸੂਚਨਾ

ਸੀਨੀ. ਮੰਡਲ ਵਿਯੁਤ ਇੰਜੀਨੀਅਰ/ਸਾਮਾਨਯ, ਉੱਤਰ ਰੇਲਵੇ ਫਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | | | ਅਨੁਮਾਨਿਤ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) |
|---|---|---|---|---|---|
| 251-ਵਿਯੁਤ-T-38-2024-25 | ਐਸਐਸਈ/ਪੀ/ਜੇਯੂਸੀ ਦੇ ਤਹਿਤ ਕਪੂਰਥਲਾ, ਟਾਂਡਾ ਉਮਰਰ, ਹੋਸ਼ਿਆਰਪੁਰ, ਨਵਾਂਸ਼ਹਿਰ ਦੋਆਬਾ, ਬੰਗਾ ਅਤੇ ਜਲੰਧਰ ਸਿਟੀ ਗੁਡਸ ਸ਼ੇਡ ਦੇ ਉਨਯਨ/ਸੁਧਾਰ ਦੇ ਸਬੰਧ ਵਿਚ ਵਿਯੁਤ ਕੰਮ।। | | | 1,59,28,655.88 | 2,29,700.00 |
| ਕੰਮ ਦਾ ਸਮਾਂ | 06 ਮਹੀਨੇ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 08.10.2024 15:00 ਵਜੇ ਦੇ ਬਾਦ | ਵੇਬਸਾਈਟ | www.ireps.gov.in |

ਨੰਬਰ-251-ਵਿਯੁਤ ਟੈਂਡਰ ਨੋਟਿਸ ਨੰ: 31-ਵਿਯੁਤ /2024-25 ਮਿਤੀ : 18.09.2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2913/24

20-Sept-PAGE-11-Majha-24.qxd 9/19/2024 11:01 PM Page 1



# ਬੱਚੇ ਨੂੰ ਇਨਸਾਫ ਦਿਵਾਉਣ ਲਈ ਪੀੜਤ ਪਰਵਾਰ ਨੇ ਥਾਣੇ ਬਾਹਰ ਲਗਾਇਆ ਧਰਨਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ/ਸੰਜੀਵ)-ਬੀਤੇ ਦਿਨੀਂ ਦੀਨਾਨਗਰ ਅਧੀਨ ਆਉਂਦੇ ਪਿੰਡ ਰਣਜੀਤ ਬਾਗ ਨੇੜਿਓਂ ਰਜਵਾਹੇ ਵਿੱਚੋਂ ਪਿੰਡ ਦਾਖਲਾ ਦੇ ਨੌਜਵਾਨ ਦੀ ਲਾਸ਼ ਮਿਲੀ ਸੀ। ਜਿਸ ਦੀ ਛਾਣਬੀਨ ਕਰਕੇ ਪੁਲਸ ਵਲੋਂ 24 ਘੰਟਿਆਂ ਵਿੱਚ ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ ਸੀ। ਅੱਜ ਇਸੇ ਮਾਮਲੇ ਨੂੰ ਲੈ ਕੇ ਪੀੜਤ ਪਰਵਾਰ ਵੱਲੋਂ ਦੀਨਾਨਗਰ ਥਾਣੇ ਮੂਹਰੇ ਧਰਨਾ ਲਗਾਇਆ ਗਿਆ। ਇਸ ਮੌਕੇ ਪੀੜਤ ਪਰਵਾਰ ਦੇ ਮੁਖੀ ਨੇ ਕਿਹਾ ਕਿ ਦੋਸ਼ੀਆਂ ਦੀ ਗ੍ਰਿਫਤਾਰੀ ਮਗਰੋਂ ਲੜਕੀ ਵਲੋਂ ਜੋ ਬਿਆਨ ਦਿੱਤਾ ਗਿਆ ਹੈ ਉਹ ਬਿਆਨ ਝੂਠੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਸਾਨੂੰ ਲਗਦਾ ਹੈ ਕਿ ਇਸ ਕਤਲ ਪਿੱਛੇ ਹੋਰ ਵੀ ਕਿਸੇ ਦਾ ਹੱਥ ਹੈ ਅਤੇ ਉਨ੍ਹਾਂ ਦੋਸ਼ੀਆਂ ਦੀ ਅਜੇ ਤੱਕ ਪਹਿਚਾਣ ਨਹੀਂ ਹੋ ਸਕੀ। ਜਿਸ ਕਾਰਨ ਉਹ ਪੁਲਸ ਦੀ ਗ੍ਰਿਫਤਾਰੀ ਤੋਂ ਬਾਹਰ ਹਨ। ਜਿਹੜੇ ਜਿਹੜੇ ਵੀ ਦੋਸ਼ੀ ਇਸ ਕੇਸ ਨਾਲ ਸੰਬੰਧਤ ਹਨ ਉਨ੍ਹਾਂ ਦੀ ਪਹਿਚਾਣ ਕਰਕੇ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਜਦੋਂ ਦੀਨਾਨਗਰ ਦੇ ਥਾਣਾ ਮੁਖੀ ਨੇ ਧਰਨੇ 'ਤੇ ਬੈਠੇ ਪੀੜਤ ਪਰਵਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮੇਰੇ ਲੜਕੇ ਦਾ ਕਤਲ ਬਹੁਤ ਬੇਰਹਿਮੀ ਨਾਲ ਕੀਤਾ ਗਿਆ ਹੈ। ਕਤਲ ਦੀ ਇੱਕ ਵਾਰ ਫਿਰ ਤੋਂ ਚੰਗੇ ਢੰਗ ਨਾਲ ਜਾਂਚ ਪੜਤਾਲ ਹੋਣੀ ਚਾਹੀਦੀ ਹੈ ਅਤੇ ਦੋਸ਼ੀਆਂ 'ਤੇ ਅਜਿਹੀਆਂ ਧਾਰਾ ਲਾਈਆਂ ਜਾਣ ਜਿਸ ਨਾਲ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋ ਸਕੇ। ਪੀੜਤ ਪਰਵਾਰ ਨੇ ਅੱਗੇ ਦੱਸਿਆ ਕਿ ਇਕ ਪੁਲਸ ਮੁਲਾਜ਼ਮ ਵਲੋਂ ਮ੍ਰਿਤਕ ਨੌਜਵਾਨ ਖਿਲਾਫ ਗਲਤ ਟਿੱਪਣੀ ਕੀਤੀ ਗਈ ਹੈ, ਜਿਸ ਨੂੰ ਮਾਫ ਨਹੀਂ ਕੀਤਾ ਜਾ ਸਕਦਾ। ਪੀੜਤ ਪਰਵਾਰ ਵਲੋਂ ਉਸ ਪੁਲਸ ਮੁਲਾਜ਼ਮ ਉੱਤੇ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਦੀਨਨਗਰ ਥਾਣੇ ਦੇ ਡੀ ਐਸ ਪੀ ਸੁਰਿੰਦਰ ਸਿੰਘ ਨੇ ਕਿਹਾ ਕਿ ਜਿਹੜੇ ਵੀ ਦੋਸ਼ੀ ਪਾਏ ਜਾਣਗੇ ਉਨ੍ਹਾਂ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਜੇਕਰ ਕਿਸੇ ਮੁਲਾਜ਼ਮ ਨੇ ਗਲਤ ਟਿੱਪਣੀ ਕੀਤੀ ਹੈ ਤਾਂ ਉਸ 'ਤੇ ਵੀ ਕਾਰਵਾਈ ਕੀਤੀ ਜਾਵੇਗੀ।

# ਹਥਿਆਰਬੰਦ ਲੁਟੇਰਿਆਂ ਨੇ ਐੱਚ ਡੀ ਐੱਫ ਸੀ ਬੈਂਕ 'ਚੋਂ ਦਿਨ ਦਿਹਾੜੇ 25 ਲੱਖ ਲੁੱਟੇ



ਵੇਰਕਾ/ਮਜੀਠਾ (ਰਾਣਾ/ਸੋਇਮ ਆਨੰਦ)-ਪੁਲਿਸ ਥਾਣਾ ਕੱਥੂਨੰਗਲ ਅਧੀਨ ਪੈਂਦੇ ਅੱਡਾ ਗੋਪਾਲਪੁਰਾ ਵਿਖੇ ਬੀਤੇ ਕੱਲ੍ਹ ਐਚ.ਡੀ.ਐਫ.ਸੀ ਬੈਂਕ ਦੀ ਸ਼ਾਖਾ ਮੱਝਵਿੰਡ-ਗੋਪਾਲਪੁਰਾ 'ਚੋਂ ਦਿਨ ਦਿਹਾੜੇ ਬੇਖੌਫ ਤੇ ਨਿਡਰ ਹੋਏ ਲੁਟੇਰਿਆਂ ਵੱਲੋਂ 25 ਲੱਖ ਰੁਪਏ ਹਥਿਆਰਾਂ ਦੀ ਨੋਕ 'ਤੇ ਲੁੱਟ ਕੇ ਲੈ ਜਾਣ ਦਾ ਸਨਸਨੀਖੇਜ਼ ਸਮਾਚਾਰ ਪ੍ਰਾਪਤ ਹੋਇਆ ਹੈ।

ਉਕਤ ਵਾਪਰੀ ਘਟਨਾ ਨਾਲ ਇਲਾਕੇ ਭਰ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸੰਬੰਧੀ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 5 ਨਕਾਬਪੋਸ਼ ਲੁਟੇਰੇ ਬੈਂਕ 'ਚ ਹਥਿਆਰਾਂ ਸਣੇ ਦਾਖਲ ਹੋਏ ਅਤੇ 25 ਲੱਖ ਰੁਪਏ ਲੁੱਟ ਕੇ ਚੱਲਦੇ ਬਣੇ। ਬੈਂਕ 'ਚ ਹੋਈ ਲੁੱਟ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਮੁਸ਼ਤੈਦੀ ਨਾਲ ਕਾਰਵਾਈ ਕਰਦੇ ਹੋਏ ਲੁਟੇਰਿਆਂ ਦੀ ਭਾਲ ਕਰਨੀ ਆਰੰਭ ਕਰ ਦਿੱਤੀ ਹੈ। ਪੁਲਸ ਥਾਣਾ ਕੱਥੂਨੰਗਲ ਨੇ 5 ਅਣਪਛਾਤੇ ਲੁਟੇਰਿਆਂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਸੀ.ਪੀ.ਆਈ ਦੇ ਉੱਘੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਇਲਾਕੇ ਦੇ ਸਹਿਯੋਗ ਨਾਲ ਪਿੰਡਾਂ, ਕਸਬਿਆਂ ਵਿੱਚ ਸਰੇਆਮ ਵਿਕਦੇ ਨਸ਼ਿਆਂ, ਚੋਰੀਆਂ, ਡਕੈਤੀਆਂ, ਲੁੱਟ-ਖੋਹ ਦੀਆਂ ਵਾਪਰਦੀਆਂ ਘਟਨਾਵਾਂ ਅਤੇ ਗੈਂਗਵਾਰ ਨੂੰ ਫੌਰੀ ਠੱਲ੍ਹ ਪਾਉਣ ਵਾਸਤੇ ਪੁਲਿਸ ਥਾਣੇ ਦਾ ਘਿਰਾਓ ਕੀਤਾ ਸੀ। ਨਿਰੰਤਰ ਹੁੰਦੀਆਂ ਵਾਰਦਾਤਾਂ ਕਾਰਨ ਪੁਲਸ ਪ੍ਰਸ਼ਾਸ਼ਨ ਖਿਲਾਫ ਨਾਅਰੇਬਾਜ਼ੀ ਕੀਤੀ ਗਈ ਸੀ। ਹੁਣ ਬੀਤੇ ਕੱਲ੍ਹ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਮਜੀਠਾ ਭਗਵੰਤਪਾਲ ਸਿੰਘ ਸੱਚਰ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਅਹੁਦੇਦਾਰ ਤੇ ਵਰਕਰਾਂ ਨੇ ਉਪਰੋਕਤ ਘਟਨਾਕ੍ਰਮ ਨੂੰ ਲੈ ਕੇ ਡੀ.ਐੱਸ.ਪੀ ਮਜੀਠਾ ਦੇ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਵਿਸ਼ਾਲ ਰੋਸ ਧਰਨੇ ਦੌਰਾਨ ਵਿਧਾਨ ਸਭਾ ਹਲਕਾ ਇੰਚਾਰਜ ਮਜੀਠਾ ਸੱਚਰ ਨੇ ਇਲਾਕੇ ਵਿੱਚ ਦਿਨ ਪ੍ਰਤੀ ਦਿਨ ਵਿਗੜਦੀ ਕਾਨੂੰਨੀ ਵਿਵਸਥਾ, ਪੁਲਸ ਪ੍ਰਸ਼ਾਸ਼ਨ ਵੱਲੋਂ ਵਰਤੀ ਜਾਂਦੀ ਢਿੱਲੀ ਕਾਰਗੁਜ਼ਰੀ ਦੀ ਸਖਤ ਆਲੋਚਨਾ ਕੀਤੀ।

# ਸੜਕ ਹਾਦਸੇ 'ਚ ਸਕੂਲ ਟੀਚਰ ਦੀ ਮੌਤ, ਇੱਕ ਜ਼ਖਮੀ

ਟਾਂਗਰਾ (ਲਾਡੀ ਮੱਲ੍ਹੀ)- ਜੀ ਟੀ ਰੋਡ ਟਾਂਗਰਾ ਨੇੜੇ ਪਿੰਡ ਚੌਹਾਨ ਵਿਖੇ ਸੜਕ ਹਾਦਸੇ 'ਚ ਐਕਟਿਵਾ ਸਵਾਰ ਇਕ ਔਰਤ ਦੀ ਮੌਤ ਹੋ ਗਈ ਤੇ ਇੱਕ ਔਰਤ ਸਿਰ 'ਤੇ ਸੱਟ ਲੱਗਣ ਨਾਲ ਗੰਭੀਰ ਜ਼ਖਮੀ ਹੋ ਗਈ। ਇਹ ਔਰਤਾਂ ਤਰਨਾ ਦਲ ਨਿਹੰਗ ਜਥੇਬੰਦੀ ਦੀ ਚੱਲ ਰਹੀ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਦੀਆਂ ਟੀਚਰਾਂ ਸਨ ਜੋ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਐਕਟਿਵਾ 'ਤੇ ਵਾਪਸ ਆਪਣੇ ਘਰ ਜਾ ਰਹੀਆਂ ਸਨ ਪ੍ਰੰਤੂ ਜਦੋਂ ਜੀ ਟੀ ਰੋਡ ਚੌਹਾਨ ਨੇੜੇ ਪੁੱਜੀਆਂ ਤਾਂ ਟਰੈਕਟਰ ਟਰਾਲੀ ਦੀ ਲਪੇਟ ਆਉਣ ਨਾਲ ਸੜਕ ਹਾਦਸਾ ਹੋ ਗਿਆ। ਇਸ ਹਾਦਸੇ ਵਿੱਚ ਜੋਤੀ (40) ਵਾਸੀ ਟਾਂਗਰਾ ਥਾਣਾ ਤਰਸਿੱਕਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜੋ ਆਪਣੇ ਪਿੱਛੇ ਦੋ ਛੋਟੇ ਬੱਚੇ ਛੱਡ ਗਈ ਤੇ ਦਵਿੰਦਰ ਕੌਰ ਵਾਸੀ ਪਿੰਡ ਮੁੱਛਲ ਥਾਣਾ ਤਰਸਿੱਕਾ ਦੇ ਸਿਰ ਵਿੱਚ ਸੱਟ ਲੱਗਣ ਨਾਲ ਗੰਭੀਰ ਜ਼ਖਮੀ ਹੋ ਗਈ ਜਿਸ ਨੂੰ ਜ਼ੇਰੇ ਇਲਾਜ ਲਈ ਅੰਮ੍ਰਿਤਸਰ ਹਸਪਤਾਲ ਦੇ ਭੇਜ ਦਿੱਤਾ ਗਿਆ। ਪੁਲਿਸ ਥਾਣਾ ਜੰਡਿਆਲਾ ਗੁਰੂ ਵੱਲੋਂ ਮੌਕੇ 'ਤੇ ਪੁੱਜ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਕੱਚੇ ਘਰਾਂ ਵਾਲੇ ਪਰਵਾਰਾਂ ਨੂੰ ਵੰਡੀਆਂ ਗਰਾਂਟਾਂ



ਦੀਨਾਨਗਰ (ਸੰਜੀਵ )- ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਬਲਾਕ ਦੋਰਾਂਗਲਾ ਦੇ 31 ਅਤੇ ਦੀਨਾਨਗਰ ਬਲਾਕ ਤੇ 41 ਪਰਵਾਰਾਂ ਨੂੰ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਸਰਕਾਰ ਵੱਲੋਂ ਜਾਰੀ ਕੀਤੀ ਗਈ ਗ੍ਰਾਂਟ ਦੀ ਪਹਿਲੀ ਕਿਸ਼ਤ ਜਾਰੀ ਕੀਤੇ ਜਾਣ ਮੌਕੇ ਮਨਜ਼ੂਰੀ ਪੱਤਰ ਵੰਡੇ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਆਪ ਸਰਕਾਰ ਸੂਬੇ ਦੇ ਹਰੇਕ ਵਰਗ ਦੀ ਸੱਚੀ ਹਮਦਰਦ ਹੈ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਸਹਾਇਤਾ ਤਹਿਤ ਲੋੜਵੰਦ ਲਾਭਪਾਤਰੀਆਂ ਦੀ ਚੋਣ ਬਿਨਾਂ ਕਿਸੇ ਸਿਫ਼ਾਰਸ਼ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਇਹ ਉਪਰਾਲੇ ਕੀਤੇ ਜਾ ਰਹੇ ਹਨ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਬਿਨਾਂ ਕਿਸੇ ਦੇਰੀ ਅਤੇ ਸਹੀ ਢੰਗ ਨਾਲ ਮਿਲਣਾ ਯਕੀਨੀ ਹੋ ਸਕੇ

ਉਹਨਾਂ ਕਿਹਾ ਕਿ ਇਸ ਸਕੀਮ ਦੀ ਦੂਜੀ ਅਤੇ ਤੀਸਰੀ ਕਿਸ਼ਤ ਵੀ ਜਲਦੀ ਹੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਵੀ ਪਾ ਦਿੱਤੀ ਜਾਵੇਗੀ। ਇਸ ਮੌਕੇ ਬਲਾਕ ਪ੍ਰਧਾਨ ਗੌਰਵ ਧੀਰ, ਬਲਾਕ ਪ੍ਰਧਾਨ ਅਵਤਾਰ ਸਿੰਘ, ਬਲਾਕ ਪ੍ਰਧਾਨ ਕਸ਼ਮੀਰ ਚੰਦ, ਨੰਬਰਦਾਰ ਸ਼ਮਸ਼ੇਰ ਸਿੰਘ, ਸਾਬਕਾ ਸਰਪੰਚ ਸ਼ਾਮ ਲਾਲ, ਜਰਨੈਲ ਸਿੰਘ ਡੁੱਗਰੀ, ਮਨਦੀਪ ਸਿੰਘ ਸ਼ਮਸ਼ੇਰਪੁਰ ਅਤੇ ਸਾਂਝੀ ਰਾਮ ਵੀ ਹਾਜ਼ਰ ਸਨ।

# ਬਿੱਟੂ ਹੁਣ ਭਾਜਪਾ ਆਕਾਵਾਂ ਨੂੰ ਖੁਸ਼ ਕਰਨ 'ਚ ਲੱਗਾ : ਪਾਹੜਾ



ਗੁਰਦਾਸਪੁਰ (ਜਨਕ ਮਹਾਜਨ)- ਕਾਂਗਰਸ ਕਾਰਨ ਲੰਬਾ ਸਮਾਂ ਸੱਤਾ ਵਿੱਚ ਰਹਿਣ ਤੋਂ ਬਾਅਦ ਹੁਣ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿ ਰਹੇ ਹਨ ਜਿਸ ਦੇ ਰੋਸ ਵਜੋਂ ਗੁਰਦਾਸਪੁਰ ਦੇ ਭਾਈ ਲਾਲੋ ਜੀ ਚੌਕ ਵਿਖੇ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਵਨੀਤ ਸਿੰਘ ਬਿੱਟੂ ਦੇ ਪੁਤਲੇ ਫੂਕੇ ਗਏ ਅਤੇ ਨਾਅਰੇਬਾਜ਼ੀ ਕੀਤੀ ਗਈ। ਇਸ ਦੀ ਪ੍ਰਧਾਨਗੀ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਨੇ ਕੀਤੀ। ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਲੋਕ ਸਭਾ ਚੋਣਾਂ ਵਿੱਚ ਹਰਾ ਕੇ ਬਿੱਟੂ ਨੂੰ ਸਬਕ ਸਿਖਾ ਦਿੱਤਾ ਹੈ ਪਰ ਭਾਜਪਾ ਨੇ ਹਾਰੇ ਹੋਏ ਆਗੂ ਨੂੰ ਰਾਜ ਸਭਾ ਵਿੱਚ ਲਿਆ ਕੇ ਸੱਤਾ ਸੌਂਪ ਦਿੱਤੀ ਹੈ ਜਿਸ ਕਾਰਨ ਹੁਣ ਬਿੱਟੂ ਵੀ ਭਾਜਪਾ ਨੂੰ ਖੁਸ਼ ਕਰਨ ਵਿੱਚ ਲੱਗੇ ਹੋਏ ਹਨ। ਐਡਵੋਕੇਟ ਪਾਹੜਾ ਨੇ ਕਿਹਾ ਕਿ ਨਵਨੀਤ ਬਿੱਟੂ ਨੂੰ ਕਾਂਗਰਸ ਪਾਰਟੀ ਵੱਲੋਂ ਕਈ ਉੱਚ ਅਹੁਦੇ ਦਿੱਤੇ ਗਏ ਹਨ ਜਦੋਂਕਿ ਹੁਣ ਬਿੱਟੂ ਨੇ ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਆਪਣੇ ਭਾਜਪਾ ਆਕਾਵਾਂ ਨੂੰ ਖੁਸ਼ ਕਰਨ ਲਈ ਬਿੱਟੂ ਰਾਹੁਲ ਗਾਂਧੀ ਨੂੰ ਦੇਸ਼ ਦਾ ਸਭ ਤੋਂ ਵੱਡਾ ਅੱਤਵਾਦੀ ਕਹਿ ਕੇ ਇਨਾਮ ਰੱਖਣ ਦੀ ਗੱਲ ਕਰ ਰਿਹਾ ਹੈ। ਬਿੱਟੂ ਆਪਣੇ ਅਹੁਦੇ ਨੂੰ ਬਚਾਉਣ ਲਈ ਇਹ ਸਭ ਕੁਝ ਕਰ ਰਿਹਾ ਹੈ ਪਰ ਇਸ ਨਾਲ ਬਿੱਟੂ ਦੀ ਘਟੀਆ ਮਾਨਸਿਕਤਾ ਦਾ ਪਰਦਾਫਾਸ਼ ਹੋ ਗਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਹਾਜ਼ਰ ਸਨ।

# ਸੰਤਾਂ ਦੀ ਸਲਾਨਾ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸੱਚਖੰਡ ਵਾਸੀ ਸੰਤ ਬਾਬਾ ਪ੍ਰੀਤਮ ਸਿੰਘ ਗੁਰਦੁਆਰਾ ਡੇਰਾ ਭਗਤਾਂ ਦਾ ਤਰਸਿੱਕਾ ਵਾਲਿਆਂ ਦੀ ਸਲਾਨਾ ਬਰਸੀ ਸੱਚਖੰਡ ਵਾਸੀ ਸੰਤ ਬਾਬਾ ਗੁਰਬਚਨ ਸਿੰਘ ਤੇ ਉਨ੍ਹਾਂ ਦੇ ਤਪ ਅਸਥਾਨ ਗੁਰਦੁਆਰਾ ਭਗਤਾਂ ਦਾ ਡੇਰਾ ਤਰਸਿੱਕਾ ਵਿਖੇ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੇਵ ਸਿੰਘ ਦੀ ਅਗਵਾਈ ਹੇਠ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ।

ਸਮਾਗਮ ਦੇ ਆਰੰਭ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਖੁੱਲ੍ਹੇ ਪੰਡਾਲਾਂ ਵਿੱਚ ਸਾਰਾ ਦਿਨ ਕੀਰਤਨ ਤੇ ਕਥਾ ਦਾ ਪ੍ਰਵਾਹ ਚੱਲੇ, ਜਿਸ ਵਿੱਚ ਭਾਈ ਰਣਜੀਤ ਸਿੰਘ ਮਾਂਗਾ ਸਰਾਏ, ਭਾਈ ਬਲਦੇਵ ਸਿੰਘ ਤੇ ਭਾਈ ਤੀਰਥ ਸਿੰਘ ਤਰਸਿੱਕਾ ਦਾ ਜਥਾ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ, ਭਾਈ ਮੱਖਣ ਸਿੰਘ ਦਸਮੇਸ਼ ਨਗਰ ਦਾ ਕਵੀਸ਼ਰੀ ਜਥੇ ਵੱਲੋਂ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਸੰਤ ਬਾਬਾ ਪ੍ਰੀਤਮ ਸਿੰਘ ਤੇ ਸੰਤ ਬਾਬਾ ਗੁਰਬਚਨ ਸਿੰਘ ਵੱਲੋਂ ਸਿੱਖ ਸੰਗਤਾਂ ਨੂੰ ਦਰਸਾਏ ਮਾਰਗ 'ਤੇ ਚੱਲਣ ਦਾ ਉਦੇਸ਼ ਦਿੰਦਿਆਂ ਉਹਨਾਂ ਵੱਲੋਂ ਅੰਮ੍ਰਿਤਧਾਰੀ ਹੋ ਕੇ ਨਿਤਨੇਮੀ ਬਣਨ ਦੀ ਅਪੀਲ ਕੀਤੀ ਗਈ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਜਥੇਦਾਰ ਬਾਬਾ ਅਜੀਤ ਸਿੰਘ ਜਥੇ ਸਮੇਤ, ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੇ ਬੇਰ ਸਾਹਿਬ, ਸੰਤ ਬਾਬਾ ਕਵਲਜੀਤ ਸਿੰਘ ਗੁਰਦੁਆਰਾ ਨਾਗੀਆਣਾ ਸਾਹਿਬ, ਸੰਤ ਬਾਬਾ ਗੁਰਦਿਆਲ ਸਿੰਘ ਕਾਲੇਕੇ, ਸੰਤ ਬਾਬਾ ਹੀਰਾ ਸਿੰਘ, ਬਾਬਾ ਸੁਖਵੰਤ ਸਿੰਘ ਚੰਨਣਕੇ, ਬਾਬਾ ਸੁਖਵਿੰਦਰ ਸਿੰਘ ਮਲਕਪੁਰ, ਬਾਬਾ ਚਮਕੌਰ ਸਿੰਘ ਬਾਦਲ ਜੌਹਲ ਵੀ ਸੰਗਤਾਂ ਵਿੱਚ ਹਾਜ਼ਰ ਸਨ।

ਆਏ ਹੋਏ ਸੰਤਾਂ ਮਹਾਂਪੁਰਸ਼ਾਂ ਨੂੰ ਸੰਤ ਬਾਬਾ ਗੁਰਦੇਵ ਸਿੰਘ ਵੱਲੋਂ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਵੀ ਬਾਬਾ ਗੁਰਦੇਵ ਸਿੰਘ ਹੁਰਾਂ ਦਾ ਸਨਮਾਨ ਕੀਤਾ ਗਿਆ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ ਸੀ ਬੀ ਐੱਸ ਈ ਨੈਸ਼ਨਲ ਖੇਡਾਂ ਲਈ ਚੋਣ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਭਾਰਤ ਦੇ ਸਭ ਤੋਂ ਵੱਡੇ ਵਿੱਦਿਅਕ ਬੋਰਡ ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਦੇਸ਼ ਭਰ ਦੇ ਹਜ਼ਾਰਾਂ ਸਕੂਲਾਂ ਦੀ ਕਲਸਟਰ ਅਨੁਸਾਰ ਵੰਡ ਕਰਕੇ ਵਿਦਿਆਰਥੀਆਂ ਦੀਆਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਸ ਤਹਿਤ ਸੀ.ਬੀ.ਐਸ.ਈ ਨਵੀਂ ਦਿੱਲੀ ਵੱਲੋਂ ਕਲਸਟਰ 18 ਅਧੀਨ ਖੇਡਾਂ ਪਠਾਨਕੋਟ ਵਿਖੇ ਕਰਵਾਈਆਂ ਗਈਆਂ। ਜਿਸ ਵਿੱਚ 136 ਸਕੂਲਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ। ਇਹਨਾਂ ਖੇਡਾਂ ਵਿੱਚ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ 14 ਮੈਂਬਰੀ ਟੀਮ ਨੇ ਡੀ.ਪੀ ਜਤਿੰਦਰ ਕੁਮਾਰ ਦੀ ਅਗਵਾਈ ਹੇਠ ਭਾਗ ਲਿਆ ਅਤੇ ਇਸ ਵਾਰ ਵੀ ਜਿੱਤ ਦੀ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ ਸੰਸਥਾ ਦੇ ਵਿਦਿਆਰਥੀ ਰੂਪਅਰਮਾਨ ਸਿੰਘ ਨਾਗਰਾ ਨੇ ਅੰਡਰ 17 ਗਰੁੱਪ ਵਿੱਚ ਜੈਵਲਿਨ 49.74 ਮੀਟਰ ਦੀ ਦੂਰੀ 'ਤੇ ਸੁੱਟ ਕੇ ਪਿਛਲੇ ਦੋ ਸਾਲਾਂ ਦੇ ਰਿਕਾਰਡ ਨੂੰ ਬਰਕਰਾਰ ਰੱਖਦਿਆਂ ਇਸ ਸਾਲ ਹੈਟ੍ਰਿਕ ਮਾਰਦੇ ਹੋਏ ਲਗਾਤਰ ਤਿੰਨ ਸਾਲ ਗੋਲਡ ਮੈਡਲ 'ਤੇ ਕਬਜ਼ਾ ਕੀਤਾ। ਇਸ ਦੇ ਨਾਲ ਹੀ ਸੰਸਥਾ ਦੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀ ਰਣਜੋਤ ਸਿੰਘ ਕੀੜੀ ਅਫਗਾਨਾ ਨੇ ਅੰਡਰ 17 ਗਰੁੱਪ ਵਿੱਚ 3000 ਮੀਟਰ ਦੌੜ ਵਿੱਚ ਦੂਜਾ ਸਥਾਨ ਅਤੇ 1500 ਮੀਟਰ ਦੌੜ ਵਿੱਚ ਤੀਸਰਾ ਸਥਾਨ ਹਾਸਲ ਕਰਕੇ ਸਿਲਵਰ ਤੇ ਬਰੋਨਜ਼ ਮੈਡਲ ਹਾਸਲ ਕੀਤਾ। ਇਹਨਾਂ ਦੋਨਾਂ ਵਿਦਿਆਰਥੀਆਂ ਨੇ ਸੀ.ਬੀ.ਐਸ.ਈ. ਨੈਸ਼ਨਲ ਪੱਧਰ 'ਤੇ ਹੋਣ ਵਾਲੀਆਂ ਖੇਡਾਂ ਵਿੱਚ ਆਪਣਾ ਉੱਤਮ ਸਥਾਨ ਬਣਾ ਕੇ ਆਪਣੇ ਮਾਤਾ-ਪਿਤਾ, ਅਧਿਆਪਕਾਂ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਸਕੂਲ ਪਹੁੰਚਣ 'ਤੇ ਇਹਨਾਂ ਵਿਦਿਆਰਥੀਆਂ ਦਾ ਸਕੂਲ ਮੈਨੇਜਮੈਂਟ, ਪ੍ਰਿੰਸੀਪਲ, ਸਮੂਹ ਸਟਾਫ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਉਹਨਾਂ ਵਿਦਿਆਰਥੀਆਂ ਦਾ ਗਰਾਊਂਡ ਵਿੱਚ ਦਿਖਾਇਆ ਗਿਆ ਸਿਰੜ, ਲਗਨ, ਹਿੰਮਤ ਅਤੇ ਜੋਸ਼ ਹੀ ਹੈ ਜਿਸ ਨੂੰ ਇਸ ਸਕੂਲ ਦੇ ਸ਼ਾਨਦਾਰ ਅਧਿਆਪਕਾਂ ਦੀ ਰਹਿਨੁਮਾਈ ਨੇ ਨਵੇਂ ਮੁਕਾਮ ਦਿੱਤੇ ਹਨ। ਇਸ ਮੌਕੇ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ, ਪ੍ਰਿੰਸੀਪਲ ਇੰਦਰਜੀਤ ਕੌਰ, ਕੋਆਰਡੀਨੇਟਰ ਹਰਕਿੰਦਰਬੀਰ ਸਿੰਘ, ਪਵਨਜੀਤ ਕੌਰ, ਸੁਰਜੀਤ ਕੌਰ, ਬਲਜੀਤ ਕੌਰ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਚਰਨਜੀਤ ਕੌਰ, ਬਿਕਰਮਜੀਤ ਸਿੰਘ, ਸੁਮਨਦੀਪ ਕੌਰ, ਸਰਨਜੀਤ ਕੌਰ, ਮਨਪ੍ਰੀਤ ਕੌਰ ਹੰਬੋਵਾਲ, ਰੁਪਿੰਦਰ ਕੌਰ ਅਤੇ ਰਾਜਵਿੰਦਰ ਕੌਰ ਵੀ ਹਾਜ਼ਰ ਸਨ।

# ਜ਼ਿਲ੍ਹਾ ਸਿੱਖਿਆ ਅਫਸਰ ਸਟਾਫ਼ ਸਮੇਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਹੋਏ ਨਤਮਸਤਕ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਜ਼ਿਲ੍ਹਾ ਸਿੱਖਿਆ ਅਫਸਰ (ਸੰਕੈਡਰੀ) ਮੈਡਮ ਪਰਮਜੀਤ ਨੇ ਆਪਣੇ ਸਟਾਫ਼ ਸਮੇਤ ਸਥਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਮੱਥਾ ਟੇਕਿਆ ਤੇ ਗੁਰੂ ਘਰ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਾਈ ਸਤਨਾਮ ਸਿੰਘ ਗੋਸਲ ਤੇ ਹੈੱਡ ਗ੍ਰੰਥੀ ਬਾਬਾ ਨਛੱਤਰ ਸਿੰਘ ਵੱਲੋਂ ਮੈਡਮ ਪਰਮਜੀਤ ਅਤੇ ਉਨ੍ਹਾਂ ਦੇ ਸਟਾਫ਼ ਮੈਂਬਰਾਂ ਨੂੰ ਗੁਰੂਘਰ ਦੀ ਬਖ਼ਸ਼ਿਸ਼ ਸਿਰਪਾਓ ਸਾਹਿਬ ਅਤੇ ਗੁਰੂ ਘਰ ਦਾ ਇਤਿਹਾਸ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਪਰਮਜੀਤ ਨੇ ਕਿਹਾ ਕਿ ਮੈਂ ਅੱਜ ਆਪਣੇ ਸਟਾਫ਼ ਸਮੇਤ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਡੇਰਾ ਬਾਬਾ ਨਾਨਕ ਫੇਰੀ ਨੂੰ ਲੈ ਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਹਿੱਸਾ ਲੈਣ ਆਈ ਸੀ। ਮੀਟਿੰਗ ਤੋਂ ਬਾਅਦ ਮੈਨੂੰ ਪਹਿਲੀ ਵਾਰ ਆਪਣੇ ਸਟਾਫ਼ ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਸਬਾ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਦੇ ਦਰਸ਼ਨ ਕਰਨ ਦਾ ਵਡਭਾਗਾ ਸਮਾਂ ਪ੍ਰਾਪਤ ਹੋਇਆ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀ ਛੱਡਣਗੇ ਅਤੇ ਜ਼ਿਲ੍ਹੇ ਵਿੱਚ ਸਿੱਖਿਆ ਮਹਿਕਮੇ ਦੇ ਕਿਸੇ ਵੀ ਕਰਮਚਾਰੀ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦੇਣਗੇ।

ਇਸ ਮੌਕੇ ਸੁਰਜੀਤ ਸਿੰਘ ਬੀ ਆਰ ਸੀ, ਜਸਬੀਰ ਕੁਮਾਰ ਡੀ ਈ ਓ ਦਫ਼ਤਰ ਕਲਰਕ, ਅਮਨ ਗੁਪਤਾ ਡੀ ਈ ਓ ਦਫ਼ਤਰ ਕਲਰਕ, ਮਾਸਟਰ ਪਲਵਿੰਦਰ ਸਿੰਘ, ਰਘਬੀਰ ਸਿੰਘ ਡਾਟਾ ਐਂਟਰੀ ਅਪਰੇਟਰ, ਮੈਡਮ ਰੁਪਿੰਦਰ ਕੌਰ ਅਕਾਊਂਟੈਂਟ ਵੀ ਹਾਜ਼ਰ ਸਨ।

# ਪ੍ਰੈੱਸ ਫ਼ੀਲਡ ਜਰਨਲਿਸਟ ਐਸੋਸੀਏਸ਼ਨ ਸਰਕਲ ਝਬਾਲ ਦੀ ਹੋਈ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ)-ਪ੍ਰੈੱਸ ਫ਼ੀਲਡ ਜਰਨਲਿਸਟ ਐਸੋਸੀਏਸ਼ਨ ਰਜਿ:ਪੰਜਾਬ ਸਰਕਲ ਝਬਾਲ ਦੀ ਅਹਿਮ ਮੀਟਿੰਗ ਅੱਜ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਦੀਵਾਨ ਹਾਲ ਨਜ਼ਦੀਕ ਗੈਸਟ ਹਾਊਸ ਵਿਖੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਦੇ ਆਦੇਸ਼ਾਂ ਅਤੇ ਸਰਕਲ ਝਬਾਲ ਦੇ ਚੈਅਰਮੈਨ ਬਖਤਾਵਰ ਸਿੰਘ ਰੰਧਾਵਾ ਦੇ ਨਿਰਦੇਸ਼ਾਂ ਤੇ ਸਰਕਲ ਝਬਾਲ ਦੇ ਪ੍ਰਧਾਨ ਹਰਦੀਪ ਸਿੰਘ ਝਬਾਲ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸਥਾਨਕ ਵੱਖ-ਵੱਖ ਅਖ਼ਬਾਰਾਂ ਦੇ ਪੱਤਰਕਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ ਨੇ ਐਸੋਸੀਏਸ਼ਨ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕਤੰਤਰ ਦੇ ਚੌਥੇ ਥੰਮ੍ਹ ਪੱਤਰਕਾਰਤਾ ਦੇ ਪਵਿੱਤਰ ਪੇਸ਼ੇ ਨੂੰ ਬਦਨਾਮ ਕਰ ਰਹੇ ਕੁਝ ਅਣਸਿੱਖਿਅਤ ਪੀਲੀ ਪੱਤਰਕਾਰੀ ਕਰਦੇ ਪੱਤਰਕਾਰਾਂ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਸਮੂਹ ਪੱਤਰਕਾਰਾਂ ਨੂੰ ਸਾਫ਼ ਸੁਥਰੀ ਪੱਤਰਕਾਰੀ ਦੇ ਨਾਲ-ਨਾਲ ਬੂਟੇ ਲਗਾਉਣ, ਖ਼ੂਨ ਦਾਨ ਕੈਂਪ ਲਗਾਉਣ ਸਮੇਤ ਹੋਰ ਸਮਾਜਿਕ ਕੰਮਾਂ ਨੂੰ ਪਹਿਲ ਦੇਣ ਦੀ ਸਲਾਹ ਦਿੱਤੀ। ਇਸ ਮੌਕੇ ਸਰਕਲ ਪ੍ਰਧਾਨ ਹਰਦੀਪ ਸਿੰਘ ਝਬਾਲ ਨੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਸਿੰਦਬਾਦ, ਕਾਰਜਕਾਰੀ ਪ੍ਰਧਾਨ ਬਿਕਰਮਜੀਤ ਸਾਹਿਲ, ਹੋਲੀ ਸੋਲੀ ਕਾਰਜਕਾਰੀ ਪ੍ਰਧਾਨ ਇੰਦਰਜੀਤ ਸਿੰਘ, ਜ਼ਿਲ੍ਹਾ ਤਰਨ ਤਾਰਨ ਸ਼ਹਿਰੀ ਪ੍ਰਧਾਨ ਬਲਜੀਤ ਸਿੰਘ ਬਿੱਟੂ, ਜ਼ਿਲਾ ਤਰਨ ਤਾਰਨ ਸੀਨੀਅਰ ਵਾਇਸ ਪ੍ਰਧਾਨ ਮਦਨ ਝਬਾਲ ਦਾ ਮੀਟਿੰਗ ਵਿੱਚ ਪੁੱਜਣ 'ਤੇ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਪ੍ਰੈੱਸ ਫ਼ੀਲਡ ਜਰਨਲਿਸਟ ਐਸੋਸੀਏਸ਼ਨ ਸਰਕਲ ਝਬਾਲ ਦੇ ਸਮੂਹ ਪੱਤਰਕਾਰਾਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਜਦ ਕਿ ਇਸ ਮੌਕੇ ਸਰਕਲ ਝਬਾਲ ਦੇ ਮੈਂਬਰਾਂ ਨੂੰ ਯੂਨੀਅਨ ਦੇ ਨਵੇਂ ਕਾਰਡ ਤਕਸੀਮ ਕੀਤੇ ਗਏ ਅਤੇ ਯੂਨੀਅਨ ਵਿੱਚ ਨਵੇਂ ਸ਼ਾਮਲ ਹੋਣ ਵਾਲੇ ਪੱਤਰਕਾਰਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਪ੍ਰੈਸ ਫ਼ੀਲਡ ਜਰਨਲਿਸਟ ਐਸੋਸੀਏਸ਼ਨ ਸਰਕਲ ਝਬਾਲ ਦੇ ਪ੍ਰਧਾਨ ਹਰਦੀਪ ਸਿੰਘ ਝਬਾਲ, ਮੀਤ ਪ੍ਰਧਾਨ ਰਜਿੰਦਰ ਕੁਮਾਰ ਖੁੱਲਰ, ਜਨਰਲ ਸਕੱਤਰ ਜਸਬੀਰ ਸਿੰਘ ਗਿੱਲ ਭਕਨਾ, ਪੁਸ਼ਪਿੰਦਰ ਸਿੰਘ ਪਾਸੀਂ ਸੋਹਲ, ਦਰਸ਼ਨ ਸਿੰਘ ਚੀਚਾ, ਹਰਜਿੰਦਰ ਸਿੰਘ ਸੋਨੀ ਲਾਲਾ, ਜਤਿੰਦਰ ਸ਼ਰਮਾ, ਸੁਖਜਿੰਦਰ ਸਿੰਘ ਝਬਾਲ, ਦਵਿੰਦਰ ਪਾਲ,ਹਰਮਨਦੀਪ ਸਿੰਘ ਪਾਸੀਂ ਸੋਹਲ,ਕਰਤਾਰ ਸਿੰਘ ਲਾਲੀ ਢਿੱਲੋਂ, ਸਾਜਨ ਸ਼ਰਮਾ ਭਿੱਖੀਵਿੰਡ, ਪ੍ਰਗਟ ਸਿੰਘ ਖਾਲਸਾ ਪੰਡੋਰੀ, ਜਗਰੂਪ ਸਿੰਘ ਐਮਾਂ ਤੋਂ ਇਲਾਵਾ ਉੱਘੇ ਸਮਾਜ ਸੇਵਕ ਨੌਜਵਾਨ ਅਮਨਪਾਲ ਸਿੰਘ ਢਿੱਲੋਂ ਆਦਿ ਵੀ ਮੌਜੂਦ ਸਨ।

# ਪਰਾਲੀ ਨੂੰ ਸਾੜਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਦੇ ਹੁਕਮ



**ਗੁਰਦਾਸਪੁਰ (ਜਨਕ ਮਹਾਜਨ)**- ਉਮਾ ਸ਼ੰਕਰ ਗੁਪਤਾ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਝੋਨੇ ਦੀ ਕਟਾਈ ਉਪਰੰਤ ਇਸ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਹੁਕਮਾਂ ਵਿੱਚ ਕਿਹਾ ਗਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਝੋਨੇ ਦੀ ਕਟਾਈ ਜ਼ਿਆਦਾਤਰ ਕੰਬਾਈਨ ਮਸ਼ੀਨ ਦੁਆਰਾ ਹੀ ਕੀਤੀ ਜਾਂਦੀ ਹੈ ਅਤੇ ਝੋਨੇ ਦੀ ਪਰਾਲੀ ਨੂੰ ਜ਼ਮੀਨ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਪਰਾਲੀ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ, ਜਿਸ ਕਰਕੇ ਝੋਨੇ ਦੇ ਨਾੜ ਨੂੰ ਨਸ਼ਟ ਕਰਨ ਦੇ ਮੰਤਵ ਲਈ ਲਗਾਈ ਗਈ ਅੱਗ ਉਸ ਖੇਤ ਨਾਲ ਲੱਗਦੀਆਂ ਫਸਲਾਂ, ਘਰਾਂ, ਦਰੱਖਤਾਂ, ਪਸ਼ੂਆਂ, ਰਸਤੇ ਤੋਂ ਗੁਜ਼ਰਦੇ ਵਾਹਨਾਂ ਆਦਿ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ, ਜਿਸ ਨਾਲ ਕਾਫੀ ਜਾਨੀ/ਮਾਲੀ ਨੁਕਸਾਨ ਹੁੰਦਾ ਹੈ ਅਤੇ ਕਈ ਹਾਦਸੇ ਵੀ ਵਾਪਰਦੇ ਹਨ। ਇਸ ਤੋਂ ਇਲਾਵਾ ਇਸ ਅੱਗ ਨਾਲ ਧਰਤੀ ਵਿਚੋਂ ਕਈ ਕੀਮਤੀ ਤੱਤ ਵੀ ਤਬਾਹ ਹੋ ਜਾਂਦੇ ਹਨ ਅਤੇ ਧਰਤੀ ਦੀ ਉਪਜਾਊ ਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਸਿੱਟੇ ਵਜੋਂ ਜਨ-ਜੀਵਨ ਅਤੇ ਵਾਤਾਵਰਣ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ।

ਇਸ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਝੋਨੇ ਦੀ ਪਰਾਲੀ ਨੂੰ ਅੱਗ ਲਾ ਕੇ ਸਾੜਨ ਨੂੰ ਰੋਕਣ ਦੀ ਅਤਿਅੰਤ ਜਰੂਰਤ ਹੈ। ਇਹ ਹੁਕਮ 19 ਸਤੰਬਰ ਤੋਂ ਮਿਤੀ 30 ਨਵੰਬਰ ਤੱਕ ਲਾਗੂ ਰਹਿਣਗੇ। ਇਸ ਦੀ ਉਲੰਘਣਾ ਹੋਣ 'ਤੇ ਪੁਲਸ ਵਲੋਂ 188 ਆਈ.ਪੀ.ਸੀ. ਤਹਿਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇਗੀ।

# ਘਟੀਆ ਮਿਆਰ ਦੀ ਮਠਿਆਈ ਦੀ ਵਿਕਰੀ ਜ਼ੋਰਾਂ 'ਤੇ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਸਰਕਾਰ ਵਲੋਂ ਹਲਵਾਈਆਂ ਨੂੰ ਸਫਾਈ ਵਾਲਾ ਸਮਾਨ ਵੇਚਣ ਆਦਿ ਸਬੰਧੀ ਕੁਝ ਨਿਯਮ ਜਾਰੀ ਕੀਤੇ ਗਏ ਹਨ ਪਰ ਫਿਰ ਵੀ ਕੁਝ ਹਲਵਾਈ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ ਅਤੇ ਆਪਣੀ ਦੁਕਾਨ ਵਿੱਚ ਸਫਾਈ ਦੀ ਘਾਟ ਅਤੇ ਘਟੀਆ ਮਿਆਰ ਵਾਲਾ ਸਮਾਨ ਲੋਕਾਂ ਨੂੰ ਵੇਚ ਕੇ ਲੋਕਾਂ ਦੀ ਕੀਮਤੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਨਿਯਮਾਂ ਮੁਤਾਬਿਕ ਹਲਵਾਈ ਵਲੋਂ ਆਪਣੀ ਦੁਕਾਨ 'ਤੇ ਮਠਿਆਈ ਦੇ ਬਣਨ ਤੋਂ ਲੈ ਕੇ ਇਸ ਦੀ ਮਿਆਦ ਖ਼ਤਮ ਹੋਣ ਦੀ ਮਿਤੀ ਲਿਖਣੀ ਜ਼ਰੂਰੀ ਹੈ ਜਿਸ ਸਬੰਧੀ ਕੁਝ ਸਮਾਂ ਪਹਿਲਾਂ ਵੱਡੇ-ਵੱਡੇ ਹਲਵਾਈ ਦੁਕਾਨਦਾਰਾਂ ਨੇ ਅਜਿਹਾ ਲਿਖਣਾ ਸ਼ੁਰੂ ਕੀਤਾ ਸੀ ਕਿ ਪਰ ਹੁਣ ਉਹ ਵੀ ਬੰਦ ਕਰ ਦਿੱਤਾ ਹੈ। ਦੂਜੇ ਪਾਸੇ ਕਈ ਹਲਵਾਈ ਅਜੇ ਵੀ ਮਠਿਆਈ ਡੱਬੇ ਸਮੇਤ ਤੋਲ ਰਹੇ ਹਨ ਜਿਸ ਨਾਲ ਗ੍ਰਾਹਕ ਨੂੰ ਡੱਬੇ ਦੇ ਵਜ਼ਨ ਦੇ ਭਾਅ 'ਤੇ ਮਠਿਆਈ ਮਿਲ ਰਹੀ ਹੈ। ਤਿਉਹਾਰਾਂ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ ਜਿਸ ਕਾਰਨ ਹੁਣ ਵੱਡੀ ਪੱਧਰ 'ਤੇ ਮਠਿਆਈ ਦੀ ਖ਼ਰੀਦੋ ਫਰੋਖਤ ਕੀਤੀ ਜਾਣੀ ਹੈ ਜਿਸ ਦੀ ਪੂਰਤੀ ਲਈ ਨਕਲੀ ਖੋਏ ਤੋਂ ਤਿਆਰ ਹੋਣ ਵਾਲੀ ਮਠਿਆਈ ਵੀ ਕੁਝ ਸ਼ਰਾਰਤੀ ਲੋਕਾਂ ਵਲੋਂ ਗ੍ਰਾਹਕਾਂ ਨੂੰ ਪਰੋਸੀ ਜਾਵੇਗੀ। ਇਸ ਉਤੇ ਨੱਥ ਪਾਉਣ ਲਈ ਸਬੰਧਤ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਸਮੇਂ ਤੋਂ ਪਹਿਲਾਂ ਹਲਵਾਈ ਦੀਆਂ ਦੁਕਾਨਾਂ 'ਤੇ ਜਾ ਕੇ ਉਥੇ ਬਣਨ ਵਾਲੇ ਸਮਾਨ ਦਾ ਮਿਆਰ ਚੈਕ ਕਰਨ ਅਤੇ ਜੇਕਰ ਘਟੀਆ ਮਿਆਰ ਦਾ ਸਮਾਨ ਪਾਇਆ ਜਾਂਦਾ ਹੈ ਉਸ ਦੁਕਾਨਦਾਰ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

ਲੋਕਾਂ ਨੇ ਸਬੰਧਤ ਵਿਭਾਗ ਪਾਸੋਂ ਮੰਗ ਕੀਤੀ ਕਿ ਘਟੀਆ ਮਿਆਰ ਦੀ ਮਠਿਆਈ ਵੇਚਣ ਵਾਲੇ ਦੁਕਾਨਦਾਰਾਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਤਿਉਹਾਰ ਦੇ ਸੀਜਨ ਅੰਦਰ ਘਟੀਆ ਮਿਆਰ ਦੀਆਂ ਮਠਿਆਈਆਂ ਖ਼ਾਣ ਤੋਂ ਬਚਾਇਆ ਜਾ ਸਕੇ।

# ਸੀ ਐਚ ਸੀ ਝਬਾਲ 'ਚ ਸ਼ੁਰੂ ਕੀਤੀ ਸਵੱਛਤਾ ਹੀ ਸੇਵਾ - 2024 ਮੁਹਿੰਮ



ਸਰਾਏ ਅਮਾਨਤ ਖਾਂ, ਝਬਾਲ ( ਮੱਖਣ ਮਨੋਜ)-ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ, ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲਾ ਟੀਕਾਕਰਨ ਅਫਸਰ ਕਮ ਨੋਡਲ ਅਫਸਰ ਸਵੱਛਤਾ ਹੀ ਸੇਵਾ-2024 ਮੁਹਿੰਮ ਡਾਕਟਰ ਵਰਿੰਦਰ ਪਾਲ ਕੌਰ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਐਸ ਐਮ ਓ ਝਬਾਲ ਡਾ. ਮਨਜੀਤ ਸਿੰਘ ਰਟੌਲ ਦੀ ਯੋਗ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਸਵੱਛਤਾ ਦੇ ਪ੍ਰਤੀ ਸੌਂਹ ਚੁੱਕ ਕੇ ਕੀਤੀ ਗਈ। ਡਾ. ਮਨਜੀਤ ਸਿੰਘ ਰਟੌਲ ਨੇ ਦੱਸਿਆ ਕਿ ਹਰ ਸਾਲ ਵਾਂਗ ਇਸ ਸਾਲ ਵੀ ਸਵੱਛਤਾ ਹੀ ਸੇਵਾ-2024 ਪੰਦਰਵਾੜਾ ਮਨਾਇਆ ਜਾਵੇਗਾ। ਇਹ ਮੁਹਿੰਮ 2 ਅਕਤੂਬਰ ਤੱਕ ਚੱਲੇਗੀ ਅਤੇ ਰੋਜ਼ਾਨਾ ਸਿਹਤ ਸੰਸਥਾਵਾਂ ਵਿੱਚ ਸਫਾਈ ਸਬੰਧੀ ਕੋਈ ਨਾ ਕੋਈ ਗਤੀਵਿਧੀ ਚਲਦੀ ਰਹੇਗੀ। ਇਸ ਮੁਹਿੰਮ ਤਹਿਤ ਆਲੇ ਦੁਆਲੇ ਦੀ ਸਫਾਈ, ਸਿਹਤ ਕੇਂਦਰਾਂ ਵਿਚ ਵਾਰਡਾਂ, ਐਮਰਜੈਂਸੀ ਵਿੰਗ, ਲੈਬੋਰੈਟਰੀ, ਬਾਥਰੂਮਾਂ, ਦਫ਼ਤਰ ਵਿੱਚ ਅਲਮਾਰੀਆਂ, ਘਾਹ ਬੂਟੀ ਦੀ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਇਸ ਵਾਰ 'ਸੁਭਾਅ ਸਵੱਛਤਾ ਸੰਸਕਾਰ ਸਵੱਛਤਾ' ਦੇ ਮੰਤਵ ਨਾਲ ਇਸ ਮੁਹਿੰਮ ਨੂੰ ਸਿਹਤ ਕਰਮੀਆਂ ਵੱਲੋਂ ਮਨਾਇਆ ਜਾਵੇਗਾ। ਉਹਨਾਂ ਕਿਹਾ ਚੰਗੀ ਸਿਹਤ ਲਈ ਹਰੇਕ ਵਿਅਕਤੀ ਲਈ ਸਫਾਈ ਜ਼ਰੂਰੀ ਹੈ ਜੇਕਰ ਸਾਡਾ ਆਲਾ ਦੁਆਲਾ ਸਾਫ ਸੁਥਰਾ ਹੋਵੇਗਾ ਤਾਂ ਸਾਡੀ ਸਿਹਤ ਵੀ ਨਰੋਈ ਰਹੇਗੀ। ਉਹਨਾਂ ਦੱਸਿਆ ਕਿ ਸਾਰੇ ਪ੍ਰਾਇਮਰੀ ਹੈਲਥ ਸੈਂਟਰ ਹੈਲਥ ਐਂਡ ਵੈਲਨੈਸ ਸੈਂਟਰ ਅਤੇ ਆਮ ਆਦਮੀ ਕਲੀਨਿਕਾਂ ਵਿੱਚ ਸਿਹਤ ਕਰਮੀਆਂ ਵੱਲੋਂ ਸਵੱਛਤਾ ਹੀ ਸੇਵਾ-2024 ਮੁਹਿੰਮ ਨੂੰ ਮਨਾਇਆ ਜਾਵੇਗਾ। ਸਿਹਤ ਸੰਸਥਾਵਾਂ ਵਿਖੇ ਵਿਸ਼ੇਸ਼ ਸਾਫ ਸਫਾਈ ਮੁਹਿੰਮ ਚਲਾਈ ਜਾਵੇਗੀ। ਸਾਫ ਸਫਾਈ ਦੀਆਂ ਗਤੀਵਿਧੀਆਂ ਤੋਂ ਇਲਾਵਾ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਦੇ ਮੰਤਵ ਨਾਲ ਸੀ ਐਚ ਸੀ ਝਬਾਲ ਵਿਖੇ 'ਇੱਕ ਰੁੱਖ ਮਾਂ ਦੇ ਨਾਮ' ਤਹਿਤ ਬੂਟੇ ਵੀ ਲਗਾਏ ਗਏ। ਇਸ ਮੌਕੇ ਡਾ. ਹਰਪ੍ਰੀਤ ਸਿੰਘ, ਡਾ. ਨੇਹਾ (ਡੈਂਟਲ ) ਹੈਲਥ ਸੁਪਰਵਾਈਜ਼ਰ ਰਾਮ ਰਛਪਾਲ ਧਵਨ, ਗੁਰਵਿੰਦਰ ਸਿੰਘ ਭੋਜੀਆਂ, ਗੁਰਬੀਰ ਸਿੰਘ ਪੰਡੋਰੀ, ਡਾ.ਅਮਨ ਮਹਿਤਾ, ਅਮਨਪ੍ਰੀਤ ਕੌਰ, ਰਮਨਦੀਪ ਕੌਰ, ਅਮਨਦੀਪ ਸਿੰਘ, ਸੁਨੀਲ ਕੁਮਾਰ, ਸੰਤੋਖ ਸਿੰਘ,ਜੁਗਰਾਜ ਸਿੰਘ ਸਮੇਤ ਸਾਰਾ ਸਟਾਫ ਮੌਜੂਦ ਸੀ।00

# ਰੈਗੂਲਰ ਤੇ ਪਾਰਟ ਟਾਈਮ ਕੰਮ ਕਰਨ ਲਈ ਲੜਕੇ/ਲੜਕੀਆਂ ਦੀ ਚੋਣ ਅੱਜ

ਗੁਰਦਾਸਪੁਰ (ਜਨਕ ਮਹਾਜਨ)- ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 20 ਸਤੰਬਰ ਨੂੰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ SBI Credit Card,ICICI Bank, Muthoot Micro Finance Ltd ਗੁਰਦਾਸਪੁਰ ਵੱਲੋਂ **Sales Executive, Relationship officer,** ਬ੍ਰਾਂਚ ਮੈਨੇਜਰ, ਟੈਲੀਕਾਲਰ, ਰਿਲੈਸ਼ਨਸ਼ੀਪ ਮੈਨੇਜਰ ਅਤੇ ਲੋਨ ਪਰੋਵਾਇਡਰ ਨੌਕਰੀ ਲਈ ਕੰਪਨੀ ਵਿੱਚ ਰੈਗੂਲਰ ਅਤੇ ਪਾਰਟ ਟਾਈਮ ਕੰਮ ਕਰਨ ਲਈ ਖਾਲੀ ਅਸਾਮੀਆਂ ਵਾਸਤੇ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਵੱਖ-ਵੱਖ ਅਸਾਮੀਆਂ ਲਈ ਯੋਗਤਾ 10ਵੀਂ, 12ਵੀਂ ਪਾਸ, ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ। ਇਨ੍ਹਾਂ ਕੰਪਨੀਆਂ ਦੇ ਵਿੱਚ ਇੰਟਰਵਿਊ ਦੇਣ ਲਈ ਉਮਰ ਦੀ ਹੱਦ 21 ਤੋਂ 37 ਸਾਲ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਪ੍ਰਾਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵਲੋਂ ਯੋਗਤਾ ਅਨੁਸਾਰ 12000 ਤੋਂ 15000 ਤੱਕ ਸੈਲਰੀ ਦਾ ਪੈਕੇਜ ਦਿੱਤਾ ਜਾਵੇਗਾ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਅੱਜ ਆਪਣੇ ਅਸਲ ਦਸਤਾਵੇਜ਼ ਦੀਆਂ ਕਾਪੀਆਂ, ਰੀਜ਼ੂਮ (ਸੀ.ਵੀ) ਅਤੇ 2 ਫੋਟੋਆਂ ਸਮੇਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ, ਬਲਾਕ-ਬੀ, ਕਮਰਾ ਨੰਬਰ-217 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਵੇਰੇ 9:30 ਵਜੇ ਤੱਕ ਪਹੁੰਚਣ।

# ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ



ਗੁਰਦਾਸਪੁਰ (ਜਨਕ ਮਹਾਜਨ)- ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ ਦੀ ਅਗਵਾਈ ਹੇਠ ਪੁਲਸ ਜ਼ਿਲ੍ਹਾ ਗੁਰਦਾਸਪੁਰ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਦੇ ਚੱਲਦਿਆਂ ਪੁਲਸ ਸਾਂਝ ਕੇਂਦਰ ਗੁਰਦਾਸਪੁਰ ਵਲੋਂ ਐਚ.ਕੇ.ਐਮ.ਵੀ. ਕਾਲਜ ਧਾਰੀਵਾਲ ਵਿਖੇ ਵੱਖ-ਵੱਖ 44 ਸੇਵਾਵਾਂ, ਸ਼ਕਤੀ ਐਪ, ਹੈਲਪ ਲਾਈਨ ਨੰਬਰ 112 ਦੀ ਜਾਣਕਾਰੀ ਦੇਣ ਸਬੰਧੀ ਅਤੇ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਇੰਸਪੈਕਟਰ ਇੰਦਰਬੀਰ ਕੌਰ ਨੇ ਦੱਸਿਆ ਕਿ ਪੁਲਸ ਸਾਂਝ ਕੇਂਦਰ ਵਲੋਂ ਜ਼ਿਲ੍ਹੇ ਭਰ ਵਿੱਚ ਜਾਗਰੂਕਤਾ ਸੈਮੀਨਾਰ ਲਗਾਏ ਜਾ ਰਹੇ ਹਨ ਅਤੇ ਲੋਕਾਂ, ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੁਲਸ ਵਿਭਾਗ ਵੱਲੋਂ ਨਸ਼ਿਆਂ ਦੇ ਖਾਤਮੇ ਲਈ 'ਮਿਸ਼ਨ ਨਿਸ਼ਚੇ' ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੁਲਸ ਵਲੋਂ ਸਰਹੱਦੀ ਪਿੰਡਾਂ ਵਿੱਚ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਜਿੱਥੇ ਨਸ਼ੇ ਦੀ ਗ੍ਰਿਫਤ 'ਚ ਆਏ ਵਿਅਕਤੀਆਂ ਦਾ ਮੁਫਤ ਇਲਾਜ ਕੀਤੀ ਜਾ ਰਿਹਾ ਹੈ, ਉਥੇ ਇਨ੍ਹਾਂ ਨੌਜਵਾਨਾਂ ਦੇ ਪੁਨਰਵਾਸ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਲਗਾਤਾਰ ਜਾਰੀ ਰਹੇਗੀ।

# ਡੀ ਏ ਵੀ ਪਬਲਿਕ ਸਕੂਲ ਅੱਗੇ ਲੱਗਾ ਧਰਨਾ ਪ੍ਰਿੰਸੀਪਲ ਦੇ ਭਰੋਸੇ ਮਗਰੋਂ 26 ਤੱਕ ਮੁਲਤਵੀ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਬੈਨਰ ਹੇਠ ਡੀ ਏ ਵੀ ਪਬਲਿਕ ਸਕੂਲ ਭਿੱਖੀਵਿੰਡ ਅੱਗੇ ਲੱਗਾ ਧਰਨਾ ਪ੍ਰਿੰਸੀਪਲ ਪਰਮਜੀਤ ਕੁਮਾਰ ਵੱਲੋਂ ਭਰੋਸਾ ਦੇਣ ਮਗਰੋਂ 26 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਤਰਸੇਮ ਸਿੰਘ ਕਲਸੀਆਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ, ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਤੋਂ ਬਿੱਕਰ ਸਿੰਘ ਬਾਈ ਤੇ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਦੱਸਿਆ ਕਿ ਡੀ ਏ ਵੀ ਪਬਲਿਕ ਸਕੂਲ ਭਿੱਖੀਵਿੰਡ ਦੇ ਪ੍ਰਿੰਸੀਪਲ ਵੱਲੋਂ ਆਊਟਸੋਰਸਿੰਗ ਮੁਲਾਜ਼ਮਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਖ਼ਿਲਾਫ਼ ਬੀਤੇ ਚਾਰ ਦਿਨ ਤੋਂ ਚੱਲ ਰਿਹਾ ਧਰਨਾ ਅੱਜ ਪ੍ਰਿੰਸੀਪਲ ਪਰਮਜੀਤ ਕੁਮਾਰ ਵੱਲੋਂ ਭਰੋਸਾ ਦੇਣ ਮਗਰੋਂ 26 ਸਤੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਪ੍ਰਿੰਸੀਪਲ ਪਰਮਜੀਤ ਕੁਮਾਰ ਨੇ ਧਰਨੇ 'ਤੇ ਬੈਠੇ ਮੁਲਾਜ਼ਮਾਂ ਦੀ ਮੀਟਿੰਗ ਡੀ ਏ ਵੀ ਮੈਨੇਜਿੰਗ ਕਮੇਟੀ ਦਿੱਲੀ ਦੇ ਉੱਚ ਅਧਿਕਾਰੀਆਂ ਨਾਲ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਿੰਸੀਪਲ 26 ਸਤੰਬਰ ਤੱਕ ਮੁਲਾਜ਼ਮਾਂ ਦੀਆਂ ਮੰਗਾਂ ਦਾ ਸਾਰਥਕ ਹੱਲ ਨਹੀਂ ਕੱਢਦੇ ਤਾਂ 27 ਸਤੰਬਰ ਤੋਂ ਸਕੂਲ ਅੱਗੇ ਵਿਸ਼ਾਲ ਧਰਨਾ ਲਗਾਇਆ ਜਾਵੇਗਾ। ਇਸ ਮੌਕੇ ਸੁੱਚਾ ਸਿੰਘ ਵੀਰਮ, ਗੁਰਜੀਤ ਸਿੰਘ, ਸੱਜਣ ਸਿੰਘ, ਬਲਜਿੰਦਰ ਸਿੰਘ ਫੌਜੀ, ਰਣਜੀਤ ਸਿੰਘ, ਹਰਪ੍ਰੀਤ ਸਿੰਘ ਆਦਿ ਆਗੂਆਂ ਸਮੇਤ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਡੀ ਏ ਪੀ ਦੀ ਕਿੱਲਤ 'ਚ ਕਿਸਾਨ ਜਥੇਬੰਦੀ ਦਾ ਵਫਦ ਖੇਤੀਬਾੜੀ ਅਫਸਰ ਨੂੰ ਮਿਲਿਆ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਡੀ ਏ ਪੀ ਤੇ ਯੂਰੀਆ ਖਾਦ ਦੀ ਕਿੱਲਤ ਤੇ ਕੀੜੇਮਾਰ ਦਵਾਈਆਂ ਵੇਚਣ ਦੀ ਆੜ ਵਿੱਚ ਕਿਸਾਨਾਂ ਦੀ ਹੋ ਰਹੀ ਲੁੱਟ ਨੂੰ ਲੈ ਕੇ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਪੰਜਾਬ ਦਾ ਵਫਦ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਦੀ ਅਗਵਾਈ ਹੇਠ ਖੇਤੀਬਾੜੀ ਬਲਾਕ ਅਫਸਰ ਡਾ. ਭੁਪਿੰਦਰ ਸਿੰਘ ਨੂੰ ਮਿਲਿਆ। ਇਸ ਮੌਕੇ ਖਾਦ ਦਵਾਈਆਂ ਵੇਚਣ ਵਾਲੇ ਦੁਕਾਨਦਾਰਾਂ ਤੇ ਡੀਲਰਾਂ ਹੱਥੋਂ ਕਿਸਾਨਾਂ ਦੀ ਹੋ ਰਹੀ ਲੁੱਟ ਨੂੰ ਰੋਕਣ ਲਈ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਮੌਕੇ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਨਵੇਂ-ਨਵੇਂ ਖੇਤੀ ਮਾਰੂ ਕਾਨੂੰਨ ਲਿਆ ਕੇ ਕਿਸਾਨਾਂ ਤੋਂ ਜਬਰੀ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਉਤਾਵਲੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਕਟਾਈ ਤੋਂ ਬਾਅਦ ਮਟਰ, ਕਣਕ ਦੀ ਬਿਜਾਈ ਸ਼ੁਰੂ ਹੋਣ ਜਾ ਰਹੀ ਹੈ। ਜਿਸ ਦੀਆਂ ਤਿਆਰੀਆਂ ਲਈ ਕਿਸਾਨਾਂ ਨੂੰ ਡੀ ਏ ਪੀ ਤੇ ਯੂਰੀਆ ਖਾਦ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਪਰੰਤੂ ਖਾਦ ਤੇ ਕੀੜੇਮਾਰ ਦਵਾਈਆਂ ਵੇਚਣ ਵਾਲੇ ਡੀਲਰਾਂ ਵੱਲੋਂ ਡੀ ਏ ਪੀ ਯੂਰੀਆ ਖਾਦ ਦੀ ਕਿੱਲਤ ਦੱਸ ਕੇ ਜਿਥੇ ਵੱਧ ਰੇਟ 'ਤੇ ਡੀ ਏ ਪੀ ਤੇ ਯੂਰੀਆ ਖਾਦ ਵੇਚੀ ਜਾ ਰਹੀ ਹੈ, ਉਥੇ ਹੀ ਖਾਦ ਵੇਚਣ ਦੇ ਨਾਲ ਸਲਫਰ ਬਾਇਓ ਤੇ ਹੋਰ ਪ੍ਰੋਡੈਕਟ ਜਿਨ੍ਹਾਂ ਦੀ ਕਿਸਾਨਾਂ ਨੂੰ ਲੋੜ ਹੀ ਨਹੀਂ, ਜਬਰੀ ਵੇਚ ਕੇ ਕਿਸਾਨਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।

ਸੂਬਾ ਪ੍ਰਧਾਨ ਕੋਟ ਬੁੱਢਾ ਨੇ ਸੂਬਾ ਸਰਕਾਰ ਤੇ ਖੇਤੀਬਾੜੀ ਵਿਭਾਗ ਪਾਸੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਡੀ ਏ ਪੀ ਤੇ ਯੂਰੀਆ ਖਾਦ ਨਿਰਧਾਰਤ ਰੇਟਾਂ 'ਤੇ ਮੁਹਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਦੀ ਲੁੱਟ ਵੱਲ ਸੂਬਾ ਸਰਕਾਰ ਤੇ ਪ੍ਰਸ਼ਾਸਨ ਨੇ ਕੋਈ ਧਿਆਨ ਨਾ ਦਿੱਤਾ ਤਾਂ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।

# ਸਰਹੱਦੀ ਇਲਾਕੇ ਦੇ ਲੋਕ ਸਰਹੱਦਾਂ ਦੀ ਰਾਖੀ 'ਚ ਅਹਿਮ ਰੋਲ ਅਦਾ ਕਰਦੇ : ਡਿਪਟੀ ਕਮਿਸ਼ਨਰ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਉਮਾ ਸ਼ੰਕਰ ਗੁਪਤਾ ਡਿਪਟੀ ਕਮਿਸ਼ਨਰ ਵੱਲੋਂ ਪਿੰਡਾਂ ਵਿੱਚ ਬਣੀਆਂ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਨਾਲ ਵਿਲੇਜ ਡਿਫੈਂਸ ਕਮੇਟੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਕਮੇਟੀ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਐੱਸ.ਐੱਸ.ਪੀ ਗੁਰਦਾਸਪੁਰ ਹਰੀਸ਼ ਦਾਯਮਾ,ਐੱਸ.ਐੱਸ.ਪੀ. ਬਟਾਲਾ ਸੁਹੇਲ ਕਾਸਿਮ ਮੀਰ, ਏ.ਡੀ.ਸੀ.(ਜ) ਸੁਰਿੰਦਰ ਸਿੰਘ ਅਤੇ ਏ.ਡੀ.ਸੀ (ਡੀ) ਗੁਰਪ੍ਰੀਤ ਸਿੰਘ ਗਿੱਲ ਆਦਿ ਮੌਜੂਦ ਸਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਹੱਦੀ ਇਲਾਕੇ ਦੇ ਲੋਕ ਸਰਹੱਦਾਂ ਦੀ ਰਾਖੀ ਵਿੱਚ ਅਹਿਮ ਰੋਲ ਅਦਾ ਕਰਦੇ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਇਕ ਟੀਮ ਦੀ ਤਰ੍ਹਾਂ ਸਹਿਯੋਗ ਕਰਦੇ ਹਨ, ਜੋ ਸ਼ਲਾਘਾਯੋਗ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ 25 ਸਤੰਬਰ ਨੂੰ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਡੇਰਾ ਬਾਬਾ ਨਾਨਕ ਵਿਖੇ ਪਹੁੰਚਣਗੇ ਅਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੀਟਿੰਗ ਕਰਨਗੇ। ਕਮੇਟੀ ਮੈਂਬਰਾਂ ਨਾਲ ਸਰਹੱਦੀ ਏਰੀਏ ਦੇ ਵਿਕਾਸ ਅਤੇ ਵਿਲੇਜ ਡਿਫੈਂਸ ਕਮੇਟੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਗੱਲਬਾਤ ਕਰਨਗੇ। ਇਸ ਮੌਕੇ ਐੱਸ.ਐੱਸ.ਪੀ ਗੁਰਦਾਸਪੁਰ ਅਤੇ ਬਟਾਲਾ ਵਲੋਂ ਵੀ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਨ੍ਹਾਂ ਕਮੇਟੀਆਂ ਦੀ ਬਹੁਤ ਮਹੱਤਤਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਿਲੇਜ ਡਿਫੈਂਸ ਕਮੇਟੀ ਮੈਂਬਰਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ।

20-SEP-PAGE-12.qxd 9/19/2024 11:22 PM Page 1



# ਕਾਂਗਰਸ ਨੇ ਬਲਾਚੌਰ ਵਿਖੇ ਮੋਦੀ ਤੇ ਬਿੱਟੂ ਦਾ ਪੁਤਲਾ ਫੂਕਿਆ



**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ ਅਨੁਸਾਰ ਰਾਹੁਲ ਗਾਂਧੀ ਖਿਲਾਫ ਕੀਤੀ ਭੱਦੀ ਸ਼ਬਦਾਵਲੀ ਦੇ ਸੰਬੰਧ ਵਿੱਚ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਬਲਾਚੌਰ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਫੂਕਿਆ ਗਿਆ।ਇਸ ਵਿੱਚ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਨਰਿੰਦਰ ਮੋਦੀ ਸਰਕਾਰ ਦੀ ਸਰਕਾਰ ਦੀ ਨਿੰਦਾ ਕੀਤੀ।ਕਾਂਗਰਸੀ ਵਰਕਰਾਂ ਨੇ ਨਰਿੰਦਰ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਅਤੇ ਕਿਹਾ ਕਿ ਜੇਕਰ ਅੱਗੇ ਤੋਂ ਰਵਨੀਤ ਸਿੰਘ ਬਿੱਟੂ ਵਰਗੇ ਕਿਸੇ ਵੀ ਲੀਡਰ ਨੇ ਰਾਹੁਲ ਗਾਂਧੀ ਦੇ ਬਾਰੇ ਕੁਝ ਵੀ ਅਪਸ਼ਬਦ ਬੋਲੇ ਤਾਂ ਕਾਂਗਰਸ ਪਾਰਟੀ ਦੇ ਵਰਕਰ ਇਸ ਗੱਲ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਧਰਮਪਾਲ ਚੇਅਰਮੈਨ ਬਲਾਕ ਸੰਮਤੀ ਬਲਾਚੌਰ, ਹਰਜੀਤ ਸਿੰਘ ਜਾਡਲੀ ਮੈਂਬਰ ਡੀ ਸੀ ਸੀ, ਰਾਜਿੰਦਰ ਸਿੰਘ ਸ਼ਿੰਦੀ ਦਫਤਰ ਸੱਕਤਰ ਡੀ ਸੀ ਸੀ, ਅਵਤਾਰ ਸਿੰਘ ਸਰਪੰਚ ਅਤੇ ਬਲਾਕ ਪ੍ਰਧਾਨ ਓ ਬੀ ਸੀ ਬਲਾਚੌਰ, ਨਵੀਨ ਆਦੋਆਣਾਂ ਓ ਬੀ ਸੀ ਕੋਆਰਡੀਨੇਟਰ ਪੰਜਾਬ, ਨਰੇਸ਼ ਚੇਚੀ ਕੌਂਸਲਰ, ਗੁਰਮੇਲ ਸਿੰਘ ਸਰਪੰਚ, ਮਨੋਹਰ ਲਾਲ ਆਦੋਆਣਾਂ, ਬੋਬੀ ਰਾਣਾਂ ਕੌਂਸਲਰ, ਸੋਮਨਾਥ ਤਕਲਾ ਮੀਤ ਪ੍ਰਧਾਨ ਬਲਾਚੌਰ ਕਮੇਟੀ, ਦਿਨੇਸ਼ ਬੈਂਸ, ਪਵਨ ਕੁਮਾਰ ਪੱਪੂ, ਦਿਨੇਸ਼ ਕੁਮਾਰ, ਰਿੱਕੀ ਬਜਾਜ ਖ਼ਜ਼ਾਨਚੀ ਡੀ ਸੀ ਸੀ, ਨਰੇਸ਼ ਚੇਚੀ, ਅਜੀਤਪਾਲ ਸੰਹੂਗੜਾ ਮੈਂਬਰ ਬੀ ਸੀ ਬੀ, ਹੈਰੀ, ਗੁਰਿੰਦਰ ਸਿੰਘ ਗਿੰਦੀ, ਬਹਾਦੁਰ ਸਿੰਘ, ਆਦਿ ਹਾਜ਼ਰ ਸਨ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਕਲਸਟਰ ਵਾਲੀਬਾਲ ਟੂਰਨਾਮੈਂਟ ਦਾ ਆਗਾਜ਼



**ਸੁਲਤਾਨਪੁਰ ਲੋਧੀ, (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ 18ਵਾਂ ਸੀ ਬੀ ਐਸ ਸੀ ਕਲੱਸਟਰ ਵਾਲੀਬਾਲ (ਲੜਕੀਆਂ) ਅੰਡਰ-14, ਅੰਡਰ-17 ਅਤੇ ਅੰਡਰ-19 ਟੂਰਨਾਮੈਂਟ ਦਾ ਆਯੋਜਨ ਸਕੂਲ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਹੇਠ ਧੂਮ-ਧਾਮ ਨਾਲ ਕੀਤਾ ਗਿਆ।ਇਸ ਦੌਰਾਨ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਬਤੌਰ ਮੁੱਖ ਮਹਿਮਾਨ ਅਤੇ ਸੀ ਬੀ ਐਸ ਸੀ ਓਬਜ਼ਰਵਰ ਸੰਜੀਵ ਗਾਂਧੀ ਅਤੇ ਪ੍ਰਿੰਸੀਪਲ ਪ੍ਰਬਦੀਪ ਮੌਂਗਾ ਆਰ ਸੀ ਐਫ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਟੂਰਨਾਮੈਂਟ 'ਚ ਜੰਮੂ, ਜਲੰਧਰ, ਕਪੂਰਥਲਾ, ਅੰਮ੍ਰਿਤਸਰ, ਲੁਧਿਆਣਾ, ਹੁਸ਼ਿਆਰਪੁਰ, ਫਰੀਦਕੋਟ ਅਤੇ ਗੁਰਦਾਸਪੁਰ ਦੀਆਂ ਟੀਮਾਂ ਬੜੇ ਉਤਸ਼ਾਹ ਨਾਲ ਭਾਗ ਲਿਆ।ਪ੍ਰਿੰਸੀਪਲ ਰੇਨੂੰ ਅਰੋੜਾ, ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੇ ਪਹੁੰਚੇ ਮਹਿਮਾਨਾਂ ਦਾ ਜ਼ੋਰਦਾਰ ਸਵਾਗਤ ਕੀਤਾ। ਇਸ ਦੌਰਾਨ ਟੀਮਾਂ ਦੇ ਖਿਡਾਰੀਆਂ ਵੱਲੋਂ ਸਪੋਰਟਸਮੈਨਸ਼ਿਪ ਦੀ ਸੌਂਹ ਲਈ ਗਈ।ਉਦਘਾਟਨੀ ਸਮਾਗਮ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਇੰਜੀਨੀਅਰ ਹਰਨਿਆਮਤ ਕੌਰ ਨੇ ਖਿਡਾਰੀਆਂ ਨੂੰ ਖੇਲ ਭਾਵਨਾ ਨਾਲ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਦੋ-ਦੋ ਪੁਲਸ ਚੌਕੀਆਂ ਹੋਣ ਦੇ ਬਾਵਜੂਦ ਸੁਰੱਖਿਆ ਤੋਂ ਸੱਖਣਾ ਹੈ ਕਿਸ਼ਨਗੜ੍ਹ ਚੌਕ

### ਥਾਣਿਆਂ ਦੀ ਹੱਦਬੰਦੀ ਕਾਰਨ ਪੇਸ਼ ਆ ਰਹੀਆਂ ਨੇ ਮੁਸ਼ਕਲਾਂ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਜਲੰਧਰ-ਪਠਾਨਕੋਟ ਹਾਈਵੇ 'ਤੇ ਸਥਿਤ ਅੱਡਾ ਕਿਸ਼ਨਗੜ੍ਹ ਜੋ ਕਿ ਆਵਾਜਾਈ ਅਤੇ ਹੋਰ ਸੁੱਖ ਸਹੂਲਤਾਂ ਇਲਾਕੇ ਦੇ ਲੋਕਾਂ ਨੂੰ ਦੇ ਰਿਹਾ ਹੈ। ਪ੍ਰੰਤੂ ਅੱਡੇ ਨੂੰ ਦੋ ਥਾਣਿਆਂ ਦੀਆਂ ਦੋ-ਦੋ ਪੁਲਸ ਚੌਕੀਆਂ ਪੈਣ ਦੇ ਬਾਵਜੂਦ ਵੀ ਆਪਣੀ ਸੁਰੱਖਿਆ ਰੱਬ ਆਸਰੇ ਹੀ ਛੱਡਣੀ ਪੈ ਰਹੀ ਹੈ, ਕਿਉਂਕਿ ਜਦ ਕੁਝ ਸਾਲ ਪਹਿਲਾਂ ਥਾਣਿਆਂ ਦੀ ਨਵੀਂ ਹੱਦਬੰਦੀ ਹੋਈ ਸੀ ਤਾਂ ਕਿਸ਼ਨਗੜ੍ਹ ਪਿੰਡ ਨੂੰ ਥਾਣਾ ਭੋਗਪੁਰ ਤੋਂ ਵੱਖ ਕਰਕੇ ਥਾਣਾ ਕਰਤਾਰਪੁਰ ਵਿੱਚ ਸ਼ਾਮਲ ਕਰ ਦਿੱਤਾ ਸੀ।ਨਵੀਂ ਹੱਦਬੰਦੀ ਕਾਰਨ ਕਿਸ਼ਨਗੜ੍ਹ ਪਿੰਡ ਤਾਂ ਥਾਣਾ ਕਰਤਾਰਪੁਰ ਪੁਲਸ ਚੌਕੀ ਕਿਸ਼ਨਗੜ੍ਹ ਵਿੱਚ ਪੈ ਗਿਆ, ਪ੍ਰੰਤੂ ਕਿਸ਼ਨਗੜ੍ਹ ਅੱਡਾ ਜੋ ਕਿ ਨੈਸ਼ਨਲ ਹਾਈਵੇ 'ਤੇ ਪੈਂਦਾ ਹੈ, ਉਸ ਨੂੰ ਨਵੀਂ ਹੱਦਬੰਦੀ ਮੁਤਾਬਕ ਆਦਮਪੁਰ ਥਾਣਾ ਨਾਲ ਜੋੜ ਦਿੱਤਾ ਅਤੇ ਕਿਸ਼ਨਗੜ੍ਹ ਅੱਡਾ ਪੁਲਸ ਚੌਕੀ ਅਲਾਵਲਪੁਰ ਅਧੀਨ ਆ ਗਿਆ।ਜਦਕਿ ਪੁਲਸ ਚੌਕੀ ਕਿਸ਼ਨਗੜ੍ਹ ਅੱਡੇ ਤੋਂ ਕੁਝ ਹੀ ਮੀਟਰ ਦੀ ਦੂਰੀ 'ਤੇ ਸਥਿਤ ਹੈ।ਜਦਕਿ ਪੁਲਸ ਚੌਕੀ ਅਲਾਵਲਪੁਰ ਕਿਸ਼ਨਗੜ੍ਹ ਅੱਡੇ ਤੋਂ ਚਾਰ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪੁਲਸ ਚੌਕੀ ਕਿਸ਼ਨਗੜ੍ਹ ਦੀ ਹੱਦ ਕਿਸ਼ਨਗੜ੍ਹ-ਕਰਤਾਰਪੁਰ ਰੋਡ 'ਤੇ ਪੈਂਦੀਆਂ ਚਾਰ ਪੰਜ ਦੁਕਾਨਾਂ ਛੱਡ ਕੇ ਸ਼ੁਰੂ ਹੁੰਦੀ ਹੈ, ਜਿਸ ਕਾਰਨ ਚੌਕੀ ਦੇ ਮੁਲਾਜ਼ਮ ਅੱਡਾ ਕਿਸ਼ਨਗੜ੍ਹ ਵਿੱਚ ਡਿਊਟੀ ਨਹੀਂ ਕਰਦੇ ਅਤੇ ਪੁਲਸ ਚੌਕੀ ਅਲਾਵਲਪੁਰ ਚਾਰ ਤੋਂ ਪੰਜ ਕਿਲੋਮੀਟਰ ਦੂਰੀ 'ਤੇ ਸਥਿਤ ਹੋਣ ਕਾਰਨ ਇਥੋਂ ਦੇ ਮੁਲਾਜ਼ਮ ਦਿਨ 'ਚ ਕਿਤੇ ਇੱਕ ਅੱਧਾ ਗੇੜਾ ਮਾਰ ਲੈਣ ਜਾਂ ਉਹ ਆਉਂਦੇ ਹੀ ਨਹੀਂ ਜੇ ਆਉਂਦੇ ਵੀ ਹਨ ਤਾਂ ਕੁਝ ਹੀ ਮਿੰਟਾਂ 'ਚ ਵਾਪਸ ਚਲੇ ਜਾਂਦੇ ਹਨ। ਜਿਸ ਕਾਰਨ ਅੱਡੇ ਦੀ ਸੁਰੱਖਿਆ ਰੱਬ ਆਸਰੇ ਹੀ ਚੱਲਦੀ ਹੈ।ਦੂਸਰੀ ਗੱਲ ਇਹ ਹੈ ਕਿ ਇਸ ਚੌਕ ਰਾਹੀਂ ਅਲਾਵਲਪੁਰ-ਆਦਮਪੁਰ-ਹੁਸ਼ਿਆਰਪੁਰ, ਕਰਤਾਰਪੁਰ-ਅੰਮ੍ਰਿਤਸਰ-ਬਿਆਸ ਹੁਸ਼ਿਆਰਪੁਰ-ਹਿਮਾਚਲ-ਪ੍ਰਦੇਸ਼, ਜਲੰਧਰ ਤੋਂ ਪਠਾਨਕੋਟ ਅਤੇ ਪਠਾਨਕੋਟ ਤੋਂ ਜਲੰਧਰ ਨੂੰ ਆਵਾਜਾਈ ਚਲਦੀ ਹੈ।ਸਾਰੇ ਪਾਸਿਆਂ ਨੂੰ ਆਵਾਜਾਈ ਜਿਆਦਾ ਹੋਣ ਕਾਰਨ ਇਸ ਚੌਕ ਵਿੱਚ ਰੋਜ਼ਾਨਾ ਹੀ ਜਾਮ ਲੱਗਾ ਰਹਿੰਦਾ ਹੈ।ਪੁਲਸ ਚੌਕੀ ਕਿਸ਼ਨਗੜ੍ਹ ਦੇ ਮੁਲਾਜ਼ਮਾ ਹੱਦਬੰਦੀ ਕਾਰਨ ਚੌਕ 'ਚ ਆਉਂਦੇ ਹੀ ਨਹੀਂ।ਪ੍ਰੰਤੂ ਅਲਾਵਲਪੁਰ ਪੁਲਸ ਚੌਕੀ ਦੂਰ ਹੋਣ ਕਾਰਨ ਅਤੇ ਜਾਮ ਬਾਰੇ ਦੇਰੀ ਨਾਲ ਪਤਾ ਲੱਗਣ ਕਾਰਨ ਜਲੰਧਰ, ਭੋਗਪੁਰ, ਅਲਾਵਲਪੁਰ, ਆਦਮਪੁਰ ਤੇ ਕਰਤਾਰਪੁਰ ਵਾਲੀਆਂ ਸਾਈਡਾਂ 'ਤੇ ਗੱਡੀਆਂ ਦੀਆਂ ਵੱਡੀਆਂ ਲਾਈਨਾਂ ਲੱਗ ਜਾਂਦੀਆਂ ਹਨ ਜਿਸ ਕਾਰਨ ਰਾਹਗੀਰਾਂ, ਆਮ ਲੋਕਾਂ ਤੇ ਦੁਕਾਨਦਾਰਾਂ ਨੂੰ ਰੋਜ਼ਾਨਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਹ ਜਾਮ ਜੋ ਕਿ ਕਈ ਕਈ ਘੰਟੇ ਨਹੀਂ ਖੁੱਲ੍ਹਦਾ। ਦੂਸਰਾ ਹਾਈਵੇ 'ਤੇ ਕੁਝ ਹੀ ਮੀਟਰਾਂ ਦੀ ਦੂਰੀ 'ਤੇ ਥਾਣਿਆਂ ਦੀ ਹੱਦ ਬਦਲ ਜਾਂਦੀ ਹੈ।ਹਾਈਵੇ ਦਾ ਕੁਝ ਹਿੱਸਾ ਥਾਣਾ ਕਰਤਾਰਪੁਰ, ਕੁਝ ਹਿੱਸਾ ਥਾਣਾ ਆਦਮਪੁਰ ਅਤੇ ਕੁਝ ਹਿੱਸਾ ਥਾਣਾ ਮਕਸੂਦਾਂ ਦੇ ਅਧੀਨ ਆਉਂਦਾ ਹੈ।ਜਦੋਂ ਕਿਤੇ ਹਾਈਵੇ 'ਤੇ ਕੋਈ ਸੜਕ ਦੁਰਘਟਨਾ ਵਾਪਰ ਜਾਵੇ ਤਾਂ ਥਾਣਿਆਂ ਦੀ ਹੱਦਬੰਦੀ ਕਾਰਨ ਨੇੜੇ ਹੀ ਪੁਲਸ ਚੌਕੀ ਹੋਣ ਦੇ ਬਾਵਜੂਦ ਵੀ ਦੂਰ ਤੋਂ ਥਾਣਾ ਮਕਸੂਦਾ ਜਾਂ ਅਲਾਵਲਪੁਰ ਚੌਕੀ ਤੋਂ ਪੁਲਸ ਮੁਲਾਜ਼ਮਾਂ ਨੂੰ ਆਉਣਾ ਪੈਂਦਾ ਹੈ। ਜਿਸ ਕਾਰਨ ਦੁਰਘਟਨਾ ਦਾ ਸ਼ਿਕਾਰ ਹੋਏ ਲੋਕ ਵੱਡੀ ਸਮੱਸਿਆ ਦਾ ਸਾਹਮਣਾ ਕਰਦੇ ਹਨ।ਇਲਾਕੇ ਦੇ ਮੋਹਤਵਾਰ ਲੋਕਾਂ, ਆਮ ਜਨਤਾ ਅਤੇ ਅੱਡੇ ਦੇ ਦੁਕਾਨਦਾਰਾਂ ਦੀ ਪ੍ਰਸ਼ਾਸਨ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਹੈ ਕਿ ਇਸ ਅੱਡੇ ਦੀ ਹੱਦਬੰਦੀ ਨੂੰ ਦਰੁੱਸਤ ਕਰਕੇ ਨੇੜਲੇ ਥਾਣੇ ਅਤੇ ਪੁਲਸ ਚੌਕੀ 'ਚ ਪਾਇਆ ਜਾਵੇ।

# ਚੌਂਕੀ ਇੰਚਾਰਜ ਡਿਊਟੀ 'ਚ ਅਣਗਹਿਲੀ ਕਰਨ 'ਤੇ ਮੁਅੱਤਲ

**ਜਲੰਧਰ (ਸ਼ੈਲੀ ਐਲਬਰਟ)**- ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਇੱਕ ਵੱਡੀ ਕਾਰਵਾਈ ਕਰਦਿਆਂ, ਜਲੰਧਰ ਦਿਹਾਤੀ ਪੁਲਸ ਨੇ ਡਿਊਟੀ ਵਿੱਚ ਕੁਤਾਹੀ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੇ ਪੰਜ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ।ਇਹ ਕਾਰਵਾਈ ਪੁਲਸ ਦੀ ਅਣਗਹਿਲੀ ਅਤੇ ਲਾਪਰਵਾਹੀ, ਖਾਸ ਤੌਰ 'ਤੇ ਅਲਾਵਲਪੁਰ ਚੌਕੀ ਦੇ ਅਧਿਕਾਰ ਖੇਤਰ ਦੇ ਅੰਦਰ ਵਾਰ-ਵਾਰ ਜਨਤਕ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ, ਜੋ ਕਿ ਵੱਖ-ਵੱਖ ਥਾਣਿਆਂ ਵਿੱਚ ਤਾਇਨਾਤ ਸਨ, ਦੀ ਪਛਾਣ ਏ ਐਸ ਆਈ ਅਵਤਾਰ ਸਿੰਘ, ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ, ਕਾਂਸਟੇਬਲ ਆਰੀਅਨਪ੍ਰੀਤ ਸਿੰਘ ਅਤੇ ਏ ਐਸ ਆਈ/ਐਲਆਰ ਜਸਵਿੰਦਰ ਸਿੰਘ ਵਜੋਂ ਹੋਈ ਹੈ।ਜਾਣਕਾਰੀ ਦਿੰਦੇ ਹੋਏ ਸੀਨੀਅਰ ਪੁਲਸ ਕਪਤਾਨ (ਐਸ.ਐਸ.ਪੀ.) ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਵਿਭਾਗ ਨੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਆਪਣੀ ਡਿਊਟੀ ਨਿਭਾਉਣ ਵਿੱਚ ਅਸਫਲ ਰਹਿਣ ਲਈ ਸਖ਼ਤ ਕਾਰਵਾਈ ਕੀਤੀ ਹੈ, ਜਿਸ ਕਾਰਨ ਕਈ ਜਨਤਕ ਸ਼ਿਕਾਇਤਾਂ ਆਈਆਂ, ਜਿਸ ਕਾਰਨ ਲੋਕਾਂ ਵਿੱਚ ਬੇਚੈਨੀ ਪੈਦਾ ਹੋਈ ਹੈ।ਪੁਲਸ ਦੁਆਰਾ ਲਾਪਰਵਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ । ਅਲਾਵਲਪੁਰ ਚੌਕੀ ਦੇ ਇੰਚਾਰਜ ਏ ਐਸ ਆਈ ਰਜਿੰਦਰ ਕੁਮਾਰ ਐਨ ਡੀ ਪੀ ਐਸ ਐਕਟ ਨਾਲ ਸਬੰਧਤ ਇੱਕ ਨਾਜ਼ੁਕ ਮਾਮਲੇ ਨੂੰ ਲੈ ਕੇ ਜਾਂਚ ਦੇ ਘੇਰੇ ਵਿੱਚ ਆਏ ਸਨ।ਥਾਣਾ ਲੋਹੀਆਂ ਵਿਖੇ ਤਾਇਨਾਤ ਏ ਐਸ ਆਈ ਅਵਤਾਰ ਸਿੰਘ ਨੂੰ ਪਿੰਡ ਪਿੱਪਲੀ ਵਿਖੇ ਜ਼ਮੀਨੀ ਵਿਵਾਦ ਨੂੰ ਧਿਆਨ ਨਾਲ ਨਾ ਹੱਲ ਕਰਨ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ। ਥਾਣਾ ਭੋਗਪੁਰ ਵਿਖੇ ਤਾਇਨਾਤ ਏ ਐਸ ਆਈ ਜਸਵਿੰਦਰ ਸਿੰਘ ਨੂੰ ਇੱਕ ਝਗੜੇ ਦੇ ਮਾਮਲੇ ਨੂੰ ਮਾੜੇ ਢੰਗ ਨਾਲ ਨਜਿੱਠਣ ਕਾਰਨ ਮੁਅੱਤਲ ਕੀਤਾ ਗਿਆ ਹੈ।

ਕਾਂਸਟੇਬਲ ਬਿਕਰਮਜੀਤ ਸਿੰਘ, ਸੀਨੀਅਰ ਕਾਂਸਟੇਬਲ ਭੁਪਿੰਦਰ ਸਿੰਘ ਅਤੇ ਕਾਂਸਟੇਬਲ ਆਰੀਅਨਪ੍ਰੀਤ ਸਿੰਘ ਨੂੰ ਲੰਬੇ ਸਮੇਂ ਲਈ ਵਾਰ-ਵਾਰ ਅਣਅਧਿਕਾਰਤ ਗੈਰਹਾਜ਼ਰ ਰਹਿਣ ਕਾਰਨ ਮੁਅੱਤਲ ਕਰ ਦਿੱਤਾ ਗਿਆ ਹੈ।

## ਪੈਨਸ਼ਨ ਯੂਨੀਆਨ ਦੇ 65-70 ਦੀ ਉਮਰ ਪੂਰੀ ਕਰਨ ਵਾਲੇ 4 ਸਾਥੀਆਂ ਨੂੰ ਕੀਤਾ ਸਨਮਾਨਤ



**ਮੇਹਟਿਆਣਾ, ਜਲੰਧਰ (ਜਗਤਾਰ ਸਿੰਘ ਭੁੰਗਰਨੀ/ਰਾਜੇਸ਼ ਥਾਪਾ)** ਜਿਲ੍ਹਾ ਜਲੰਧਰ ਪੰਜਾਬ ਪੈਨਸ਼ਨ ਯੂਨੀਆਨ ਦੀ ਮਾਹੀਨਾਵਾਰ ਮੀਟਿੰਗ ਕਾਮਰੇਡ ਜਸਵੰਤ ਸਿੰਘ ਸਮਰਾ ਯਦਗਾਰ ਹਾਲ ਜਲੰਧਰ ਵਿਖੇ ਅਵਤਾਰ ਸਿੰਘ ਤਾਰੀ ਅਤੇ ਜਗਤਾਰ ਸਿੰਘ ਭੁੰਗਰਨੀ ਦੀ ਪ੍ਰਧਾਨਗੀ ਹੇਠ ਕੀਤੀ ਗਈ।ਜਿਲ੍ਹਾ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਕਾਰ ਵੱਲੋਂ ਪੈਟਰੋਲ ਡੀਜਲ, ਬੱਸ ਕਰਾਇਆਂ ਵਿੱਚ ਬੇਤਹਾਸ਼ਾ ਵਾਧੇ ਅਤੇ ਸਰਕਾਰ ਵਲੋਂ 3 ਸਤੰਬਰ ਨੂੰ ਆਪਣੇ ਹੱਕ ਮੰਗਦੇ ਪੈਨਸ਼ਨਰ ਅਤੇ ਮੁਲਾਜ਼ਮ ਲੀਡਰਾਂ ਤੇ ਚੰਡੀਗੜ੍ਹ ਪੁਲਸ ਵੱਲੋਂ ਪਰਚੇ ਦਰਜ ਕਰਨ ਦੀ ਸਖਤ ਨਿਖੇਧੀ ਕੀਤੀ ਗਈ।ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਵੱਲੋਂ ਆਪਣੇ ਐਮ ਐਲ ਏ ਦੇ ਹਿੱਤ ਪੂਰਦਿਆਂ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਤਾਂ ਬੇ-ਤਹਾਸ਼ਾ ਵਾਧਾ ਕਰ ਕਰ ਦਿੱਤਾ ਗਿਆ ਪਰ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੇ 01-01-2016, ਤੋਂ ਬਕਾਏ ਡੀ ਏ ਦੀਆਂ ਕਿਸ਼ਤਾਂ ਅਤੇ ਬਕਾਏ ਅਤੇ ਮੁੱਖ ਮੰਤਰੀ ਵਲੋਂ ਪੈਨਸ਼ਨਰਾਂ ਨੂੰ ਮੀਟਿੰਗਾਂ ਦੇ ਕੇ ਸਮਾਂ ਨਾ ਦੇਣ ਟਾਲਮਟੋਲ ਦੀ ਨੀਤੀ ਦੀ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ ਗਈ।ਇਸ ਮੌਕੇ 65 ਸਾਲ 70 ਸਾਲ ਦੀ ਉਮਰ ਦੇ 4 ਸਾਥੀਆਂ ਵਿਜੇ ਸ਼ਰਮਾਂ, ਸਤੀਸ਼ ਕਮਾਰ, ਸਵਰਨ ਸਿੰਘ ਅਤੇ ਡੀ ਸੀ ਦਫ਼ਤਰ ਤੋਂ ਰੀਟਾਇਰਡ ਮਦਨ ਲਾਲ ਨੂੰ ਮੋਮੈਂਟੋ ਅਤੇ ਲੋਈਆਂ ਦੇ ਕੇ ਸਨਮਾਨਿਤ ਕੀਤਾ ਗਿਆ।ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਵਈਸ ਪ੍ਰਧਾਨ ਦਵਿੰਦਰਪਾਲ ਸਿੰਘ ਜਨ: ਸਕੱਤਰ ਵਿਜੇ ਸ਼ਰਮਾ, ਹਰਿੰਦਰ ਸਿੰਘ ਚੀਮਾ, ਜਗਦੇਵ ਸਿੰਘ ਕੁਕੋਵਾਲ, ਗੁਰਦਿਆਲ ਸਿੰਘ ਜਲਵੇਹੜਾ ਸਿੰਘ, ਮੀਤ ਪ੍ਰਧਾਨ ਸੁਬਾਸ਼ ਮੱਟੂ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਹੋਰਨਾਂ ਇਲਾਵਾ ਰਾਜਿੰਦਰ ਸਿੰਘ, ਬਲਵਿੰਦਰ ਸਿੰਘ ਮੁਲਤਾਨੀ, ਸੰਦੀਪ ਸਿੰਘ, ਕਸ਼ਮੀਰ ਚੰਦ, ਹਰਿੰਦਰ ਸਿੰਘ ਢਿੱਲਵਾਂ ਮਦਨ ਲਾਲ ਚੀਮਾ ਕੀਤਾ ਵੀ ਹਾਜ਼ਰ ਸਨ।

## 'ਸਵੱਛਤਾ ਹੀ ਸੇਵਾ ਅਭਿਆਨ'

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸਥਾਨਕ ਪੀ ਟੀ ਐਮ ਆਰੀਆ ਕਾਲਜ ਵਿਖੇ ਭਾਰਤ ਸਰਕਾਰ ਵਲੋਂ ਉਲੀਕੇ ਪੰਦਰਵਾੜੇ ਤਹਿਤ ਸਵੱਛਤਾ ਹੀ ਸੇਵਾ ਅਭਿਆਨ ਐਨ ਐਸ ਐਸ, ਯੂਥ ਸੇਵਾਵਾਂ ਅਤੇ ਈਕੋ ਕਲੱਬ ਦੇ ਅਫ਼ਸਰ ਪ੍ਰੋ. ਬਬੀਤਾ ਰਾਣੀ, ਮਰਜੀਨਾ ਲਾਖਾ ਅਤੇ ਪਵਨਦੀਪ ਕੌਰ ਦੀ ਨਿਗਰਾਨੀ ਹੇਠ ਚਲਾਇਆ ਗਿਆ ਜਿਸ ਵਿੱਚ ਸਾਰੇ ਕਾਲਜ ਦੇ ਵਿਦਿਆਰਥੀਆਂ ਨੇ ਸਫਾਈ ਕੀਤੀ ਅਤੇ ਕਮਰਿਆਂ ਨੂੰ ਆਪਣੇ ਹੱਥੀਂ ਵਿਵਸਥਿਤ ਕੀਤਾ। ਇਸ ਮੌਕੇ ਕਾਲਜ ਦੇ ਨਿਰਦੇਸ਼ਕ ਪ੍ਰੋ. ਆਰ ਕੇ ਜੈਨ ਨੇ ਵਿਦਿਆਰਥੀਆਂ ਨੂੰ ਸਵੱਛਤਾ ਬਾਰੇ ਜਾਣੂ ਕਰਵਾਉਂਦੇ ਹੋਏ ਕਾਲਜ ਕੈਂਪਸ ਅਤੇ ਆਲਾ ਦੁਆਲਾ ਸਾਫ਼ ਰੱਖਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਮਿਹਨਤ ਕਰੋ ਅਤੇ ਮਿਹਨਤ ਤੋਂ ਨਾ ਡਰਨ ਵਾਲੇ ਵਿਦਿਆਰਥੀ ਉੱਚੀਆਂ ਸਫਲਤਾਵਾਂ ਹਾਸਲ ਕਰਦੇ ਹਨ ਕਿਹਾ।ਇਸ ਮੌਕੇ ਪ੍ਰੋ. ਸੁਰਿੰਦਰ ਪਾਲ ਵੀ ਹਾਜਰ ਸਨ।



# ਇਕੋਤਰੀ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਵਿਸ਼ਵ ਪ੍ਰਸਿੱਧ ਮਹਾਨ ਸਾਲਾਨਾ ਇਕੋਤਰੀ ਸਮਾਗਮ ਦੀ 25 ਸਤੰਬਰ ਨੂੰ ਹੋਣ ਵਾਲੀ ਆਰੰਭਤਾ ਨੂੰ ਲੈ ਕੇ ਜਿੱਥੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ ਉੱਥੇਪ੍ਰਬੰਧਕਾਂ ਵੱਲੋਂ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਸੰਬੰਧੀ ਸੇਵਾਦਾਰ ਭਾਈ ਹਰਮੇਲ ਪ੍ਰਕਾਸ਼ ਸਿੰਘ ਨੇ ਸੈਂਕੜੇ ਸੇਵਾਦਾਰਾਂ ਦੀ ਹਾਜ਼ਰੀ ਵਿੱਚ ਸਮਾਗਮ ਦਾ ਪੋਸਟਰ ਜਾਰੀ ਕਰਦਿਆਂ ਦੱਸਿਆ ਕਿ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਟਾਂਡਾ ਵਿਖੇ ਕਰਵਾਏ ਜਾ ਰਹੇ ਇਹਨਾਂ ਸਮਾਗਮਾਂ ਨੂੰ ਲੈ ਕੇ ਵਿਦੇਸ਼ਾਂ ਤੋਂ ਵੀ ਸੰਗਤ ਵੱਡੀ ਗਿਣਤੀ 'ਚ ਡੇਰਾ ਟਾਂਡਾ ਪੁੱਜ ਰਹੀਆਂ ਹਨ। 23 ਦਿਨ ਨਿਰੰਤਰ ਚੱਲਣ ਵਾਲੇ ਇਹਨਾਂ ਸਮਾਗਮਾਂ ਨੂੰ ਲੈ ਕੇ ਜਿੱਥੇ ਹਰ ਰੋਜ਼ 25 ਸਤੰਬਰ ਤੋਂ 17 ਅਕਤੂਬਰ ਤੱਕ ਰਾਤ 7 ਵਜੇ ਤੋਂ 10 ਵਜੇ ਤੱਕ ਗੁਰਮਤਿ ਸਮਾਗਮ ਦੇ ਦੀਵਾਨ ਸਜਾਏ ਜਾਣਗੇ। ਇਸ ਮੌਕੇ ਜਥੇਦਾਰ ਬਲਜੀਤ ਸਿੰਘ, ਜੋਰਾਵਰ ਸਿੰਘ ,ਅਮਨਪ੍ਰੀਤ ਸਿੰਘ, ਗੁਰਮੀਤ ਸਿੰਘ, ਮਨਪ੍ਰੀਤ ਸਿੰਘ, ਰਘਵੀਰ ਸਿੰਘ, ਗੁਰਦੀਪ ਸਿੰਘ ਮੂਮ, ਬਲਵੀਰ ਸਿੰਘ, ਅਰਜਨ ਸਿੰਘ, ਬਲਕਾਰ ਸਿੰਘ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਕਿੰਦਾ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੇਵਾਦਾਰ ਸੰਗਤ ਹਾਜ਼ਰ ਸੀ।

## ਗੁਰਦੁਆਰਾ ਬਾਬਾ ਭਾਗੋ ਦਾ ਸਾਲਾਨਾ ਜੋੜ ਮੇਲਾ ਸ਼ਰਧਾਪੂਰਵਕ ਮਨਾਇਆ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)** -ਜਲੰਧਰ ਪਠਾਨਕੋਟ ਹਾਈਵੇ 'ਤੇ ਸਥਿਤ ਗੁਰਦੁਆਰਾ ਬਾਬਾ ਭਾਗੋ ਜੀ ਬੱਲਾਂ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਟਰੱਸਟ ਦੇ ਮੈਂਬਰਾਂ, ਸਮੂਹ ਨਗਰ ਨਿਵਾਸੀਆਂ, ਐਨ ਆਰ ਆਈ ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਜੋੜ ਮੇਲਾ ਮਨਾਇਆ ਗਿਆ।ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜੱਥਾ ਭਾਈ ਅਮਰਜੀਤ ਸਿੰਘ ਪਟਿਆਲਾ ਵਾਲਿਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲਿਆਂ ਵੱਲੋਂ ਸ਼ਬਦ ਕੀਰਤਨ ਤੇ ਸਿੰਘਾ ਸ਼ਹੀਦਾਂ ਦੀਆਂ ਵੀਰ ਰਸੀ ਵਾਰਾਂ ਗਾ ਕੇ ਗੁਰੂ ਇਤਿਹਾਸ ਨਾਲ ਜੋੜਿਆ। ਬਾਅਦ ਦੁਪਹਿਰ ਪ੍ਰਸਿੱਧ ਪੰਜਾਬੀ ਗਾਇਕ ਹਰਭਜਨ ਮਾਨ, ਗਾਇਕਾ ਗੁਰਲੇਜ ਅਖਤਰ, ਗਾਇਕ ਅਲਾਪ ਸਿਕੰਦਰ ਅਤੇ ਗਾਇਕ ਰਵਿੰਦਰ ਗਰੇਵਾਲ ਵੱਲੋਂ ਧਾਰਮਿਕ ਗੀਤਾ ਤੇ ਸ਼ਬਦਾਂ ਨਾਲ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਸਿਆਸੀ ਆਗੂਆਂ ਤੇ ਉੱਚ ਅਧਿਕਾਰੀਆਂ ਵੱਲੋਂ ਏ ਆਈ ਜੀ ਨਿਰਮਲਜੀਤ ਸਿੰਘ ਸਹੋਤਾ ਵਿਜੀਲੈਂਸ, ਐਸ ਪੀ ਡੀ ਮੁਖਤਾਰ ਰਾਏ, ਪਵਨ ਕੁਮਾਰ ਟੀਨੂੰ ਮੁੱਖ ਬੁੱਲਾਰਾ ਪੰਜਾਬ ਆਪ ਪਾਰਟੀ, ਕੇ ਡੀ ਭੰਡਾਰੀ ਸੇਵਾ ਮੁਕਤ ਸੀ ਪੀ ਐੱਸ ਪੰਜਾਬ, ਭਾਜਪਾ ਆਗੂ ਸੁਸ਼ੀਲ ਰਿੰਕੂ ਐਕਸ ਐਮ ਪੀ, ਅਕਾਲੀ ਆਗੂ ਮਹਿੰਦਰ ਸਿੰਘ ਕੇ ਪੀ, ਰਾਜਿੰਦਰ ਬੇਰੀ ਸਾਬਕਾ ਐਮ ਐਲ ਏ, ਕਾਂਗਰਸੀ ਆਗੂ ਰਾਜਿੰਦਰ ਸਿੰਘ, ਚੌਧਰੀ ਸੁਰਿੰਦਰ ਸਿੰਘ ਸਾਬਕਾ, ਹਰਸੁਰਿੰਦਰ ਸਿੰਘ ਕਿਸਾਨ ਆਗੂ , ਮੁਕੇਸ਼ ਚੰਦਰ ਕਿਸਾਨ ਆਗੂ, ਰਾਜਪਾਲ ਸਿੰਘ ਚਕਰਾਲਾ ਆਦਿ ਨੂੰ ਸਾਂਝੇ ਤੌਰ 'ਤੇ ਰਣਵੀਰ ਸਿੰਘ ਬੱਲ, ਸਰਪੰਚ ਪ੍ਰਦੀਪ ਸਿੰਘ ਦੀਪਾ ਬੱਲਾਂ, ਪ੍ਰਧਾਨ ਜਗਜੀਤ ਸਿੰਘ ਟਰਸਟੀ, ਮੱਖਣ ਸਿੰਘ ਯੂਕੇ, ਬੁੱਕਨ ਸਿੰਘ ਯੂਕੇ, ਅਮਰੀਕ ਸਿੰਘ ਯੂਕੇ ਵੱਲੋਂ ਸਨਮਾਨਤ ਕੀਤਾ ਗਿਆ।

## ਏ ਡੀ ਸੀ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਗੌਰਮਿੰਟ ਪੈਸ਼ਨਰਜ਼ ਜੁਆਇੰਟ ਫਰੰਟ ਦੇ ਸੱਦੇ 'ਤੇ ਪੈਨਸ਼ਨਰਾਂ ਵੱਲੋਂ ਸੋਮ ਲਾਲ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਰੋਸ ਵਿਖਾਵਾ ਕਰਨ ਉਪਰੰਤ ਏ ਡੀ ਸੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਜੀਤ ਲਾਲ ਗੋਹਲੜੋਂ, ਸੋਹਣ ਸਿੰਘ, ਅਮਰਜੀਤ ਸਿੰਘ, ਜੋਗਾ ਸਿੰਘ, ਮਦਨ ਲਾਲ, ਰਾਮ ਲਾਲ, ਕੁਲਵਿੰਦਰ ਸਿੰਘ ਅਟਵਾਲ, ਮੋਹਨ ਬੂਟਾ, ਜੋਗਿੰਦਰ ਸਿੰਘ ਬੇਗਮਪੁਰ, ਗੁਰਮੇਲ ਭੰਗਲ, ਪ੍ਰੇਮ ਸਹਾਬਪੁਰ, ਸੁਰਜੀਤ ਸਿੰਘ ਚਰਾਣ, ਗੁਰਦੀਪ ਸਿੰਘ, ਹਰਭਜਨ ਸਿੰਘ ਆਦਿ ਨੇ ਕਿਹਾ ਕਿ ਅਖੌਤੀ ਇਨਕਲਾਬੀਆਂ ਦੀ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਦੀ ਲਗਾਤਾਰ ਅਣਦੇਖੀ ਕੀਤੀ ਜਾ ਰਹੀ ਹੈ।ਉਹਨਾਂ ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਾਂ ਦੇ ਸਾਂਝੇ ਫਰੰਟ ਨਾਲ ਮੀਟਿੰਗ ਕਰਨ ਤੋਂ 8ਵੀਂ ਵਾਰ ਭੱਜਣ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਜਨਵਰੀ 2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਦੀਆਂ ਪੈਨਸ਼ਨਾਂ 2.59 ਦੇ ਗੁਣਾਕ ਨਾਲ ਫਿਕਸ ਕੀਤੀਆਂ ਜਾਣ, ਜਨਵਰੀ 2016 ਤੋਂ ਜੂਨ 2021 ਤੱਕ ਦੇ ਰਿਵਾਈਜ਼ਡ ਪੈਨਸ਼ਨ ਸੰਬੰਧੀ ਬਕਾਇਆ ਦੇਣ ਦਾ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਜੁਡੀਸ਼ੀਅਲ ਅਫਸਰਾਂ ਵਾਂਗ ਸੇਵਾ ਮੁਕਤ ਮੁਲਾਜ਼ਮਾਂ ਤੇ ਵੀ ਲਾਗੂ ਕੀਤਾ ਜਾਵੇ। ਸਰਕਾਰ ਵੱਲੋਂ ਮੰਗਾਂ ਦਾ ਨਿਪਟਾਰਾ ਨਾ ਕਰਨ ਦੀ ਸੂਰਤ ਵਿੱਚ ਬੁਲਾਰਿਆਂ ਵੱਲੋਂ 22 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕਰਨ ਦੀ ਚਿਤਾਵਨੀ ਦਿੱਤੀ ਗਈ।

## ਸੀ ਟੀ ਗਰੁੱਪ ਨੇ ਦਰੋਣਾ ਐਕਸੀਲੈਂਸ ਅਵਾਰਡ ਦੀ ਕੀਤੀ ਮੇਜ਼ਬਾਨੀ



**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਗਰੁੱਪ ਵਿਖੇ ਦ੍ਰੋਣਾ ਐਕਸੀਲੈਂਸ ਅਵਾਰਡਾਂ ਨੇ ਜਲੰਧਰ ਜ਼ਿਲ੍ਹੇ ਦੇ ਸਿਖਰਲੇ ਸਕੂਲਾਂ ਦੇ 150 ਤੋਂ ਵੱਧ ਸਿੱਖਿਅਕਾਂ ਦੇ ਬੇਮਿਸਾਲ ਯੋਗਦਾਨ ਦਾ ਜਸ਼ਨ ਮਨਾਇਆ। ਉਨ੍ਹਾਂ ਦੇ ਸ਼ਾਨਦਾਰ ਵਿਦਿਅਕ ਪ੍ਰਭਾਵ ਲਈ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਆਈ ਵੀ ਵਾਈ ਸਕੂਲ, ਆਰਮੀ ਪਬਲਿਕ ਸਕੂਲ, ਇਨੋਸੈਂਟ ਹਾਰਟਸ ਸਕੂਲ, ਸਰਕਾਰੀ ਮਾਡਲ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਸੀਟੀ ਵਰਲਡ ਸਕੂਲ, ਸੀ ਟੀ ਪਬਲਿਕ ਸਕੂਲ, ਕੈਂਬਰਿਜ ਇੰਟਰਨੈਸ਼ਨਲ ਸਕੂਲ, ਕੈਂਬਰਿਜ ਕੋ-ਐਡ ਸਕੂਲ, ਸੇਠ ਹੁਕਮ ਚੰਦ ਸ਼ਾਮਲ ਹਨ। ਐਪੈਕਸ ਸਕੂਲ ਅਤੇ ਆਦਿ ਸਕੂਲ ਸ਼ਾਮਿਲ ਸਨ । ਇਨ੍ਹਾਂ ਸੰਸਥਾਵਾਂ ਨੇ ਅਕਾਦਮਿਕ ਉੱਤਮਤਾ ਅਤੇ ਵਿਦਿਆਰਥੀ ਵਿਕਾਸ ਲਈ ਆਪਣਾ ਬਹੁਮੁੱਲਾ ਯੋਗਦਾਨ ਦਿੱਤਾ ਹੈ। ਸਿੱਖਿਅਕ ਮਾਨਤਾਵਾਂ ਤੋਂ ਇਲਾਵਾ, ਆਰ ਕੇ ਐਮ ਗੀਤਾ ਮੰਦਰ ਸਕੂਲ, ਜਲੰਧਰ ਦੇ ਪ੍ਰਿੰਸੀਪਲ ਅਬਕਰ ਸਿੰਘ ਨੂੰ ਸਿੱਖਿਆ ਦੇ ਖੇਤਰ ਵਿੱਚ ਅਸਾਧਾਰਣ ਸਮਰਪਣ ਅਤੇ ਯੋਗਦਾਨ ਲਈ ਇੱਕ ਲਾਈਫਟਾਈਮ ਅਚੀਵਮੈਂਟ ਐਵਾਰਡ ਦਿੱਤਾ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਜਲੰਧਰ ਪੱਛਮੀ (ਆਮ ਆਦਮੀ ਪਾਰਟੀ) ਦੇ ਵਿਧਾਇਕ ਮਹਿੰਦਰ ਭਗਤ ਨੇ ਸ਼ਿਰਕਤ ਕੀਤੀ। ਰੇਡੀਓ ਸਿਟੀ ਤੋਂ ਵਿਸ਼ੇਸ਼ ਮਹਿਮਾਨ ਸੀਮਾ ਸੋਨੀ, ਪ੍ਰੋਗਰਾਮਿੰਗ ਡਾਇਰੈਕਟਰ ਅਤੇ ਅਨਿਲ ਸ਼ਰਮਾ, ਰੀਜਨਲ ਸੇਲਜ਼ ਹੈੱਡ ਨੇ ਵੀ ਇਸ ਮੌਕੇ ਹਾਜ਼ਰੀ ਭਰੀ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਕੈਂਪਸ ਦੇ ਡਾਇਰੈਕਟਰ ਡਾ. ਧਾਮੀ ਅਤੇ ਦਾਖ਼ਲਾ ਨਿਰਦੇਸ਼ਕ ਡਾ. ਵਨੀਤ ਠਾਕੁਰ ਨੇ ਸਿੱਖਿਅਕਾਂ ਦੇ ਵੱਡਮੁੱਲੇ ਯੋਗਦਾਨ ਲਈ ਧੰਨਵਾਦ ਪ੍ਰਗਟ ਕੀਤਾ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਕਿਹਾ ਦ੍ਰੋਣਾ ਐਕਸੀਲੈਂਸ ਅਵਾਰਡ ਸਾਡੇ ਸਿੱਖਿਅਕਾਂ ਦੇ ਸ਼ਾਨਦਾਰ ਸਮਰਪਣ ਨੂੰ ਦਰਸਾਉਂਦੇ ਹਨ।

## ਪਿਸਤੌਲਾਂ ਦੀ ਨੋਕ 'ਤੇ ਲੁਟੇਰਿਆਂ ਵੱਲੋਂ ਲੱਖਾਂ ਦੀ ਲੁੱਟ

**ਬੰਗਾ (ਅਵਤਾਰ ਕਲੇਰ)** ਨਵਾਂਸ਼ਹਿਰ- ਫਗਵਾੜਾ ਮੁੱਖ ਮਾਰਗ 'ਤੇ ਸਥਿਤ ਕਸਬਾ ਬਹਿਰਾਮ ਵਿਖੇ ਦੋ ਨਕਾਬਪੋਸ਼ ਲੁਟੇਰਿਆਂ ਵੱਲੋਂ ਨੈਸ਼ਨਲ ਹਾਈਵੇਂ 'ਤੇ ਸਥਿਤ ਇੱਕ ਵੈਸਟਰਨ ਯੂਨੀਅਨ ਦੀ ਦੁਕਾਨ ਤੋਂ ਪਿਸਤੌਲਾਂ ਦੀ ਨੋਕ 'ਤੇ ਲੱਖਾ ਰੁਪਏ ਦੀ ਲੁੱਟ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਦੁਕਾਨ ਦੇ ਮਾਲਿਕ ਰਾਕੇਸ਼ ਭੰਡਾਰੀ ਅਤੇ ਉਸ ਦੇ ਪੁੱਤਰ ਤਰੁਣ ਭੰਡਾਰੀ ਨੇ ਦੱਸਿਆ ਕਿ ਬਾਅਦ ਦੁਪਹਿਰ ਅੰਦਾਜ਼ਨ 2:45 ਵਜੇ ਉਨ੍ਹਾਂ ਦੀ ਉਕਤ ਦੁਕਾਨ 'ਤੇ ਦੋ ਨਕਾਬਪੋਸ਼ ਲੁਟੇਰੇ ਆਏ ਅਤੇ ਉਨ੍ਹਾਂ 'ਤੇ ਪਿਸਤੌਲ ਤਾਣਕੇ ਦੁਕਾਨ ਦੇ ਕਾਊਂਟਰ ਵਿੱਚ ਪਈ ਲੱਖਾਂ ਦੀ ਨਗਦੀ ਲੈ ਕੇ ਫ਼ਰਾਰ ਹੋ ਗਏ।ਉਨ੍ਹਾਂ ਦੱਸਿਆ ਇੰਨਾ ਹੀ ਨਹੀ ਲੁਟੇਰੇ ਦੁਕਾਨ ਅੰਦਰ ਲੱਗੇ ਪੋਰਟੇਬਲ ਲੱਗੇ ਸੀ ਸੀ ਟੀ ਵੀ ਕੈਮਰੇ ਨੂੰ ਉਤਾਰ ਕੇ ਨਾਲ ਲੈ ਗਏ ਅਤੇ ਜਾਂਦੇ ਜਾਂਦੇ ਉਨ੍ਹਾਂ ਦੇ ਮੱਥੇ 'ਤੇ ਵੀ ਪਿਸਤੌਲ ਨਾਲ ਸੱਟ ਮਾਰ ਗਏ।ਉਨ੍ਹਾਂ ਦੱਸਿਆ ਹੋਈ ਵਾਰਦਾਤ ਸੰਬੰਧੀ ਪੁਲਸ ਨੂੰ ਜਾਣਕਾਰੀ ਦਿੱਤੀ ਗਈ ਜੋ ਕਿ ਸੂਚਨਾ ਮਿਲਦੇ ਹੀ ਥਾਣਾ ਬਹਿਰਾਮ ਦੇ ਪੁਲਸ ਅਧਿਕਾਰੀ ਮੌਕੇ 'ਤੇ ਪੁੱਜ ਗਏ ਅਤੇ ਉਨ੍ਹਾਂ ਲੁੱਟ ਦੀ ਜਾਣਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਦਿੱਤੀ।ਜਿਸ ਉਪਰੰਤ ਡੀ ਐਸ ਪੀ ਬੰਗਾ ਦਲਜੀਤ ਸਿੰਘ ਖੱਖ, ਡੀ ਐਸ ਪੀ ਡੀ ਪ੍ਰੇਮ ਕੁਮਾਰ ਅਤੇ ਸੀ ਆਈ ਏ ਸਟਾਫ ਦੀਆਂ ਟੀਮਾ ਮੌਕੇ 'ਤੇ ਪੁੱਜ ਗਈਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

## ਕੰਗਣਾ ਬੇਟ ਵਿਖੇ ਬੱਚਿਆਂ ਦੇ ਕਲੱਸਟਰ ਪੱਧਰੀ ਹੋਏ ਮੁਕਾਬਲੇ



**ਬਲਾਚੌਰ, (ਜਸਵਿੰਦਰ ਬੈਂਸ)** ਸਰਕਾਰੀ ਪ੍ਰਾਇਮਰੀ ਸਕੂਲ ਕੰਗਣਾ ਬੇਟ ਵਿਖੇ ਕਲੱਸਟਰ ਪੱਧਰੀ ਪ੍ਰਾਇਮਰੀ ਵਿੰਗ ਦੇ ਬੱਚਿਆਂ ਦੇ ਖੇਡ ਮੁਕਾਬਲੇ ਕਰਵਾਏ ਗਏ।ਇਹਨਾਂ ਖੇਡ ਮੁਕਾਬਲਿਆਂ 'ਚ ਅੰਡਰ 11 ਸਾਲ ਦੇ ਸਪ੍ਰਸ ਗਰਲੋ ਬੇਟ, ਨਿਆਣਾ ਬੇਟ, ਨਾਨੋਵਾਲ ਬੇਟ, ਸੁੱਜੋਵਾਲ, ਖੋਜਾਬੇਟ, ਜੱਟਪੁਰ, ਬਗਾ ਬੇਟ, ਕੰਗਣਾ ਬੇਟ ਅਤੇ ਔਲੀਆਪੁਰ: ਕੁੱਲ 9 ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ।ਪਰਮਜੀਤ ਸਿੰਘ ਮਿੰਟੂ ਸਟੇਟ ਅਵਾਰਡੀ ਸੈਂਟਰ ਹੈੱਡ ਟੀਚਰ ਦੀ ਦੇਖਰੇਖ ਹੇਠ ਪਹਿਲੇ ਦਿਨ ਲੜਕਿਆਂ ਦੇ ਕਬੱਡੀ, ਖੋ-ਖੋ, ਲੰਬੀ ਛਾਲ, ਐਥਲੈਟਿਕਸ ਆਦਿ ਦੇ ਮੁਕਾਬਲੇ ਅਤੇ ਦੂਜੇ ਦਿਨ ਲੜਕੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ।ਇਸ ਦੋ ਰੋਜ਼ਾ ਖੇਡ ਟੂਰਨਾਮੈਂਟ ਦਾ ਉਦਘਾਟਨ ਪੰਕਜ ਸਿਆਲ ਮੁੱਖ ਅਧਿਆਪਕ ਸਰਕਾਰੀ ਮਿਡਲ ਸਕੂਲ ਕੰਗਣਾ ਬੇਟ ਵਲੋ ਕੀਤਾ ਗਿਆ।ਇਨ੍ਹਾਂ ਖੇਡ ਮੁਕਾਬਲਿਆਂ 'ਚ ਬੱਚਿਆ ਨੇ ਹਿੱਸਾ ਲਿਆ । ਇਸ ਖੇਡ ਮੁਕਾਬਲੇ ਦੀ ਸਮਾਪਤੀ ਮੌਕੇ ਸੀ ਐਚ ਟੀ ਪਰਮਜੀਤ ਮਿੰਟੂ ਨੇ ਆਖਿਆ ਕਿ ਨਰੋਏ ਸਰੀਰ ਅੰਦਰ ਹੀ ਨਰੋਆ ਮਨ ਹੁੰਦਾ ਹੈ।ਇਸ ਲਈ ਵਿਦਿਆਰਥੀ ਜੀਵਨ 'ਚ ਖੇਡਾਂ ਦਾ ਬੜਾ ਅਹਿਮ ਮਹੱਤਵ ਹੁੰਦਾ ਹੈ।ਇਨਾਂ ਖੇਡ ਮੁਕਾਬਲਿਆਂ ਦੌਰਾਨ ਹੋਰਨਾਂ ਤੋਂ ਇਲਾਵਾ ਅਧਿਆਪਕ ਜਸਵਿੰਦਰ ਸਿੰਘ, ਨਰਿੰਦਰ ਕੁਮਾਰ, ਅਨਿਲ ਕੁਮਾਰ, ਜੀਵਨ ਕੁਮਾਰ, ਅਸ਼ਵਨੀ ਕੁਮਾਰ, ਮੈਡਮ ਸੁਖਬੀਰ ਕੌਰ, ਜਸਵੀਰ ਕੌਰ, ਬਲਵਿੰਦਰ ਕੌਰ, ਅਵਨੀਤ ਕਮਲਜੀਤ ਕੌਰ, ਰੁਪਿੰਦਰ ਕੌਰ, ਸ਼ਿਵਾਨੀ, ਯਸਮੀਨ, ਵੀਨਾ ਕੁਮਾਰੀ, ਹਰਦੀਪ ਕੌਰ, ਲਲਿਤਾ ਰਾਣੀ ਹਾਜ਼ਰ ਸਨ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ-ਭਲਕੇ

**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ ਏ ਐਸ ਨਗਰ ਵੱਲੋਂ 20 ਸਤੰਬਰ (ਸ਼ੁੱਕਰਵਾਰ) ਅਤੇ 21 ਸਤੰਬਰ (ਸ਼ਨੀਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਡੀ-ਮਾਰਟ ਬਨੂੰੜ ਅਤੇ ਡੀ-ਮਾਰਟ ਜ਼ੀਰਕਪੁਰ ਦੇ ਸਟੋਰ ਵਿਖੇ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 11:00 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤਾ ਜਾਵੇਗਾ। ਡੀ ਬੀ ਈ ਈ ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮਿਤੀ 20 ਸਤੰਬਰ (ਸ਼ੁੱਕਰਵਾਰ) ਅਤੇ 21 ਸਤੰਬਰ (ਸ਼ਨੀਵਾਰ) ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਣਾ ਹੈ। ਉਹਨਾਂ ਅੱਗੇ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਕੈਸ਼ੀਅਰ, ਪਿਕਰ, ਪੈਕਰ ਦੀਆਂ ਆਸਾਮੀਆਂ ਲਈ ਭਰਤੀ ਕੀਤੀ ਜਾਵੇਗੀ।

# ਡੀ ਟੀ ਐੱਫ ਤੇ ਕੇ ਕੇ ਯੂ ਵੱਲੋਂ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ 'ਤੇ ਵਿਚਾਰ-ਗੋਸ਼ਟੀ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਡੈਮੋਕ੍ਰੈਟਿਕ ਟੀਚਰਜ ਫਰੰਟ ਟੀਮ ਗੜ੍ਹਸ਼ੰਕਰ ਅਤੇ ਕਿਰਤੀ ਕਿਸਾਨ ਯੂਨੀਅਨ ਹੁਸ਼ਿਆਰਪੁਰ ਵੱਲੋਂ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਅਤੇ ਲੋਕਾਂ ਦੇ ਹੱਕ ਵਿੱਚ ਬੋਲਣ ਵਾਲੇ ਬੁੱਧੀਜੀਵੀਆਂ ਖਿਲਾਫ ਕੇਸ ਦਰਜ ਕਰਨ ਦੇ ਵਿਰੋਧ ਵਿੱਚ ਡੀ ਟੀ ਐਫ ਆਗੂ ਮੁਕੇਸ਼ ਕੁਮਾਰ, ਕਿਸਾਨ ਆਗੂ ਹਰਮੇਸ਼ ਢੇਸੀ, ਪੈਨਸ਼ਨਰ ਆਗੂ ਹੰਸਰਾਜ ਗੜ੍ਹਸ਼ੰਕਰ ਅਤੇ ਸੇਵਾਮੁਕਤ ਪ੍ਰਿੰਸੀਪਲ ਜਗਦੀਸ਼ ਰਾਏ ਦੀ ਪ੍ਰਧਾਨਗੀ ਹੇਠ ਗੜ੍ਹਸ਼ੰਕਰ ਵਿਖੇ ਇੱਕ ਵਿਚਾਰ ਗੋਸ਼ਠੀ ਕੀਤੀ ਗਈ।

ਵਿਚਾਰ ਗੋਸ਼ਠੀ ਵਿੱਚ ਮੁੱਖ ਬੁਲਾਰੇ ਵਜੋਂ ਐਡਵੋਕੇਟ ਦਲਜੀਤ ਸਿੰਘ ਉੜਾਪੜ ( ਸੂਬਾ ਆਗੂ ਡੈਮੋਕ੍ਰੈਟਿਕ ਲਾਇਰਜ਼ ਐਸੋਸੀਏਸ਼ਨ) ਨੇ ਇਹਨਾ ਤਿੰਨਾ ਕਾਨੂੰਨ ਬਾਰੇ ਵਿਸਥਾਰ ਸਹਿਤ ਵਿਆਖਿਆ ਕਰਦਿਆ ਦੱਸਿਆ ਕਿ ਕੇਂਦਰ ਸਰਕਾਰ ਇਹਨਾਂ ਕਾਨੂੰਨਾਂ ਨੂੰ ਬਸਤੀਵਾਦੀ ਸਮੇਂ ਦੇ ਕਾਨੂੰਨ ਕਹਿ ਕੇ ਰਾਸ਼ਟਰਵਾਦ ਦੇ ਨਾਂਅ ਤਹਿਤ ਲੋਕਾਂ ਤੇ ਥੋਪ ਰਹੀ ਹੈ, ਨਵੇਂ ਫੌਜਦਾਰੀ ਕਾਨੂੰਨ ਪੁਰਾਣੇ ਬਸਤੀਵਾਦੀ ਕਾਨੂੰਨਾਂ ਦਾ ਹੀ ਕਾਪੀ ਪੇਸਟ ਨਹੀਂ ਸਗੋਂ ਉਸ ਵਿੱਚ ਮਾਰੂ ਵਾਧੇ ਵੀ ਕੀਤੇ ਗਏ ਹਨ ਜਿਸਦਾ ਮੁੱਖ ਨਿਸ਼ਾਨਾ ਆਣ ਵਾਲੇ ਸਮੇਂ ਵਿੱਚ ਵੱਖ ਵੱਖ ਸੰਘਰਸ਼ਸ਼ੀਲ ਯੂਨੀਅਨਾਂ ਦੇ ਆਗੂ, ਆਮ ਲੋਕ ਅਤੇ ਘੱਟ ਗਿਣਤੀਆ ਬਨਣਗੇ।ਇਸ ਵੇਲੇ ਸੇਵਾ ਮੁਕਤ ਪ੍ਰਿੰਸੀਪਲ ਜਗਦੀਸ਼ ਰਾਏ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ।

ਇਸ ਸਮੇਂ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਚੰਦਰਸ਼ੇਖਰ ਬਲਾਚੋਰ, ਭੁਪਿੰਦਰ ਸਿੰਘ ਸੜੋਆ, ਵਿਨੇ ਕੁਮਾਰ ਗੜ੍ਹਸ਼ੰਕਰ, ਬਲਕਾਰ ਸਿੰਘ ਮਘਾਣੀਆ ਅਤੇ ਮੈਡਮ ਖੁਸ਼ਵਿੰਦਰ ਕੌਰ ਨੇ ਸਵਾਲ ਜਵਾਬ ਕੀਤੇ।ਵਿਚਾਰ ਗੋਸ਼ਟੀ ਵਿੱਚ ਡੀਟੀਐਫ ਆਗੂ ਸਤਪਾਲ ਕਲੇਰ, ਜਰਨੈਲ ਸਿੰਘ, ਸੰਦੀਪ ਕੁਮਾਰ, ਅਵਤਾਰ ਸਿੰਘ, ਮਨਪ੍ਰੀਤ ਸਿੰਘ, ਰਮਨਦੀਪ ਸਿੰਘ, ਜਗਦੀਪ ਕੁਮਾਰ, ਕਿਸਾਨ ਆਗੂ ਕੁਲਵਿੰਦਰ ਚਾਹਲ, ਕਰਨੈਲ ਸਿੰਘ, ਅਵਤਾਰ ਸਿੰਘ, ਸੋਹਣ ਸਿੰਘ ਪ੍ਰੋ.ਕੁਲਵੰਤ ਸਿੰਘ ਗੋਲੇਵਾਲ, ਸਰਪੰਚ ਰਾਮਜੀਤ ਸਿੰਘ ਦੇਣਵਾਲ ਕਲਾਂ ਅਤੇ ਪੈਨਸ਼ਨ ਆਗੂ ਬਲਵੀਰ ਸਿੰਘ ਖਾਨਪੁਰੀ, ਗੁਰਮੇਲ ਸਿੰਘ ਮੈਡਮ ਸੁਨੀਤਾ ਕੁਮਾਰੀ ਆਦਿ ਹਾਜ਼ਰ ਸਨ।

## ਐੱਸ ਜੀ ਪੀ ਸੀ ਵੱਲੋਂ ਹਸਪਤਾਲ ਢਾਹਾਂ ਕਲੇਰਾਂ ਨੂੰ ਦੋ ਲੱਖ ਦੀ ਵਿੱਤੀ ਸਹਾਇਤਾ



**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ 2 ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਪਿਛਲੇ ਦਿਨੀ ਹਸਪਤਾਲ ਦੀ ਨਵੀਂ ਲਿਫਟ ਦਾ ਉਦਘਾਟਨ ਕਰਨ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ ਅਤੇ ਉਹਨਾਂ ਵੱਲੋਂ ਇਸ ਐਲਾਨੀ ਰਾਸ਼ੀ ਦਾ ਚੈੱਕ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੂੰ ਭੇਟ ਕੀਤਾ। ਇਸ ਮੌਕੇ ਜਥੇਦਾਰ ਖਾਲਸਾ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਗੁਰੂ ਨਾਨਕ ਦੇਵ ਜੀ ਦਰਸਾਏ ਮਿਸ਼ਨ 'ਤੇ ਚੱਲਦੇ ਹੋਏ ਆਮ ਲੋਕਾਈ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦਾ ਕਾਰਜ ਬਹੁਤ ਸ਼ਾਲਾਘਾਯੋਗ ਹੈ। ਇਸ ਮੌਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਮੀਤ ਪ੍ਰਧਾਨ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਦਾ ਧੰਨਵਾਦ ਕੀਤਾ।

ਇਸ ਮੌਕੇ ਅਮਰਜੀਤ ਸਿੰਘ ਕਲੇਰਾਂ, ਮਲਕੀਅਤ ਸਿੰਘ ਬਾਹੜੋਵਾਲ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਜਥੇਦਾਰ ਨਵਦੀਪ ਸਿੰਘ ਅਨੋਖਰਵਾਲ, ਜਥੇਦਾਰ ਹਰਦੀਪ ਸਿੰਘ ਕੋਟ ਰਾਂਝਾਂ, ਧਰਮਿੰਦਰ ਸਿੰਘ ਮੰਢਾਲੀ, ਪ੍ਰਭਜੀਤ ਸਿੰਘ ਕਾਹਲੋਂ, ਡਾ. ਰਵਿੰਦਰ ਖਜ਼ੂਰੀਆ, ਕਿਰਪਾਲ ਸਿੰਘ, ਮਹਿੰਦਰਪਾਲ ਸਿੰਘ ਹਾਜ਼ਰ ਸਨ।

## ਕਾਂਗਰਸੀ ਵਰਕਰਾਂ ਡੀ ਐੱਸ ਪੀ ਦਫਤਰ ਮੂਹਰੇ ਲਗਾਇਆ ਰੋਸ ਧਰਨਾ



**ਫਿਲੌਰ (ਨਿਰਮਲ)**-ਕਾਂਗਰਸ ਹਾਈਕਮਾਂਡ ਦੇ ਆਦੇਸ਼ 'ਤੇ ਬਲਾਕ ਕਾਂਗਰਸ ਰੁੜਕਾ ਕਲਾਂ ਦੀ ਪ੍ਰਧਾਨ ਰਾਕੇਸ਼ ਦੁੱਗਲ ਦੀ ਅਗਵਾਈ ਹੇਠ ਰੋਸ ਧਰਨਾ ਲਗਾਇਆ ਗਿਆ। ਜਿਸ ਦੌਰਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਦਿਨ-ਦਿਹਾੜੇ ਹੋ ਰਹੀਆਂ ਲੁੱਟਾਂ ਖੋਹਾਂ ਅਤੇ ਕਤਲ ਦੀਆਂ ਵਾਰਦਾਤਾਂ ਵੱਲ ਧਿਆਨ ਦਿਵਾਉਣ ਅਤੇ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਕਾਨੂੰਨ ਵਿਵਸਥਾ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਗੈਂਗਸਟਰਵਾਦ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੇ ਆਮ ਲੋਕਾਂ ਦੇ ਦਿਲਾਂ ਵਿੱਚ ਡਰ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਆਮ ਲੋਕਾਂ ਨੂੰ ਰਾਹ ਜਾਂਦਿਆਂ ਬੰਦੂਕ ਦੀ ਨੋਕ 'ਤੇ ਲੁੱਟ ਲਿਆ ਜਾਂਦਾਂ ਹੈ ਤੇ ਵਪਾਰੀ ਵਰਗ ਨੂੰ ਫਿਰੌਤੀਆਂ ਦੀਆਂ ਧਮਕੀਆਂ ਹਰ ਰੋਜ਼ ਮਿਲ ਰਹੀਆਂ ਹਨ।ਜਿਸ ਨਾਲ ਸੂਬੇ ਦੇ ਲੋਕਾਂ ਦਾ ਜੀਵਨ ਡਰ ਦੇ ਮਾਹੌਲ ਵਿੱਚੋਂ ਲੰਘ ਰਿਹਾ ਹੈ।ਉਨ੍ਹਾਂ ਕਿਹਾ ਕਿ ਜਲਦ ਤੋਂ ਜਲਦ ਇਸ ਪਾਸੇ ਕੋਈ ਠੋਸ ਕਦਮ ਚੁੱਕਿਆ ਜਾਵੇ।ਇਸ ਸਬੰਧੀ ਸਮੂਹ ਕਾਂਗਰਸੀ ਆਗੂਆਂ ਵੱਲੋਂ ਡੀ ਐਸ ਪੀ ਫਿਲੌਰ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਹਾਜ਼ਰ ਨਵਜੀਤ ਸਿੰਘ, ਜਸਵਿੰਦਰ ਸਿੰਘ ਜੱਸੀ, ਲਖਵਿੰਦਰ ਸਿੰਘ ਮੋਤੀਪੁਰ, ਪ੍ਰਿਥੀਪਾਲ ਸਿੰਘ ਖਹਿਰਾ, ਅੰਮ੍ਰਿਤਪਾਲ ਭੌਂਸਲੇ, ਰਜਿੰਦਰ ਸੰਧੂ, ਸਰਬਜੀਤ ਸਿੰਘ ਸਰਪੰਚ, ਯਸ਼ਪਾਲ ਗਿੰਡਾ, ਸੁਰਜੀਤ ਸਿੰਘ ਲੱਲੀਆਂ, ਦੇਸ਼ ਰਾਜ ਮੱਲ, ਪ੍ਰਮਾਨੰਦ ਪੰਮਾ, ਸੁਖਦੇਵ ਔਲਖ, ਅਨਿਲ ਜੋਸ਼ੀ, ਰਾਜ ਕੁਮਾਰ ਹੰਸ, ਰਾਜ ਕੁਮਾਰ ਸੰਧੂ, ਸੁਰਜੀਤ ਸਿੰਘ ਮਾਹਲ, ਮਹਿੰਦਰ ਪਾਲ ਚੁੱਬਰ, ਕਮਲ ਕਹਾਣੀਆਂ, ਗੁਰਪ੍ਰੀਤ ਕੌਰ ਅਤੇ ਹੋਰ ਹਾਜ਼ਰ ਸਨ।

## ਬਿਜਲੀ ਕਾਰਪੋਰੇਸ਼ਨਾਂ ਵੱਲੋਂ ਪੰਜਾਬ 'ਚ ਰੁਜ਼ਗਾਰ ਲਈ ਯੋਗਦਾਨ : ਮਨਮੋਹਨ ਸਿੰਘ



**ਜਲੰਧਰ** : ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਦੀਆਂ ਕਾਰਪੋਰੇਸ਼ਨਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਪੰਜਾਬ ਵਿੱਚ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਵੀ ਦੂਸਰੇ ਸਰਕਾਰੀ ਵਿਭਾਗਾਂ, ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਮੁਕਾਬਲੇ ਪਹਿਲੀ ਕਤਾਰ 'ਚ ਹਨ।ਪੰਜਾਬ ਦੀਆਂ ਦੋਵੇਂ ਬਿਜਲੀ ਕਾਰਪੋਰੇਸ਼ਨਾਂ ਵੱਲੋਂ ਪੰਜਾਬ ਦੀ ਆਰਥਿਕਤਾ ਨੂੰ ਦਿਨ-ਬ-ਦਿਨ ਮਜ਼ਬੂਤ ਕਰਨ ਵਿੱਚ ਅਹਿਮ ਹਿੱਸਾ ਪਾ ਰਹੀਆਂ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਰਾਜ ਵਿੱਚ 1 ਕਰੋੜ ਤੋਂ ਵੱਧ ਵੱਖ-ਵੱਖ ਸ਼੍ਰੇਣੀਆਂ ਦੇ ਬਿਜਲੀ ਖਪਤਕਾਰਾਂ ਨੂੰ ਬਦਲੇ ਸਪਲਾਈ ਕਰਦਾ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਪਹਿਲਾਂ ਪੰਜਾਬ ਸਟੇਟ ਬਿਜਲੀ ਬੋਰਡ ਜੋ ਕਿ 1 ਫਰਵਰੀ, 1959 ਨੂੰ ਹੋਂਦ 'ਚ ਆਇਆ ਸੀ।ਉਸ ਵੇਲੇ ਪੰਜਾਬ ਵਿੱਚ 42000 ਦੇ ਕਰੀਬ ਵੱਖ-ਵੱਖ ਸ਼੍ਰੇਣੀਆਂ ਦੇ ਬਿਜਲੀ ਖਪਤਕਾਰ ਸਨ।11 ਦਸੰਬਰ, 1915 ਨੂੰ ਅਣਵੰਡੇ ਪੰਜਾਬ ਵਿੱਚ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਪਹਿਲਾਂ ਬਿਜਲੀ ਕੁਨੈਕਸ਼ਨ ਜਾਰੀ ਕੀਤਾ ਗਿਆ ਸੀ।ਸੰਨ 2022 ਵਿੱਚ ਇਹ ਅੰਕੜਾ 1 ਕਰੋੜ ਨੂੰ ਸਰ ਕਰ ਗਿਆ।ਬਿਜਲੀ ਦੇ ਉਤਪਾਦਨ, ਬਿਜਲੀ ਦੇ ਸੰਚਾਲਣ ਅਤੇ ਬਿਜਲੀ ਦੀ ਟ੍ਰਾਂਸਮਿਸ਼ਨ ਦੀ ਮਜ਼ਬੂਤੀ ਨੂੰ ਬਰਕਰਾਰ ਰੱਖਣ ਲਈ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਕਾਰਪੋਰੇਸ਼ਨਾਂ ਵਿੱਚ ਇੰਜੀਨੀਅਰ, ਵਿੱਤੀ ਮਾਹਿਰ ਅਤੇ ਹਰ ਟੈਕਨੀਕਲ ਅਤੇ ਨਾਨ—ਟੈਕਨੀਕਲ ਸਟਾਫ ਅਤੇ ਕਲੈਰੀਕਲ ਅਮਲਾ ਭਰਤੀ ਕੀਤਾ ਗਿਆ।ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਪੰਜਾਬ ਵਿੱਚ 132, 220 ਅਤੇ 400 ਕੇ.ਵੀ. ਗਰਿੱਡ ਸਬ—ਸਟੇਸ਼ਨਾਂ ਦੀ ਉਸਾਰੀ ਅਤੇ ਸਾਂਭ—ਸੰਭਾਲ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ।1990 ਦੇ ਦਹਾਕਿਆਂ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸਾਰੀਆਂ ਕੈਟਾਗਰੀਆਂ ਦੇ ਅਫਸਰ ਅਤੇ ਕਰਮਚਾਰੀਆਂ ਦੀ ਗਿਣਤੀ 1 ਲੱਖ ਦੇ ਕਰੀਬ ਦੱਸੀ ਜਾਂਦੀ ਸੀ। ਪਿਛਲੇ ਢਾਈ ਸਾਲਾਂ ਵਿੱਚ 44 ਵੱਖ ਵੱਖ ਵਿਭਾਗਾਂ ਵਿੱਚ 44974 ਵੱਖ-ਵੱਖ ਸ੍ਰੇਣੀਆਂ ਵਿੱਚ ਯੋਗ ਉਮੀਦਵਾਰਾਂ ਨੂੰ ਯੋਗ ਭਰਤੀ ਪ੍ਰਕਿਰਿਆ ਨੂੰ ਪੂਰਾ ਕਰਕੇ ਨੌਕਰੀਆਂ ਦਿੱਤੀਆਂ ਗਈਆਂ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵੱਲੋਂ 4914 ਯੋਗ ਉਮੀਦਵਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ।ਭਰਤੀ ਦਾ ਲੱਗਭਗ 11 % ਪ੍ਰਤੀਸ਼ਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦਾ ਹੈ, ਬਾਕੀ 43 ਵਿਭਾਗਾਂ ਦੀ ਕੁਲ ਭਰਤੀ 89 % ਹੈ।ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ 1 ਅਪ੍ਰੈਲ, 2022 ਤੋਂ ਅੱਜ ਤੱਕ 4160 ਯੋਗ ਉਮੀਦਵਾਰਾਂ (3079 ਨਵੇਂ ਅਤੇ 1081 ਤਰਸ ਦੇ ਆਧਾਰ 'ਤੇ), ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵਿੱਚ-784 (782 ਨਵੇਂ 2 ਤਰਸ ਦੇ ਆਧਾਰ ਤੇ) ਜਿਸ ਵਿੱਚ ਏਈ/ਇਲੈਕਟਰੀਕਲ, ਏ.ਐਮ/ਆਈ ਟੀ, ਜੂਨੀਅਰ ਇੰਜੀਨੀਅਰ (ਇਲੈਕਟਰੀਕਲ), ਜੂਨੀਅਰ ਇੰਜੀਨੀਅਰ (ਸਿਵਲ), ਜੂਨੀਅਰ ਇੰਜੀਨੀਅਰ (ਸਬ ਸਟੇਸ਼ਨ), ਏ ਐਸ ਐਸ ਸਹਾਇਕ ਲਾਈਨਮੈਨ, ਮਾਲ ਲੇਖਾਕਾਰ ਅਤੇ ਐਲਡੀਸੀ ਅਤੇ ਹੋਰ ਵੱਖ-ਵੱਖ ਸ਼੍ਰੇਣੀਆਂ ਸ਼ਾਮਲ ਹਨ।

## 'ਸਵੱਛਤਾ ਹੀ ਸੇਵਾ' ਪੰਦਰਵਾੜੇ ਦੌਰਾਨ ਮਾਸਟਰ ਬੂਟੇ ਲਾਏ



**ਜਲੰਧਰ ( ਸ਼ੈਲੀ ਐਲਬਰਟ)** ਭਾਰਤ ਸਰਕਾਰ ਦੇ ਵਿੱਤੀ ਸੇਵਾਵਾਂ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਜ਼ਿਲ੍ਹੇ ਦੇ ਸਾਰੇ ਬੈਂਕਾਂ ਵੱਲੋਂ 02 ਅਕਤੂਬਰ 2024 ਤੱਕ 'ਸਵੱਛਤਾ ਹੀ ਸੇਵਾ' ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਯੂਕੋ ਬੈਂਕ ਵੱਲੋਂ ਮਾਸਟਰ ਤਾਰਾ ਸਿੰਘ ਨਗਰ ਪਾਰਕ 'ਚ ਬੂਟੇ ਲਾਏ ਗਏ।ਰਾਜ ਪੱਧਰੀ ਬੈਂਕਰਜ਼ ਕਮੇਟੀ ਪੰਜਾਬ ਵੱਲੋਂ ਐਲ ਡੀ ਐਮ ਜਲੰਧਰ ਐੱਮ ਐੱਸ ਮੋਤੀ ਨੂੰ ਇਸ ਪ੍ਰੋਗਰਾਮ ਦਾ ਜ਼ਿਲ੍ਹਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ ਅਤੇ ਵੱਖ-ਵੱਖ ਬੈਂਕਾਂ ਨੂੰ ਸ਼ਹਿਰ ਦੀ ਸਫ਼ਾਈ ਅਤੇ ਵਾਤਾਵਰਣ ਸੁਰੱਖਿਆ ਲਈ ਪ੍ਰੋਗਰਾਮ ਕਰਵਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।ਇਸੇ ਕੜੀ ਅਧੀਨ ਯੂਕੋ ਬੈਂਕ ਜ਼ੋਨਲ ਦਫ਼ਤਰ ਜਲੰਧਰ ਵੱਲੋਂ ਮਾਸਟਰ ਤਾਰਾ ਸਿੰਘ ਨਗਰ ਪਾਰਕ ਵਿੱਚ ਬੂਟੇ ਲਾਏ ਗਏ।ਜ਼ੋਨਲ ਦਫ਼ਤਰ ਦੇ ਸਟਾਫ਼ ਦੀ ਅਗਵਾਈ ਜ਼ੋਨਲ ਪ੍ਰਮੁੱਖ ਰਾਹੁਲ ਰੰਜਨ ਵੱਲੋਂ ਕੀਤੀ ਗਈ।